ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੭ ਕੱਤਕ-ਮੱਘਰ ਸੰਮਤ ਨਾਨਕਸ਼ਾਹੀ ੫੫੫ ਨਵੰਬਰ ੨੦੨੩ ਅੰਕ : ੮
Vol. : 67 November 2023 Issue : 8

ਘਰਿ ਘਰਿ ਬਾਬਾ ਗਾਵੀਐ
ਵਜਨਿ ਤਾਲ ਮ੍ਰਿਦੰਗੁ ਰਬਾਬਾ।





ਗੁਰਦੁਆਰਾ ਪ੍ਰਕਾਸ਼-ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ,
ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਕੱਤਕ-ਮੱਘਰ, ਸੰਮਤ ਨਾਨਕਸ਼ਾਹੀ ੫੫੫ ਨਵੰਬਰ 2023

ਜਿਲਦ ੬੭ (Vol. 67) ਅੰਕ ੮ (Issue 8)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਨਸਲਕੁਸ਼ੀ ਤੋਂ ਕਿਰਦਾਰਕੁਸ਼ੀ ਵੱਲ | -ਸਤਵਿੰਦਰ ਸਿੰਘ ਫੂਲਪੁਰ | ੮ |
| ਦੇਵਾਨ ਦੇਵ ਗੁਰੂ ਨਾਨਕ ਦੇਵ | -ਐਡ. ਗੁਰਚਰਨਜੀਤ ਸਿੰਘ ਲਾਂਬਾ | ੧੨ |
| ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਮਹਾਨ ਕਾਰਜ | -ਬੀਬੀ ਅੰਮ੍ਰਿਤ ਕੌਰ | ੧੯ |
| ਮਾਨਵਤਾ ਦੇ ਰਹਿਬਰ: ਸ੍ਰੀ ਗੁਰੂ ਨਾਨਕ ਦੇਵ ਜੀ | -ਡਾ. ਪਰਮਜੀਤ ਕੌਰ | ੨੩ |
| ਸਮੁੱਚੀ ਕਾਇਨਾਤ ਅਤੇ ਮਨੁੱਖਤਾ ਦੇ ਵਾਲੀ: ਸ੍ਰੀ ਗੁਰੂ ਨਾਨਕ ਦੇਵ ਜੀ | -ਡਾ. ਸਤਿੰਦਰਪਾਲ ਸਿੰਘ | ੩੪ |
| ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੇ ਕੁਝ ਹਵਾਲੇ | -ਸ. ਜਗਰਾਜ ਸਿੰਘ | ੩੮ |
| ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਧਰਮ ਪ੍ਰਚਾਰ ਕਮੇਟੀ ਦਾ ਯੋਗਦਾਨ | -ਸ. ਬਲਵਿੰਦਰ ਸਿੰਘ ਕਾਹਲਵਾਂ | ੪੨ |
| ਨਵੰਬਰ ੧੯੮੪ ਈ. ਦਾ ਦੁਖਾਂਤ | -ਡਾ. ਪਰਮਵੀਰ ਸਿੰਘ | ੪੮ |
| ਪ੍ਰਿੰ. ਤੇਜਾ ਸਿੰਘ: ਜੀਵਨ ਤੇ ਸ਼ਖ਼ਸੀਅਤ (ਭਾਗ-੨) | -ਡਾ. ਤੇਜਿੰਦਰ ਪਾਲ ਸਿੰਘ | ੫੫ |
| ਗੁਰਮਤਿ ਵਿਚਾਰਾਂ ਦਾ ਕੇਂਦਰ:ਗੁਰਦੁਆਰਾ ਮੰਜੀ ਸਾਹਿਬ... | -ਬਿਕਰਮਜੀਤ ਸਿੰਘ ਜੀਤ | ੬੨ |
| ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚੇ ਸਮੇਂ ਪੁਲਿਸ ਹਮਲੇ ਦੀ ਗਾਥਾ | -ਸ. ਹਰਵਿੰਦਰ ਸਿੰਘ ਖਾਲਸਾ | ੬੬ |
| ਅਨੰਦ ਸੰਸਕਾਰ ਦੀ ਉਲੰਘਣਾ ਹੈ ਸਮਲਿੰਗੀ ਅਨੰਦ ਕਾਰਜ | -ਸ. ਮਨਪ੍ਰੀਤ ਸਿੰਘ ਬਾਜ | ੭੪ |
| ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸੰਬੰਧੀ ਕੁਝ ਅਨਮੋਲ ਵੀਚਾਰ | -ਭਾਈ ਰੇਸ਼ਮ ਸਿੰਘ | ੮੪ |
| ਬੇਨਜ਼ੀਰ ਨਾਨਕ (ਕਵਿਤਾ) | -ਸ. ਮਾਨ ਸਿੰਘ 'ਲਾਂਬਾ' ਮਸਕੀਨ | ੮੭ |
| ਸ੍ਰੀ ਗੁਰੂ ਨਾਨਕ ਦੇਵ ਜੀ (ਕਵਿਤਾ) | -ਬੀਬੀ ਪਰਮਜੀਤ ਕੌਰ | ੮੮ |
| ਚੰਗੀਆਂ ਕਿਤਾਬਾਂ (ਕਵਿਤਾ) | -ਸ. ਹਰਪ੍ਰੀਤ ਸਿੰਘ ਪੱਤੋ | ੮੯ |
| ਉਸਤਤਿ ਕਰਿ ਕਰਿ ਜੀਵਾ (ਕਵਿਤਾ) | -ਡਾ. ਸਰਬਜੀਤ ਕੌਰ ਸੰਧਾਵਾਲੀਆ | ੯੦ |
| ਖ਼ਬਰਨਾਮਾ | | ੯੩ |

# ਗੁਰਬਾਣੀ ਵਿਚਾਰ

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਮੱਘਰ ਮਹੀਨੇ ਦੀ ਰੁੱਤ ਅਤੇ ਇਸ ਨਾਲ ਜੁੜੇ ਸੱਭਿਆਚਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਰੂਪੀ ਮੱਘਰ ਮਹੀਨਾ ਪ੍ਰਭੂ ਦੇ ਨਾਮ-ਸਿਮਰਨ ਅਤੇ ਸ਼ੁਭ ਅਮਲਾਂ ਦੁਆਰਾ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੱਘਰ ਮਹੀਨੇ ਦੀ ਠੰਡੀ ਮਿੱਠੀ ਬਹਾਰ ਵਿਚ ਉਹ ਜੀਵ-ਇਸਤਰੀਆਂ ਜੋ ਪਰਮੇਸਰ ਪਤੀ ਨਾਲ ਬੈਠੀਆਂ ਹਨ, ਉਹ ਸੋਭਦੀਆਂ ਹਨ। ਜਿਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਮ ਨਾਲ ਮੇਲ ਲਿਆ ਹੈ, ਉਨ੍ਹਾਂ ਦੀ ਸੋਭਾ ਕੀ ਕਹੀ ਜਾ ਸਕਦੀ ਹੈ? ਉਨ੍ਹਾਂ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਕੇ ਵਧਦਾ-ਫੁਲਦਾ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅਰੋਗ ਰਹਿੰਦੀਆਂ ਹਨ। ਗੁਰੂ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜੇ ਮਨੁੱਖਾਂ ਦੀ ਸੁਖਾਵੀਂ ਅਨੰਦਮਈ ਮਾਨਸਿਕ-ਆਤਮਿਕ ਅਵਸਥਾ ਦਰਸਾਉਣ ਮਗਰੋਂ ਉਸ ਦੇ ਸੱਚੇ ਨਾਮ ਨੂੰ ਭੁੱਲੇ ਹੋਏ ਮਨੁੱਖਾਂ ਦੀ ਦੁਖਦਾਇਕ ਹਾਲਤ ਦਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਚੰਗੀ ਸੰਗਤ ਤੋਂ ਬਾਹਰ ਜਾਂ ਦੂਰ ਰਹਿੰਦੀਆਂ ਹਨ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਭਾਵ ਉਨ੍ਹਾਂ ਨੂੰ ਇਹ ਮਨੁੱਖਾ ਜਨਮ ਪਾ ਕੇ ਵੀ ਪਿਆਰੇ ਪਰਮਾਤਮਾ ਦਾ ਮਿਲਾਪ ਹਾਸਲ ਨਹੀਂ ਹੁੰਦਾ। ਉਹ ਦੁਖ ਦੀ ਦਲਦਲ ਵਿਚ ਹੀ ਫਸੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕੋਈ ਨਾ ਕੋਈ ਦੁਖ ਲੱਗਾ ਹੀ ਰਹਿੰਦਾ ਹੈ। ਉਹ ਜਮਾਂ ਭਾਵ ਸਰੀਰਕ ਮੌਤ ਦੇ ਸਹਿਮ ਦੇ ਕਾਬੂ 'ਚ ਹੁੰਦੀਆਂ ਹਨ। ਸਤਿਗੁਰੂ ਜੀ ਫਿਰ ਦੁਬਾਰਾ ਸਹੀ ਜੀਵਨ-ਮਾਰਗ 'ਤੇ ਤੁਰੀਆਂ ਜੀਵ-ਇਸਤਰੀਆਂ ਦੀ ਚੰਗੀ ਅਵਸਥਾ ਦਾ ਵਰਣਨ ਕਰਦਿਆਂ ਕਥਨ ਕਰਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੇ ਮਾਲਕ ਨੂੰ ਚਿਤਵਿਆ ਹੈ ਉਹ ਸੁਚੇਤ ਖੜ੍ਹੀਆਂ ਦਿੱਸਦੀਆਂ ਹਨ। ਕਹਿਣ ਤੋਂ ਭਾਵ ਉਹ ਵਿਕਾਰਾਂ ਤੇ ਔਗੁਣਾਂ ਤੋਂ ਸਦਾ ਬਚ ਕੇ ਰਹਿੰਦੀਆਂ ਹਨ। ਉਨ੍ਹਾਂ ਦੇ ਹਿਰਦੇ ਰੂਪੀ ਗਲੇ 'ਚ ਸਮਝੋ ਰਤਨਾਂ, ਜਵਾਹਰਾਂ ਤੇ ਲਾਲਾਂ ਦੇ ਹਾਰ ਸੋਭਦੇ ਹਨ। ਸਤਿਗੁਰੂ ਜੀ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਹੇ ਨਾਨਕ! ਉਨ੍ਹਾਂ ਸਤਸੰਗੀਆਂ ਦੀ ਚਰਨ-ਧੂੜ ਦੀ ਲੋਚਾ ਕਰੀਏ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ। ਜੇਕਰ ਜੀਵਨ-ਰੂਪੀ ਮੱਘਰ ਮਹੀਨੇ 'ਚ ਮਾਲਕ ਨੂੰ ਯਾਦ ਕਰ ਲਿਆ ਤਾਂ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਮਾਲਕ ਨਾਲ ਪੂਰਨ ਮਿਲਾਪ ਹੋ ਜਾਵੇਗਾ! ■

ਸੰਪਾਦਕੀ...

# ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

*ਸਿੱਖਾਂ ਦੀਆਂ ਬੇਅੰਤ ਕੁਰਬਾਨੀਆਂ ਤੋਂ ਬਾਅਦ ੧੫ ਨਵੰਬਰ, ੧੯੨੦ ਈ. ਨੂੰ ਹੋਂਦ ਵਿਚ ਆਈ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 'ਨਾਨਕ ਨਿਰਮਲ ਪੰਥ' ਦੇ ਰੂਹਾਨੀ ਮਿਸ਼ਨ ਨੂੰ ਅੱਗੇ ਤੋਰਨ ਲਈ ਨਿਰੰਤਰ ਵਚਨਬੱਧ ਅਤੇ ਯਤਨਸ਼ੀਲ ਹੈ। ਇਹ ਗੁਰਮਤਿ ਸਿਧਾਂਤਾਂ ਅਤੇ ਸਿੱਖ ਹਿੱਤਾਂ ਦੀ ਪਹਿਰੇਦਾਰ ਹੈ।*

*ਗੁਰੂ ਸਾਹਿਬਾਨ ਦਾ ਰੂਹਾਨੀ ਮਿਸ਼ਨ ਦੇਸ਼ ਕੌਮ ਦੀਆਂ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣਾ ਸੀ, ਜਿਸ ਵਿਚ ਉਚ-ਨੀਚ, ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰ ਕੇ ਸਭ ਅੰਦਰ* ***ਨਾ ਕੋ ਬੈਰੀ ਨਹੀ ਬਿਗਾਨਾ*** *ਅਤੇ* ***ਏਕੁ ਪਿਤਾ ਏਕਸ ਕੇ ਹਮ ਬਾਰਿਕ*** *ਦਾ ਰੂਹਾਨੀ ਅਹਿਸਾਸ ਜਗਾਇਆ ਜਾ ਸਕੇ। ਇਸ ਰੂਹਾਨੀ ਮਿਸ਼ਨ ਦੇ ਰਾਹ ਵਿਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਦਿੱਤਾ। ਗੁਰੂ ਸਾਹਿਬਾਨ ਤੋਂ ਬਾਅਦ ਨਾਨਕ ਨਿਰਮਲ ਪੰਥ ਦੇ ਇਸ ਮਿਸ਼ਨ ਨੂੰ ਅੱਗੇ ਤੋਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਖਾਲਸਾ ਰਾਜ ਕਾਇਮ ਕੀਤਾ ਅਤੇ ਬੇਅੰਤ ਸਿੰਘਾਂ-ਸਿੰਘਣੀਆਂ ਸਮੇਤ ਸ਼ਹਾਦਤ ਪ੍ਰਾਪਤ ਕੀਤੀ। ਫਿਰ ਲੰਮਾ ਸਮਾਂ ਸਿੰਘਾਂ ਨੇ ਦਲ ਖਾਲਸਾ, ਬੁੱਢਾ ਦਲ, ਤਰੁਣਾ ਦਲ ਅਤੇ ਸਿੱਖ ਮਿਸਲਾਂ ਦੇ ਰੂਪ ਵਿਚ ਔਖੇ ਸਮੇਂ ਘੱਲੂਘਾਰਿਆਂ ਵਿਚ ਬੇਅੰਤ ਸ਼ਹੀਦੀਆਂ ਦੇ ਕੇ ਇਸ ਮਿਸ਼ਨ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬਾਨ ਦੇ ਆਸ਼ੇ ਵਾਲੇ ਸਰਬ-ਸਾਂਝੇ ਤੇ ਸਰਬ-ਕਲਿਆਣਕਾਰੀ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅੰਗਰੇਜ਼ ਰਾਜ ਸਮੇਂ ਜਦੋਂ ਮਹੰਤਾਂ ਦੁਆਰਾ ਗੁਰਦੁਆਰਾ ਸਾਹਿਬਾਨ ਦੀ ਬੇ-ਹੁਰਮਤੀ ਕੀਤੀ ਜਾਣ ਲੱਗੀ ਤਾਂ ਗੁਰਦੁਆਰਾ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਾ ਕੇ ਸੰਗਤੀ ਪ੍ਰਬੰਧ ਹੇਠ ਲਿਆਉਣ ਲਈ ਬੇਅੰਤ ਸ਼ਹੀਦੀਆਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ। ਇਸ ਸੰਸਾਰ ਅੰਦਰ ਸਭ ਤੋਂ ਪਵਿੱਤਰ ਜੇਕਰ ਕੋਈ ਸੰਸਥਾ ਹੈ ਤਾਂ ਉਹ ਸ਼੍ਰੋਮਣੀ ਗੁਰਦੁਆਰਾ*

ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੈ, ਜਿਸ ਦੀਆਂ ਨੀਂਹਾਂ ਨੂੰ ਬੇਅੰਤ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ, ਮਾਤਾਵਾਂ ਅਤੇ ਕੁੱਛੜ ਦੇ ਲਾਲਾਂ ਤਕ ਨੇ ਆਪਣੇ ਖ਼ੂਨ ਨਾਲ ਸਿੰਜਿਆ ਹੈ।

ਗੁਰੂ ਸਾਹਿਬਾਨ ਦੁਆਰਾ ਦਰਸਾਏ ਨਕਸ਼-ਏ-ਕਦਮਾਂ ਉੱਪਰ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ, ਸਿੱਖ ਰਹਿਤ ਮਰਯਾਦਾ, ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ, ਸਿੱਖ ਮਸਲਿਆਂ ਦੀ ਪੈਰਵੀ, ਵਿੱਦਿਆ ਦੇ ਪਸਾਰ ਅਤੇ ਮਨੁੱਖਤਾਵਾਦੀ ਪਰਉਪਕਾਰੀ ਕਾਰਜਾਂ ਲਈ ਨਿਰੰਤਰ ਕਾਰਜ ਕਰ ਰਹੀ ਹੈ। ਦੇਸ਼-ਵਿਦੇਸ਼ ਵਿਚ ਬੈਠੇ ਹਰੇਕ ਸੁਹਿਰਦ ਸਿੱਖ ਦੇ ਮਨ ਅੰਦਰ ਇਸ ਸੰਸਥਾ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਸੰਸਾਰ ਭਰ ਵਿਚ ਵੱਸਦੇ ਕਿਸੇ ਸਿੱਖ ਨੂੰ ਕੰਡਾ ਵੀ ਚੁਭੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਦੀ ਪੀੜ ਮਹਿਸੂਸ ਕਰਦੀ ਹੈ। ਦੁਨੀਆ ਭਰ ਵਿਚ ਵੱਸਦਾ ਹਰੇਕ ਸਿੱਖ ਕੌਮੀ ਪੱਧਰ 'ਤੇ ਪੈਦਾ ਹੁੰਦੀ ਕਿਸੇ ਵੀ ਮੁਸ਼ਕਿਲ ਦੀ ਘੜੀ ਵਿਚ ਆਪਣੀ ਪਿੱਠ ਪਿੱਛੇ ਇੱਕ ਵੱਡੇ ਪਰਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਲੋਤਾ ਮਹਿਸੂਸ ਕਰਦਾ ਹੈ। ਇਸ ਸੰਸਥਾ ਦੀ ਹੋਂਦ ਕਾਰਨ ਕੌਮੀ ਪੱਧਰ 'ਤੇ ਆਪਣੇ ਹਿੱਤਾਂ ਦੀ ਰਾਖੀ ਲਈ ਜੋ ਆਸਰਾ ਸਿੱਖਾਂ ਕੋਲ ਹੈ ਉਹ ਕਿਸੇ ਹੋਰ ਕੋਲ ਨਹੀਂ। ਇਸ ਲਈ ਹਰੇਕ ਸਿੱਖ ਨੂੰ ਇਸ ਸੰਸਥਾ ਉੱਪਰ ਮਾਣ ਹੈ।

ਹਜ਼ਾਰਾਂ ਹੀ ਸਿੱਖ ਪਰਵਾਰਾਂ ਦਾ ਰੁਜ਼ਗਾਰ ਇਸ ਸੰਸਥਾ ਰਾਹੀਂ ਚੱਲ ਰਿਹਾ ਹੈ। ਇਸ ਸੰਸਥਾ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਅਤੇ ਕਰਮਚਾਰੀ ਸ਼ਹੀਦ ਪਰਵਾਰਾਂ ਵਿੱਚੋਂ ਹਨ, ਬਹੁਤ ਸਾਰੇ ਧਰਮੀ ਫੌਜੀਆਂ ਦੇ ਪਰਵਾਰਾਂ ਵਿੱਚੋਂ ਹਨ। ਬਹੁਤ ਸਾਰੇ ਸ੍ਰੀ ਗੁਰੂ ਰਾਮਦਾਸ ਜੀ ਦੀ ਭੈ-ਭਾਵਨੀ ਵਿਚ ਰਹਿਣ ਵਾਲੇ ਨਾਮ-ਰਸੀਏ ਵੀ ਹਨ। ਇੰਨੇ ਵੱਡੇ ਪ੍ਰਬੰਧ ਵਿਚ ਕਿਤੇ ਕੋਈ ਅਣਗਹਿਲੀ ਹੋ ਜਾਣੀ ਸੁਭਾਵਿਕ ਹੈ। ਜੋ ਅਹੁਦੇਦਾਰ, ਕਰਮਚਾਰੀ ਅੱਜ ਹਨ, ਉਹ ਕੱਲ੍ਹ ਨੂੰ ਨਹੀਂ ਹੋਣਗੇ ਪਰ ਇਹ ਸੰਸਥਾ ਸਦੀਵੀ ਹੈ, ਪੰਥ ਦੀ ਅਮਾਨਤ ਹੈ, ਸਿੱਖਾਂ ਦੀ ਆਪਣੀ ਅਤੇ ਆਪਣੇ ਸਮਝਣ ਵਾਲੀ ਹੈ। ਹਰੇਕ ਸਿੱਖ ਨੂੰ ਇਹ ਦ੍ਰਿੜ੍ਹ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਇਹ ਮੇਰੀ ਆਪਣੀ ਸੰਸਥਾ ਹੈ। ਪੰਥਕ ਹਿੱਤਾਂ ਦੀ ਪਹਿਰੇਦਾਰ ਹੋਣ ਕਾਰਨ ਕੁਝ ਪੰਥ-ਵਿਰੋਧੀ ਤਾਕਤਾਂ ਸਿੱਖ ਮਨਾਂ ਵਿਚ ਇਸ ਸੰਸਥਾ ਪ੍ਰਤੀ ਸਤਿਕਾਰ ਅਤੇ ਵਿਸ਼ਵਾਸ ਘਟਾਉਣ ਦੇ ਆਹਰ ਵਿਚ ਵੀ ਲੱਗੀਆਂ ਹੋਈਆਂ ਹਨ। ਕੁਝ ਭੋਲੇ ਸਿੱਖ ਇਨ੍ਹਾਂ ਦੀਆਂ ਚਾਲਾਂ ਵਿਚ ਆ ਕੇ ਆਪਣੀ ਹੀ ਪੰਥਕ ਸੰਸਥਾ ਉੱਪਰ ਸ਼ੱਕ ਪ੍ਰਗਟ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਹਰੇਕ ਗੁਰਸਿੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਸ਼ਕਤੀ ਦਾ ਆਧਾਰ ਹੈ, ਇਹ ਸਿੱਖਾਂ ਦੀ ਵਿਧਾਨਿਕ ਤਾਕਤ ਹੈ, ਸਿੱਖਾਂ ਅੰਦਰ ਇਸ ਪ੍ਰਤੀ ਬੇ-ਭਰੋਸਗੀ ਪੰਥਕ ਹਿੱਤ ਵਿਚ ਨਹੀਂ। ਭਰੋਸਾ ਬਣੇ ਰਹਿਣ ਲਈ ਦੋ-ਤਰਫ਼ਾ ਸੁਹਿਰਦਤਾ ਦੀ ਲੋੜ ਹੈ।

ਸੰਪਾਦਕੀ ਲੇਖ...

# ਨਸਲਕੁਸ਼ੀ ਤੋਂ ਕਿਰਦਾਰਕੁਸ਼ੀ ਵੱਲ

*-ਸਤਵਿੰਦਰ ਸਿੰਘ ਫੂਲਪੁਰ**

ਕਿਸੇ ਕੌਮੀ, ਨਸਲੀ, ਜਾਤੀ ਜਾਂ ਧਾਰਮਿਕ ਸਮੂਹ ਨੂੰ ਪੂਰਨ ਰੂਪ ਵਿਚ ਜਾਂ ਅੰਸ਼ਿਕ ਰੂਪ ਵਿਚ ਤਬਾਹ ਕਰਨ ਦੀ ਮਨਸ਼ਾ ਨਾਲ ਕੀਤੀ ਗਈ ਕਾਰਵਾਈ ਜਿਵੇਂ ਕੇ ਉਸ ਸਮੂਹ ਦੇ ਜੀਆਂ ਨੂੰ ਮਾਰਨਾ, ਸਰੀਰਕ ਜਾਂ ਮਾਨਸਿਕ ਦੁੱਖ ਦੇਣਾ, ਤਬਾਹੀ ਦੇ ਇਰਾਦੇ ਨਾਲ ਜਾਣ-ਬੁੱਝ ਕੇ ਉਸ ਸਮੂਹ ਉੱਤੇ ਜੀਉਣ ਦੀਆਂ ਸ਼ਰਤਾਂ ਥੋਪਣੀਆਂ ਆਦਿ ਨਸਲਕੁਸ਼ੀ ਅਖਵਾਉਂਦੀ ਹੈ। ਅਜ਼ਾਦ ਭਾਰਤ ਅੰਦਰ ਨਵੰਬਰ ੧੯੮੪ ਵਿਚ ਤਤਕਾਲੀ ਸਰਕਾਰ ਦੁਆਰਾ ਦਿੱਲੀ ਅਤੇ ਹੋਰਨਾਂ ਬਹੁਤ ਸਾਰੇ ਵੱਡੇ ਸ਼ਹਿਰਾਂ ਵਿਚ ਸਰਕਾਰੀ-ਤੰਤਰ ਦੀ ਮਦਦ ਨਾਲ ਸਿੱਖਾਂ ਦੇ ਗਲ਼ਾਂ ਵਿਚ ਟਾਇਰ ਪਾ ਕੇ ਸਾੜਨਾ, ਬੱਸਾਂ, ਰੇਲਾਂ ਵਿੱਚੋਂ ਕੱਢ-ਕੱਢ ਕੇ ਮਿੱਟੀ ਦਾ ਤੇਲ ਅਤੇ ਪੈਟਰੋਲ ਪਾ-ਪਾ ਕੇ ਸਿੱਖਾਂ ਨੂੰ ਸਾੜਨਾ, ਸਿੱਖਾਂ ਦੇ ਘਰਾਂ ਵਿੱਚੋਂ ਸਾਮਾਨ ਲੁੱਟ ਕੇ ਉਨ੍ਹਾਂ ਦੇ ਘਰਾਂ ਅਤੇ ਗੁਰਦੁਆਰਾ ਸਾਹਿਬਾਨ ਨੂੰ ਅੱਗਾਂ ਲਾਉਣੀਆਂ। ਸਰਕਾਰ ਦੁਆਰਾ ਸਿੱਖਾਂ ਦੇ ਕਾਤਲਾਂ ਨੂੰ ਰਾਸ਼ਨ ਕਾਰਡ ਅਤੇ ਵੋਟਰ ਸੂਚੀਆਂ ਵਿੱਚੋਂ ਸਿੱਖਾਂ ਦੇ ਘਰਾਂ ਦੀਆਂ ਪਤਾ ਸੂਚੀਆਂ ਮੁਹੱਈਆ ਕਰਵਾਉਣੀਆਂ, ਪੁਲਿਸ ਦੁਆਰਾ ਸਿੱਖਾਂ ਕੋਲੋਂ ਹਥਿਆਰ ਲੈ ਕੇ ਨਿਹੱਥੇ ਸਿੱਖਾਂ ਦੀ ਕਤਲ-ਓ-ਗਾਰਤ ਕਰਨ ਲਈ ਭੀੜਾਂ ਭੇਜਣੀਆਂ ਇਹ ਸਭ ਦੇਸ਼ ਅੰਦਰ ਸਿੱਖਾਂ ਦੀ ਨਸਲਕੁਸ਼ੀ ਦੀ ਮਨਸ਼ਾ ਨਾਲ ਕੀਤੀ ਗਈ ਕਾਰਵਾਈ ਸੀ। ਇਹ ਦੇਸ਼ ਦੇ ਮੱਥੇ ਉੱਤੇ ਕਦੇ ਨਾ ਮਿਟਣ ਵਾਲਾ ਕਲੰਕ ਹੈ। ਇਹ ਦੁਨੀਆ ਦੇ ਇਤਿਹਾਸ ਵਿਚ ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੀ ਅਕ੍ਰਿਤਘਣਤਾ ਦੀ ਸਿਖਰ ਸੀ। ਇਹ ਉਨ੍ਹਾਂ ਸਿੱਖਾਂ ਪ੍ਰਤੀ ਦੇਸ਼ ਦੀ ਨਫਰਤ ਦਾ ਮਹਾਂ-ਤਾਂਡਵ ਸੀ ਜਿਨ੍ਹਾਂ ਨੇ ਆਪਣੀ ਦੋ ਫੀਸਦੀ ਅਬਾਦੀ ਹੋਣ ਦੇ ਬਾਵਜੂਦ ਨੱਬੇ ਫੀਸਦੀ ਕੁਰਬਾਨੀਆਂ/ਸ਼ਹੀਦੀਆਂ ਦੇ ਕੇ ਇਸ ਮੁਲਕ ਨੂੰ ਅਜ਼ਾਦ ਕਰਵਾਇਆ ਸੀ।

ਮੌਜੂਦਾ ਦੌਰ ਵਿਚ ਸਿੱਖ ਕੌਮ ਦੇ ਵਿਰੋਧ ਵਿਚ ਭੁਗਤਣ ਵਾਲੀਆਂ ਤਾਕਤਾਂ ਬਹੁਤ ਸ਼ਾਤਰ ਹਨ। ਇਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਮੁਗ਼ਲ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਪੂਰਾ ਜੋਰ ਲਾ ਕੇ ਹੰਭ ਗਈ, ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਪਰ ਸਿੱਖ ਕੌਮ ਨੂੰ ਖਤਮ ਨਾ ਕੀਤਾ ਜਾ ਸਕਿਆ। ਇਨ੍ਹਾਂ ਪੰਥ-ਵਿਰੋਧੀ ਤਾਕਤਾਂ ਨੂੰ ਇਹ ਵੀ ਪਤਾ ਹੈ ਕਿ ਸਿੱਖ ਬੜੀ ਬਹਾਦਰ ਅਤੇ ਅਣਖੀ ਕੌਮ ਹੈ। ਇਨ੍ਹਾਂ ਦੀ ਮਿਹਨਤ ਅਤੇ ਇਮਾਨਦਾਰੀ ਦੀ ਪੂਰੀ ਦੁਨੀਆ ਕਾਇਲ ਹੈ। ਵਿਦੇਸ਼ਾਂ ਅੰਦਰ

---

**ਸੰਪਾਦਕ ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ : ੯੯੧੪੪-੧੯੪੮੪*

ਇਨ੍ਹਾਂ ਨੂੰ ਬੜੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਅਸੀਂ ਇਨ੍ਹਾਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਿਚ ਤਾਂ ਕਾਮਯਾਬ ਨਹੀਂ ਹੋ ਸਕੇ ਤੇ ਨਾ ਹੀ ਹੋ ਸਕਦੇ ਹਾਂ, ਫਿਰ ਕਿਉਂ ਨਾ ਆਪਣੇ ਸਰਕਾਰੀ ਗ਼ੈਰ-ਸਰਕਾਰੀ ਸਾਧਨਾਂ ਦੀ ਵਰਤੋਂ ਕਰ ਕੇ ਇਨ੍ਹਾਂ ਦੀ ਕਿਰਦਾਰਕੁਸ਼ੀ ਦਾ ਮਿਸ਼ਨ ਅਰੰਭ ਕੀਤਾ ਜਾਵੇ। ਇਸ ਮਕਸਦ ਲਈ ਪੂਰੇ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਲਈ ਅਪਣਾਏ ਗਏ ਬਹੁਤ ਸਾਰੇ ਸਾਧਨਾਂ ਵਿੱਚੋਂ ਦੋ ਵੱਡੇ ਸਾਧਨਾਂ-ਭਾਰਤੀ ਮੀਡੀਆ ਅਤੇ ਫ਼ਿਲਮ ਉਦਯੋਗ ਨੂੰ ਸਿੱਖਾਂ ਨੂੰ ਬਦਨਾਮ ਕਰਨ ਦੀ ਪੂਰੀ ਖੁੱਲ੍ਹ ਦੇ ਦਿੱਤੀ ਗਈ ਹੈ। ਵੈਸੇ ਤਾਂ ਸਿੱਖਾਂ ਦੀ ਕਿਰਦਾਰਕੁਸ਼ੀ ਵਿਚ ਸੰਨ ੨੦੧੪ ਤੋਂ ਬਾਅਦ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ, ਪਰ ਕਿਸਾਨ ਮੋਰਚੇ ਸਮੇਂ ਸਿੱਖਾਂ ਦਾ ਬਹਾਦਰੀ, ਨਿਡਰਤਾ, ਮਨੁੱਖਤਾਵਾਦੀ ਸੇਵਾ ਭਾਵਨਾ ਵਾਲਾ ਜੋ ਉੱਚਾ-ਸੁੱਚਾ, ਕਿਰਦਾਰ ਸਾਰੀ ਦੁਨੀਆ ਨੇ ਵੇਖਿਆ ਹੈ ਉਸ ਨੇ ਤਾਂ ਪੰਥ-ਵਿਰੋਧੀਆਂ ਅੰਦਰ ਬੁਖਲਾਹਟ ਪੈਦਾ ਕਰ ਦਿੱਤੀ ਹੈ। ਕਿਸਾਨੀ ਮੋਰਚੇ ਦੀ ਫਤਹ ਤੋਂ ਬਾਅਦ ਭਾਰਤੀ ਮੀਡੀਆ ਅਤੇ ਭਾਰਤੀ ਫਿਲਮਾਂ ਵਿਚ ਸਿੱਖਾਂ ਦੇ ਕਿਰਦਾਰ ਨੂੰ ਨਿਗੂਣਾ ਪੇਸ਼ ਕਰਨ ਦੇ ਯਤਨਾਂ ਵਿਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ। ਗੱਲ ਜੇਕਰ ਭਾਰਤੀ ਮੀਡੀਏ ਦੀ ਕਰੀਏ ਤਾਂ ਇਹ ਪੱਬਾਂ ਭਾਰ ਹੋ ਕੇ ਸਿੱਖਾਂ ਨੂੰ ਖ਼ਾਲਿਸਤਾਨੀ, ਅੱਤਵਾਦੀ ਆਖ ਕੇ ਪੂਰਾ ਜ਼ਹਿਰ ਉਗਲ ਰਿਹਾ ਹੈ।

ਪਿਛਲੇ ਦਿਨੀਂ ਕੈਨੇਡਾ ਵਿਚ ਸ. ਹਰਦੀਪ ਸਿੰਘ ਨਿੱਝਰ ਦੇ ਕੀਤੇ ਗਏ ਕਤਲ ਤੋਂ ਬਾਅਦ ਵਾਪਰੇ ਰਾਜਨੀਤਿਕ ਘਟਨਾ ਕਰਮ ਤੋਂ ਪਿੱਛੋਂ ਤਾਂ ਭਾਰਤੀ ਮੀਡੀਆ ਨੇ ਸਿੱਖਾਂ ਨੂੰ ਬਦਨਾਮ ਕਰਨ ਵਾਲੀਆਂ ਸਾਰੀਆਂ ਹੱਦ-ਬੰਦੀਆਂ ਪਾਰ ਕਰ ਦਿੱਤੀਆਂ। ਲੱਗਭਗ ਸਾਰੇ ਭਾਰਤੀ ਮੀਡੀਆ ਨੇ ਸਿੱਖਾਂ ਖ਼ਿਲਾਫ ਪੂਰਾ ਜ਼ਹਿਰ ਉਗਲਿਆ। ਇਕ ਭਾਰਤੀ ਅੰਗਰੇਜ਼ੀ ਖ਼ਬਰ ਚੈਨਲ ਸਿੱਖ-ਵਿਰੋਧੀ ਇਕਤਰਫ਼ਾ ਸੋਚ ਵਾਲੇ ਤਿੰਨ ਚਾਰ ਭਾਗੀਦਾਰ ਬਿਠਾ ਕੇ ਬਹਿਸ ਕਰਵਾ ਰਿਹਾ ਸੀ, ਚੈਨਲ ਉੱਪਰ ਇਕ ਪਾਸੇ ਲਗਾਤਾਰ ਦਸਤਾਰਧਾਰੀ ਸਿੱਖਾਂ ਦੀਆਂ ਵੀਡੀਓ ਵਿਖਾਈਆਂ ਜਾ ਰਹੀਆਂ ਸਨ। ਉਹ ਸਾਰੇ ਬਾਰ-ਬਾਰ ਜੋ ਸ਼ਬਦ ਵਰਤ ਰਹੇ ਸਨ ਉਹ ਸ਼ਬਦ ਸਨ— ਕਰਿਮੀਨਲ ਗੈਂਗਸ, ਸਟਰੀਟ ਵਾਇਲੈਂਸ, ਗੈਂਗ ਵਾਇਲੈਂਸ ਇਨਵੋਲਵਡ ਦੋਜ਼ ਆਰ। ਕਮਿਉਨਿਟੀ ਆਫ ਗੈਂਗਸਟਰਜ਼, ਮਾਫੀਆ ਲਾਈਕ ਓਪਰੇਸ਼ਨ, ਨੋਟੋਰੀਅਸ ਐਕਟੀਵਿਟੀ, ਕੈਨੇਡਾ ਸੇਫ ਹੈਵਨ ਫਾਰ ਗੈਂਗਸਟਰ। ਇਨਾਂ ਸ਼ਬਦਾਂ ਦਾ ਪ੍ਰਯੋਗ ਕਰਦਿਆਂ ਬਾਰ-ਬਾਰ ਟੀ.ਵੀ. ਚੈਨਲ ਉੱਪਰ ਸਿੱਖ ਚਿਹਰੇ ਵਿਖਾਏ ਜਾ ਰਹੇ ਸਨ। ਇਨ੍ਹਾਂ ਖ਼ਬਰ ਚੈਨਲਾਂ ਵਾਲਿਆਂ ਦੀ ਮਨੋਬਿਰਤੀ ਲੋਕਾਂ ਨੂੰ ਇਹ ਦੱਸਣ ਦੀ ਸੀ ਕਿ ਸਿੱਖ ਅਪਰਾਧੀ ਗ੍ਰੋਹ ਹਨ, ਇਹ ਸੜਕਾਂ ਉੱਪਰ ਹਿੰਸਾ ਕਰਦੇ ਹਨ, ਇਹ ਲੋਕ ਅਪਰਾਧਿਕ ਗਤੀਵੀਧੀਆਂ ਵਿਚ ਸ਼ਾਮਲ ਹਨ, ਸਿੱਖ ਅਪਰਾਧੀ ਭਾਈਚਾਰਾ ਹੈ, ਇਹ ਮਾਫੀਆ ਵਾਂਗ ਕਾਰਵਾਈ ਕਰਦੇ ਹਨ, ਇਹ ਬਦਨਾਮ ਗਤੀਵੀਧੀਆਂ ਵਿਚ ਸ਼ਾਮਲ ਹਨ, ਕੈਨੇਡਾ (ਸਿੱਖ) ਗੈਗਸਟਰਾਂ ਲਈ ਸੁਰੱਖਿਅਤ ਪਨਾਹਗਾਹ ਹੈ ਆਦਿ।

ਇਹ ਸਾਰਾ ਵਰਤਾਰਾ ਸਿੱਖ ਮਾਨਸਿਕਤਾ ਨੂੰ ਪੀੜ੍ਹਾ ਪਹੁੰਚਾਉਣ ਵਾਲਾ ਸੀ। ਅਜਿਹਾ ਵਰਤਾਰਾ ਲੱਗਭਗ ਸਾਰੇ ਭਾਰਤੀ ਬਿਜਲਈ ਮੀਡੀਆ ਉੱਪਰ ਲਗਾਤਾਰ ਵਰਤ ਰਿਹਾ ਸੀ। ਇਹ ਸਭ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਲਈ ਸਟੇਟ ਦੀ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸੀ।

ਯੂ.ਐਨ.ਓ. ਦੇ ਚਾਰਟਰ ਅਨੁਸਾਰ ਹਰੇਕ ਕੌਮ ਨੂੰ ਆਪਣਾ ਦੇਸ਼ ਮੰਗਣ ਦਾ ਅਧਿਕਾਰ ਹੈ (…Right to Freely choose their sovereignty And International political status with no interference) ਇਸ ਅਨੁਸਾਰ ਕਿਸੇ ਧਰਮ, ਕੌਮ, ਜਾਤੀ ਨੂੰ ਵੱਖਰੇ ਦੇਸ਼ ਦੀ ਮੰਗ ਕਰਨ 'ਤੇ ਅੱਤਵਾਦੀ ਆਖਣਾ ਸਰਾਸਰ ਗ਼ਲਤ ਹੈ, ਕਿਉਂਕਿ ਇਹ ਕਿਸੇ ਧਰਮ-ਕੌਮ ਜਾਤੀ ਦਾ ਅਧਿਕਾਰ ਹੈ। ਪਰ ਦੇਸ਼ ਅੰਦਰ ਇਨ੍ਹਾਂ ਦੀਆਂ ਅੱਤਵਾਦੀ, ਸਤਵਾਦੀ ਦੀਆਂ ਆਪਣੀਆਂ ਪਰਿਭਾਸ਼ਾਵਾਂ ਹਨ। ਇਹ ਜਿਸ ਨੂੰ ਚਾਹੁਣ ਅੱਤਵਾਦੀ ਦਾ ਫਤਵਾ ਜਾਰੀ ਕਰ ਸਕਦੇ ਹਨ। ਜੇਕਰ ਆਪਣੀ ਹੱਕੀ ਮੰਗ ਉਠਾਉਂਦਿਆਂ ਕਿਸੇ ਵੱਖਰੇ ਮੁਲਕ ਦੀ ਮੰਗ ਕਰਨਾ ਅੱਤਵਾਦ ਹੈ ਤਾਂ ਕਿਸੇ ਬਹੁ-ਧਰਮੀ, ਬਹੁ-ਸਭਿਆਚਾਰੀ ਦੇਸ਼ ਅੰਦਰ ਕਿਸੇ ਇਕ ਧਰਮ ਦੇ ਨਾਮ 'ਤੇ ਰਾਸ਼ਟਰ ਦੀ ਮੰਗ ਕਰਨ ਵਾਲੇ ਵੀ ਅੱਤਵਾਦੀ ਹਨ। ਇੱਥੇ ਇਕ ਤਬਕਾ ਬੇ-ਕਸੂਰ ਲੋਕਾਂ ਦੇ ਗ਼ਲਾਂ ਵਿਚ ਟਾਇਰ ਪਾ ਕੇ ਸਾੜੇ, ਦੇਸ਼ ਦੀ ਜਾਇਦਾਦ ਰੇਲਾਂ-ਬੱਸਾਂ ਸਾੜ ਦੇਵੇ, ਸ਼ਹਿਰਾਂ ਦੇ ਸ਼ਹਿਰ (ਮਨੀਪੁਰ ਵਾਂਗ) ਅੱਗਾਂ ਲਾ ਕੇ ਸਾੜ ਦੇਵੇ, ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਰੋਲ ਦੇਵੇ ਉਹ ਤਾਂ ਵੀ ਸਤਿਵਾਦੀ ਹੀ ਰਹਿੰਦੇ ਹਨ। ਦੂਜੇ ਪਾਸੇ ਜਿਨ੍ਹਾਂ ਨੇ ਦੇਸ਼ ਦੀ ਖਾਤਰ ਅਥਾਹ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਇਸ ਮੁਲਕ ਵਿਚ ਅੱਤਵਾਦੀ, ਵੱਖਵਾਦੀ ਗਰਦਾਨਿਆ ਜਾਂਦਾ ਹੈ।

ਗੱਲ ਜੇਕਰ ਭਾਰਤੀ ਫਿਲਮ ਉਦਯੋਗ ਦੀ ਕਰੀਏ ਤਾਂ ਲੰਮੇ ਅਰਸੇ ਤੋਂ ਭਾਰਤੀ ਫਿਲਮਾਂ ਵਿਚ ਸਿੱਖਾਂ ਨੂੰ ਮਜ਼ਾਕ ਦੇ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ ਜਿਸ ਦਾ ਸਮੇਂ ਸਮੇਂ ਵਿਰੋਧ ਵੀ ਹੁੰਦਾ ਰਿਹਾ ਹੈ। ਇਕ ਸਰਵੇਖਣ ਅਨੁਸਾਰ ਪਿਛਲੇ ਕੋਈ ਅੱਠ-ਨੌਂ ਸਾਲਾਂ ਤੋਂ ਅਤੇ ਖਾਸਕਰ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬਾਅਦ ਬਾਲੀਵੁਡ ਅਤੇ ਕੋਲੀਵੁਡ (ਤਮਿਲ ਦੀਆਂ ਫਿਲਮਾਂ) ਵਿਚ ਸਿੱਖ ਕਿਰਦਾਰਕੁਸ਼ੀ ਦਾ ਰੁਝਾਨ ਵਧਿਆ ਹੈ। ਇਨ੍ਹਾ ਫਿਲਮਾਂ ਰਾਹੀਂ ਸਿੱਖੀ ਕਿਰਦਾਰ ਦੀਆਂ ਖੂਬੀਆਂ ਨੂੰ ਚੁਣ ਕੇ ਧੁੰਦਲਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੱਥ ਨੂੰ ਜੱਗ ਜਾਣਦਾ ਹੈ ਕਿ ਭਾਰਤੀ ਫੌਜ ਵਿਚ ਸਿੱਖਾਂ ਨੇ ਬੇ-ਮਿਸਾਲ ਬਹਾਦਰੀ ਵਿਖਾਈ ਹੈ। ੧੯੬੧, ੧੯੬੫ ਅਤੇ ੧੯੭੧ ਈ. ਦੀ ਲੜਾਈ ਵਿਚ ਮੂਹਰੇ ਹੋ ਕੇ ਸਿੱਖ ਫੌਜੀਆਂ/ਜਰਨੈਲਾਂ ਨੇ ਦੇਸ਼ ਦੀ ਆਬਰੂ ਨੂੰ ਬਚਾਇਆ ਹੈ। ਪਾਕਿਸਤਾਨ ਦੀ ਫੌਜ ਨੇ ਵੀ ਇਕ ਸਿੱਖ ਜਰਨੈਲ ਦੇ ਅੱਗੇ ਗੋਡੇ ਟੇਕੇ ਸਨ। ਸਿੱਖ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਬਣਾਈਆਂ ਜਾ ਰਹੀਆਂ ਭਾਰਤੀ ਫ਼ਿਲਮਾਂ ਵਿੱਚੋਂ ਇਕ ਫ਼ਿਲਮ ਵਿਚ ਇਕ ਦ੍ਰਿਸ਼ ਵਿਖਾਇਆ ਗਿਆ ਕਿ ਇਕ ਸਿੱਖ ਫੌਜੀ ਦਾ ਪੈਰ

ਮਾਈਨ (ਬਾਰੂਦ) ਉੱਪਰ ਰੱਖਿਆ ਜਾਂਦਾ ਹੈ। ਪੈਰ ਥੱਲੇ ਮਾਈਨ ਵੇਖ ਕੇ ਸਿੱਖ ਫੌਜੀ ਨੂੰ ਪਿਸ਼ਾਬ ਆ ਜਾਂਦਾ ਹੈ, ਕਿਸੇ ਕਾਰਨ ਉਹ ਹੱਥ ਦੀ ਵਰਤੋਂ ਨਹੀਂ ਕਰ ਸਕਦਾ ਅਤੇ ਪਿਸ਼ਾਬ ਪੈਂਟ ਵਿਚ ਹੀ ਕਰ ਦਿੰਦਾ ਹੈ। ਅਜਿਹੇ ਦ੍ਰਿਸ਼ ਵੇਖ ਕੇ ਜਦੋਂ ਸਿਨੇਮਾ ਹਾਲ ਵਿਚ ਤਾੜੀਆਂ ਦੀ ਗੂੰਜ ਪੈਂਦੀ ਹੈ ਤਾਂ ਸਚਾਈ ਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਸਵਾਲ ਖੜਾ ਹੁੰਦਾ ਹੈ ਕਿ ਅਜਿਹੇ ਦ੍ਰਿਸ਼ ਫਿਲਮਾਉਣ ਲਈ ਸਿੱਖ ਕਿਰਦਾਰ ਦੀ ਹੀ ਚੋਣ ਕਿਉਂ? ਕਿਸ ਦੇ ਕਹਿਣ ਤੇ?

ਪਹਿਲਾਂ ਸ਼ਾਇਦ ਤਾਮਿਲ ਫਿਲਮਾਂ ਇਸ ਨਫਰਤੀ ਵਰਤਾਰੇ ਤੋਂ ਅਛੂਤੀਆਂ ਰਹੀਆਂ ਹੋਣ ਪਰ ਪਿਛਲੇ ਕੁਝ ਸਾਲਾਂ ਤੋਂ ਤਮਿਲ ਫਿਲਮਾਂ ਵਿਚ ਵੀ ਲਗਾਤਾਰ ਸਿੱਖ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਸਿੱਖਾਂ ਨੂੰ ਡਰਪੋਕ ਅਤੇ ਗੱਦਾਰ ਦੇ ਕਿਰਦਾਰ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਸਿੱਖਾਂ ਨੇ ਸਾਡੇ ਬਹੁਤ ਸਾਰੇ ਇਤਿਹਾਸਿਕ ਪਾਤਰਾਂ ਵਾਂਗ ਕਦੇ ਦੇਸ਼ ਨਾਲ ਗੱਦਾਰੀ ਨਹੀਂ ਕੀਤੀ, ਪਰ ਅਸੀਂ ਕਿਉਂ ਨਾ ਫਿਲਮਾਂ ਰਾਹੀਂ ਸਿੱਖ ਚਿਹਰਿਆਂ ਉੱਪਰ ਗੱਦਾਰ ਹੋਣ ਦਾ ਧੱਬਾ ਲਾ ਦੇਈਏ। ਉਦਾਹਰਨ ਵਜੋਂ ਇਨ੍ਹਾਂ ਦੀ ਫਿਲਮ ਇੰਡਸਟਰੀ ਵੱਲੋਂ ਬਣਵਾਈ ਇਕ ਫਿਲਮ ਵਿਚ ਚਾਰ-ਪੰਜ ਐਨ.ਆਈ.ਏ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਦੇ ਅਫ਼ਸਰ (ਕਲਾਕਾਰ) ਕਿਸੇ ਅੱਤਵਾਦੀ ਗਰੁੱਪ ਵਿਰੁੱਧ ਐਕਸ਼ਨ ਕਰਦੇ ਹਨ, ਜਿਸ ਵਿਚ ਇਕ ਐਨ.ਆਈ.ਏ. ਦਾ ਪਗੜੀਧਾਰੀ ਸਿੱਖ ਅਫ਼ਸਰ ਵੀ ਹੈ। ਉਹ ਸਿੱਖ ਅਫ਼ਸਰ ਆਪਣੀ ਟੀਮ ਨਾਲ ਗੱਦਾਰੀ ਕਰ ਕੇ ਅੱਤਵਾਦੀਆਂ ਦਾ ਸਾਥ ਦਿੰਦਾ ਵਿਖਾਇਆ ਗਿਆ ਹੈ। ਇਕ ਹੋਰ ਫਿਲਮ ਵਿਚ ਇਕ ਜੱਜ ਦੇ ਸੁਰੱਖਿਆ ਦਸਤੇ ਵਿਚ ਇਕ ਸਿੱਖ ਅਫਸਰ ਹੈ ਜੋ ਅੱਤਵਾਦੀਆਂ ਨਾਲ ਮਿਲ ਕੇ ਜੱਜ ਨੂੰ ਮਾਰਨ ਦੀ ਯੋਜਨਾ ਵਿਚ ਸ਼ਾਮਿਲ ਹੁੰਦਾ ਹੈ। ਫਿਰ ਸਵਾਲ ਖੜਾ ਹੁੰਦਾ ਹੈ ਕਿ ਅਜਿਹੇ ਦ੍ਰਿਸ਼ ਫਿਲਮਾਉਣ ਲਈ ਸਿੱਖ ਚਿਹਰੇ ਹੀ ਕਿਉਂ? ਕਿਸ ਦੇ ਕਹਿਣ ਤੇ? ਇਹ ਤਾਂ ਕੇਵਲ ਇਕ ਦੋ ਉਦਾਹਰਨਾਂ ਹਨ। ਅਜਿਹੇ ਹੋਰ ਬਹੁਤ ਸਾਰੇ ਦ੍ਰਿਸ਼ ਭਾਰਤੀ ਫਿਲਮਾਂ ਵਿਚ ਸਿੱਖਾਂ ਦੀ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਫਿਲਮਾਏ ਜਾ ਰਹੇ ਹਨ, ਜੋ ਕਿ ਸਿੱਖ ਕੌਮ ਲਈ ਬੜ੍ਹਾ ਗੰਭੀਰ ਮਸਲਾ ਹੈ। ਇਹ ਕੋਈ ਸੁਭਾਵਕ ਵਰਤਾਰਾ ਨਹੀਂ, ਇਹ ਸਿੱਖ ਪੰਥ ਲਈ ਵੰਗਾਰ ਹੈ। ਫ਼ਿਲਮਾਂ ਨੂੰ ਦੇਸ਼ ਅੰਦਰ ਕਰੋੜਾਂ ਲੋਕੀਂ ਵੇਖਦੇ ਹਨ। ਇਸ ਲਈ ਭਾਰਤ ਅੰਦਰ ਯੋਜਨਾ-ਬੱਧ ਢੰਗ ਦੇ ਨਾਲ ਸਿੱਖਾਂ ਦੀ ਕਿਰਦਾਰਕੁਸ਼ੀ ਲਈ ਭਾਰਤੀ ਫ਼ਿਲਮਾਂ ਦਾ ਸਹਾਰਾ ਲੈਣਾ ਬਹੁਤ ਮਾੜੀ ਗੱਲ ਹੈ। ਭਾਰਤੀ ਮੀਡੀਆ ਅਤੇ ਭਾਰਤੀ ਫਿਲਮਾਂ ਰਾਹੀਂ ਹੋ ਰਹੀ ਸਿੱਖਾਂ ਦੀ ਕਿਰਦਾਰਕੁਸ਼ੀ ਨੂੰ ਰੋਕਣ ਲਈ ਸਿੱਖ ਸੰਸਥਾਵਾਂ, ਸਿੱਖ ਬੁੱਧੀਜੀਵੀਆਂ, ਸਿੱਖ ਕਾਨੂੰਨਦਾਨਾਂ ਨੂੰ ਮਿਲ ਕੇ ਸਖਤ ਫੈਸਲੇ ਲੈਣ ਦੀ ਲੋੜ ਹੈ। ਬਾਲੀਵੁਡ, ਕੋਲੀਵੁਡ ਆਦਿ ਫਿਲਮਾਂ ਦੇ ਸੈਂਸਰ ਬੋਰਡ ਵਿਚ ਸਿੱਖ ਬੁੱਧੀਜੀਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਤਾਂ ਜੋ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਅਜਿਹੀਆਂ ਘਿਣਾਉਣੀਆਂ ਹਰਕਤਾਂ ਨੂੰ ਠੱਲ੍ਹ ਪਾਈ ਜਾ ਸਕੇ।

# ਦੇਵਾਨ ਦੇਵ ਗੁਰੂ ਨਾਨਕ ਦੇਵ

*-ਐਡ. ਗੁਰਚਰਨਜੀਤ ਸਿੰਘ ਲਾਂਬਾ**

*ਕਰ ਜੋਰੂੰ ਪਰਣਾਮ ਕਰ ਧਰੋ ਚਰਨ ਪਰ ਸੀਸ।*
*ਨਾਨਕ ਤੁਮ ਗੁਰਦੇਵ ਜੀ ਪੂਰਨ ਵਿਸ੍ਵੇ ਬੀਸ।*
*ਪਰਮਹੰਸ ਤਾਰਨ ਤਰਨ ਗੁਰੂ ਦੇਵਨ ਕੇ ਦੇਵ।*
*ਅਨਭੈ ਬਾਣੀ ਦੀਜਿਯੇ ਨਾਨਕ ਪਾਵੈ ਭੇਵ ॥* *(ਗੁਰ ਮਹਿਮਾ ਰਤਨਾਵਲੀ)*

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹਨ ਤਾਂ ਫੁਰਮਉਂਦੇ ਹਨ:

*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੦)*

ਹੁਣ "ਸਭ ਤੇ ਵਡਾ" ਲਈ ਜੇਕਰ ਧਰਮਿਕ ਖੇਤਰ ਵਿਚ ਕੋਈ ਲਫ਼ਜ਼ ਹੈ ਤਾਂ ਉਹ ਹੈ ਦੇਵ। ਸੰਸਕ੍ਰਿਤ ਵਿਚ ਦੇਵ ਦਾ ਅਰਥ ਰੱਬ ਜਾਂ ਪਰਮਾਤਮਾ ਹੁੰਦਾ ਹੈ। ਦੇਵੀ ਦੇਵਤੇ ਦੇਵ ਦੇ ਤੁਲ ਨਹੀਂ ਹੁੰਦੇ। ਯੂਨਾਨੀ ਜਾਂ ਗ੍ਰੀਕ ਗ੍ਰੰਥਾਂ ਵਿਚ ਵੀ ਰੱਬ ਜਾਂ ਪਰਮਾਤਮਾ ਲਈ ਲਫ਼ਜ਼ Deus ਆਇਆ ਹੈ। ਇਹ ਪੁਰਤਗਾਲੀ, ਸਪੈਨਿਸ਼, ਫਰੈਂਚ, ਇਤਾਲਵੀ, ਰੋਮਾਨੀਅਨ ਨੇ ਅਪਣਾਇਆ ਅਤੇ ਇਸਦਾ ਮਤਲਬ ਆਕਾਸ਼ ਜਾਂ ਸਵਰਗ ਲੋਕ ਲਿਖਿਆ। ਇਸੇ Deus ਨੂੰ ਯਹੂਦੀਆਂ ਨੇ Dio/Dyo ਕਰ ਕੇ ਲਿਖਿਆ। ਇਸੇ ਤੋਂ ਡਿਵਨਿਟੀ ਜਾਂ ਰੁਹਾਨੀਅਤ ਲਫ਼ਜ਼ ਨਿਕਲਿਆ। ਸੋ ਸਭ ਤੋਂ ਵੱਡੀ ਹਸਤੀ ਲਈ ਧਰਮ ਦੀ ਦੁਨੀਆ ਵਿਚ ਦੇਵ ਕਿਹਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਸੱਚਖੰਡ ਤੋਂ ਇਸ ਮਾਤ ਲੋਕ ਵਿਚ ਪਠਾਏ ਗਏ।

ਪੰਚਮ ਪਿਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਸ਼ਬਦ ਨਾਲ ਮੁਖਾਤਬ ਕਰਦੇ ਹਨ:

*ਪਾਰਬ੍ਰਹਮ ਨਾਨਕ ਗੁਰਦੇਵ॥*
*ਵਡੈ ਭਾਗਿ ਪਾਈਐ ਹਰਿ ਸੇਵ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੮)*

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਬਾਬਤ ਕਮਾਲ ਦੀ ਉਦਾਹਰਨ ਦਿੰਦੇ ਹਨ:

***ਸੋਰਠਾ:*** *ਅਬਿਗਤਿ ਅਲਖ ਅਭੇਵ ਅਗਮ ਅਪਾਰ ਅਨੰਤ ਗੁਰ॥*

**santsipahi@gmail.com, Ph. +19736990950*

*ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ॥*
***ਦੋਹਰਾ:*** *ਅਗਮ ਅਪਾਰ ਅਨੰਤ ਗੁਰ ਅਬਿਗਤਿ ਅਲਖ ਅਭੇਵ॥*
*ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਵ॥*
***ਛੰਤ:*** *ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ॥*
*ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿ॥ (ਕਬਿੱਤ ੩)*
*– ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥ (ਵਾਰ ੧:੨੭)*

ਗੁਰੂ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਦੀ ਚਕਾਚੌਂਧ ਸੂਰਜ ਨਿਕਲਣ ਦੀ ਨਿਆਈਂ ਸੀ। ਇਸ ਵਿਚ ਐਸੇ ਵੀ ਲਖਸ਼ਮੀ ਵਾਹਨ ਪ੍ਰਗਟ ਹੋਏ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦੇਵ ਰੂਪ ਨੇ ਹੀ ਚੁੰਧਿਆ ਦਿੱਤਾ।

ਈਸਵੀ ਸੰਨ ੧੯੬੯ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਦੇ ਮੌਕੇ 'ਤੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਇਕ ਯਾਦਗਾਰੀ ਪੁਸਤਕ 'ਗੁਰੂ ਨਾਨਕ' ਛਾਪੀ ਗਈ ਸੀ। ਇਸ ਵਿਚ ਮੋਹਸਿਨ ਫ਼ਾਨੀ ਦੇ 'ਦਬਿਸਤਾਨਿ ਮਜਾਹਿਬ' ਦੇ ਹਵਾਲੇ ਨਾਲ ਐਸ. ਕੇ. ਰਾਮਚੰਦਰ ਰਾਉ ਦਾ 'ਰਹੱਸਵਾਦੀ ਨਾਨਕ' ਸਿਰਲੇਖ ਹੇਠ ਇਕ ਲੇਖ ਛਪਿਆ ਸੀ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਜਨਮ ਅਤੇ ਉਨ੍ਹਾਂ ਦੇ ਪ੍ਰਕਾਸ਼ਮਾਨ ਹੋਣ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ:

"ਦਬਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਆਗਮਨ ਸੰਬੰਧੀ ਇਕ ਸਾਖੀ ਦਰਜ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੂਰਬਲੇ ਜੀਵਨ ਨਾਲ ਹੈ। ਕਹਿੰਦੇ ਹਨ ਕਿ ਉਸ ਜੀਵਨ ਯਾਤ੍ਰਾ ਦੇ ਅੰਤ ਉਤੇ ਉਨ੍ਹਾਂ ਦੀ ਆਤਮਾ ਨੇ ਦੋ ਮਾਰਗਾਂ ਵਿੱਚੋਂ ਇਕ ਦੀ ਚੋਣ ਕਰਨੀ ਸੀ। ਇਨ੍ਹਾਂ ਵਿੱਚੋਂ ਇਕ ਸਵਰਗ ਨੂੰ ਜਾਂਦਾ ਸੀ ਅਤੇ ਦੂਜਾ ਨਰਕ ਨੂੰ। ਨਾਨਕ (ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਆਤਮਾ ਨੇ ਅਜੀਬ ਚੋਣ ਕੀਤੀ। ਉਹ ਨਰਕ ਦੇ ਮਾਰਗ 'ਤੇ ਚੱਲ ਪਈ। ਉਨ੍ਹਾਂ ਦੀ ਆਤਮਾ ਸੜਦੇ ਬਲਦੇ ਨਰਕ ਦੇ ਦੁਆਰ 'ਤੇ ਪਹੁੰਚੀ ਤਾਂ ਪਾਪ-ਗ੍ਰਸੀਆਂ ਲੁਛਦੀਆਂ ਅਤੇ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਮਿਲ ਗਈ। ਨਾਨਕ ਦੀ ਨੂਰੀ ਆਤਮਾ ਦੀ ਇਕ ਕਿਰਨ ਦੇ ਚਾਨਣ ਨੇ ਹੀ ਨਰਕੀ ਰੂਹਾਂ ਦੇ ਸਾਰੇ ਪਾਪ ਧੋ ਦਿੱਤੇ ਤੇ ਉਹ ਸਾਰੀਆਂ ਸਵਰਗ ਦੀਆਂ ਹੱਕਦਾਰ ਬਣ ਗਈਆਂ। ਪਰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਇਹ ਪਾਪੀ ਸਵਰਗ ਵਿਚ ਪੈਰ ਨਹੀਂ ਧਰ ਸਕਦੇ। ਪਹਿਲਾਂ ਸੰਸਾਰ ਵਿਚ ਜਨਮ ਲਉ ਅਤੇ ਇਨ੍ਹਾਂ ਨੂੰ ਮੁਕਤ ਕਰੋ, ਤਾਂ ਹੀ ਇਹ ਸਵਰਗ ਵਿਚ ਪ੍ਰਵੇਸ਼ ਕਰ ਸਕਣਗੀਆਂ।ਸੋ "ਗੁਰਮੁਖ ਕਲ ਵਿਚ ਪ੍ਰਗਟ ਹੋਆ।"

ਉਕਤ ਲਿਖਤ ਵਿੱਚੋਂ ਇਕ ਅਹਿਮ ਨੁਕਤਾ ਉਜਾਗਰ ਹੁੰਦਾ ਹੈ ਕਿ ਆਮ ਤੌਰ 'ਤੇ ਭਗਤੀ ਕੀਤੀ ਜਾਂਦੀ ਹੈ ਅਤੇ ਘਾਲਣਾ ਪੂਰੀ ਹੋਣ 'ਤੇ ਮੁਕਤੀ ਦਾ ਦਰ ਪ੍ਰਾਪਤ

ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਿਛਲੇ ਜਨਮ ਵਿਚ ਭਾਰੀ ਤਪੱਸਿਆ ਕੀਤੀ ਅਤੇ ਮੁਕਤੀ ਪ੍ਰਾਪਤ ਹੋ ਗਈ। ਜਿਸ ਪਾਵਨ ਦੇਹ ਵਿਚ ਨਿਰੰਕਾਰ ਨੇ ਗੁਰਬਾਣੀ ਰੂਪ ਹੋ ਕੇ ਵਿਰਾਜਮਾਨ ਹੋਣਾ ਸੀ ਉਸ ਦੀ ਤਿਆਰੀ ਇਸ ਭਾਰੀ ਤਪੱਸਿਆ ਬਿਨਾਂ ਕਿਵੇਂ ਹੋ ਸਕਦੀ ਸੀ। ਦੂਸਰੇ ਪਾਸੇ ਪਾਪਾਂ ਗ੍ਰਸੀ ਧਰਤੀ ਪੁਕਾਰ ਰਹੀ ਸੀ। ਅਕਾਲ ਪੁਰਖ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਨਮ ਮਰਨ ਤੋਂ ਮੁਕਤ ਹੋ ਚੁਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਤ ਲੋਕ ਵਿਚ ਭੇਜਿਆ। *ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥* (ਵਾਰ ੧:੨੩)।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੯)*

ਜਗ ਮਾਹਿ ਪਠਾਇਆ ਦੇ ਬਚਨ ਅਨੁਸਾਰ ਜਗਤ ਉਧਾਰਣ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਮਾਤ ਲੋਕ ਵਿਚ ਹੋਇਆ। ਇੱਥੇ ਆ ਕੇ ਗੁਰੂ ਸਾਹਿਬ ਜੀ ਨੇ ਫਿਰ ਘਾਲਣਾ ਘਾਲੀ। ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ:

*ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂਦੇ ਫਿਰਿ ਘਾਲਿ ਕਮਾਈ।*
*ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।*
*ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ ੧:੨੪)*

ਗੁਰਮਤਿ ਦੇ ਰਹੱਸਵਾਦ ਦਾ ਇਕ ਗੰਭੀਰ ਨੁਕਤਾ ਵਿਚਾਰਨ ਯੋਗ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ, *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ:

*ਨਾਰਾਇਣ ਨਿਜ ਰੂਪਿ ਧਰਿ ਨਾਥਾ ਨਾਥ ਸਨਾਥ ਕਰਾਇਆ।*
*ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ। (ਵਾਰ ੨੪:੧)*

ਅਕਾਲ ਪੁਰਖ ਦੀ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪ੍ਰਗਟ ਹੋਈ। ਪੁਰਾਤਨ ਸ਼ਾਸਤ੍ਰਾਂ ਵਿਚ ਚਾਰ ਪ੍ਰਕਾਰ ਦੀ ਬਾਣੀ ਦਾ ਜ਼ਿਕਰ ਹੈ, ਪਰਾ, ਪਸ਼ਯੰਤੀ, ਮੱਧਮਾ ਅਤੇ ਬੈਖਰੀ। ਬਾਣੀ ਦੀ ਪਹਿਲੀ ਅਵਸਥਾ ਹੈ ਪਰਾ। ਇਸ ਦਾ ਸਥਾਨ ਧੁੰਨੀ ਜਾਂ ਨਾਭੀ ਤੋਂ ਥੋੜਾ ਹੇਠਾ ਮੰਨਿਆ ਗਿਆ ਹੈ। ਇਸ ਅਵਸਥਾ ਵਿਚ ਖਿਆਲ ਅਤੇ ਵਿਚਾਰ ਵਾ-ਵਰੋਲਾ ਜਿਹਾ ਬਣਦਾ ਹੈ। ਘਲਿਆਈ ਜਿਹੀ ਪੈਂਦੀ ਹੈ। ਇੱਥੇ ਬਾਣੀ ਦੇ ਕੋਈ ਸ਼ਬਦ ਨਹੀਂ ਹੁੰਦੇ, ਕੋਈ ਵਿਆਕਰਣ ਨਹੀਂ ਹੁੰਦੀ।

ਇਸ ਤੋਂ ਅਗਲੀ ਅਵਸਥਾ ਪਸ਼ਯੰਤੀ ਮੰਨੀ ਗਈ ਹੈ। ਇਸ ਵਿਚ ਸੀਨੇ ਦੇ ਕੋਲ ਬਾਣੀ ਦਾ ਰੂਪ ਬਣਦਾ ਹੈ। ਉਪਰੰਤ ਇਸ ਤੋਂ ਉਤਲੀ ਅਵਸਥਾ ਹੈ ਜਦੋਂ ਬਾਣੀ ਕੰਠ ਦੇ ਕੋਲ ਹੁੰਦੀ ਹੈ। ਇੱਥੇ ਲਫ਼ਜ਼ ਵੀ ਬਣ ਜਾਂਦੇ ਹਨ ਪਰ ਬਾਣੀ ਪ੍ਰਤੱਖ ਰੂਪ ਵਿਚ

ਪ੍ਰਗਟ ਨਹੀਂ ਹੁੰਦੀ। ਜਿਵੇਂ ਕਈ ਵਾਰ ਕਈ ਕਹਿੰਦੇ ਹਨ ਕਿ ਕਹਿਣਾ ਚਾਹ ਰਿਹਾ ਹਾਂ ਪਰ ਅੱਖਰ ਨਹੀਂ ਔੜ ਰਹੇ।

ਇਸ ਤੋਂ ਅਗਲੀ ਅਤੇ ਅਖੀਰਲੀ ਅਵਸਥਾ ਹੈ ਬੈਖਰੀ ਬਾਣੀ। ਇਹ ਬਾਣੀ ਜਦੋਂ ਸ਼ਬਦ ਰੂਪ ਹੋ ਕੇ ਮੂੰਹ ਵਿੱਚੋਂ ਪ੍ਰਗਟ ਹੁੰਦੀ ਹੈ। ਇਹ ਸੁਣੀ ਅਤੇ ਸਮਝੀ ਜਾ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿਚ ਨਿਰੰਕਾਰ ਪ੍ਰਭੂ ਨੇ ਪਰਾ ਰੂਪ ਹੋ ਕੇ ਪ੍ਰਵੇਸ਼ ਕੀਤਾ ਅਤੇ ਪਸ਼ਯੰਤੀ ਅਤੇ ਮੱਧਮਾ ਰੂਪਾਂ 'ਚੋਂ ਲੰਘ ਕੇ ਬੈਖਰੀ ਰੂਪ ਵਿਚ ਇਹ ਪਾਵਨ ਬਾਣੀ ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਰਿਤ ਹੋਈ। ਸਤਿਗੁਰ ਜੀ ਦੇ ਪਾਵਨ ਬਚਨ ਹਨ:

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੬)*

ਇਹ ਨਿਰੰਕਾਰ ਹੀ ਸੀ ਜਿਸ ਨੇ ਬਾਣੀ ਰੂਪ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾ ਕੀਤਾ:

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫)*

ਹੁਣ ਇਹੀ ਗੁਰਬਾਣੀ ਉਚਾਰਨ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਦੇ ਮੂੰਹ ਵਿਚ ਪਾਈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਸਰੀਰ ਵੀ ਗੁਰੂ ਸੀ ਅਤੇ ਮੁਖਾਰਬਿੰਦ 'ਚੋਂ ਨਿਕਲੀ ਬਾਣੀ ਵੀ ਗੁਰੂ ਸੀ। *ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥* ਪਰ ਮੁੜ ਜਦੋਂ ਗੁਰਸਿੱਖਾਂ ਦੇ ਮੂੰਹ ਵਿੱਚੋਂ ਇਹ ਬਾਣੀ ਉਚਰਿਤ ਹੋਈ ਤਾਂ ਬਾਣੀ ਤਾਂ ਨਿਰੰਕਾਰ ਹੀ ਸੀ ਪਰ ਉਹ ਬੋਲਣ ਪੜ੍ਹਨ ਵਾਲਾ ਸਿੱਖ ਗੁਰੂ ਨਹੀਂ ਸੀ। ਜੇ ਕੋਈ ਗੁਰੂ ਦੀ ਬਾਣੀ ਪੜ੍ਹ ਕੇ ਸੁਣਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਕੂੜਾ ਦਾਅਵਾ ਕਰਦਾ ਹੈ ਤਾਂ ਉਹ ਵੱਡਾ ਨੌਸਰਬਾਜ਼ ਅਤੇ ਪਾਖੰਡੀ ਹੈ।

ਸਤਿਗੁਰੂ ਜੀ ਨੇ ਇਹ ਬਾਣੀ ਕਿਵੇਂ ਸਿੱਖਾਂ ਨੂੰ ਦਿੱਤੀ ਉਸ ਬਾਰੇ ਵਿਚਾਰ ਜ਼ਰੂਰੀ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਕਿਹਾ ਗਿਆ ਸੀ *ਗੁਰੋ: ਪਾਦੋਦਕੰ ਪੀਤਵਾ ਗੁਰੋਰੁਛਿਸ਼ਟਭੋਜਨਮ* ਯਾਨਿ ਕਿ ਗੁਰੂ ਦੇ ਮੂੰਹ ਚੋਂ ਨਿਕਲੇ ਉਛਿੱਸ਼ਟ ਕੀਤੇ ਜੂਠੇ ਭੋਜਨ ਨੂੰ ਖਾਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ *ਗੁਰੋਰੁਛਿਸ਼ਟਭੋਜਨਮ* ਦੇ ਆਯਾਮ ਅਤੇ ਅਰਥ ਹੀ ਬਦਲ ਦਿੱਤੇ। ਸਤਿਗੁਰੂ ਜੀ ਨੇ ਵੀ ਗੁਰਸਿੱਖਾਂ ਨੂੰ ਉਛਿੱਸ਼ਟ ਭੋਜਨ ਦਿੱਤਾ। ਪਰ ਉਹ ਕੈਸਾ ਸੀ। ਸਤਿਗਰਾਂ ਨੇ ਨਾਮ ਰੂਪੀ ਅਗੰਮੀ ਇਲਾਹੀ ਭੋਜਨ ਆਪਣੇ ਮੂਹੋਂ ਉਚਾਰਨ ਕੀਤਾ ਅਤੇ *ਗੁਰ ਮਿਤਾ ਪੁਤਾ ਭਾਈਆ॥* ਦੇ ਮੂੰਹ ਵਿਚ ਪਾਇਆ। ਸਾਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ:

*-ਤੁਮ ਵਡ ਪੁਰਖ ਦੀਨ ਦੁਖ ਭੰਜਨ*
*ਹਰਿ ਦੀਓ ਨਾਮੁ ਮੁਖੇ॥੧॥ (ਮ.੪, ੬੭੬)*
*-ਵਡਭਾਗੀ ਹਰਿ ਸੰਤੁ ਮਿਲਾਇਆ॥*
*ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ॥ (ਮ.੪, ੯੫)*

ਇਸ ਉਛਿੱਸ਼ਟ ਭੋਜਨ ਨੂੰ ਸਮਝਣ ਲਈ ਇਕ ਪੰਛੀ ਅਤੇ ਬੋਟ ਵੱਲ ਝਾਤ ਮਾਰਨੀ ਜ਼ਰੂਰੀ ਹੈ। ਬੋਟ ਪੰਛੀ ਦਾ ਉਹ ਨਵਜਾਤ ਸ਼ਿਸ਼ੂ ਹੁੰਦਾ ਹੈ ਜਿਸਦੇ ਹਾਲੇ ਪੰਖ ਵੀ ਨਹੀਂ ਨਿਕਲੇ। ਉਹ ਨਿਰਾ ਮਾਸ ਦਾ ਇਕ ਲੋਥੜਾ ਹੁੰਦਾ ਹੈ ਅਤੇ ਕੁਝ ਵੀ ਕਰ ਨਹੀਂ ਸਕਦਾ। ਉਸ ਬੋਟ ਦੀ ਮਾਂ ਆਪਣੇ ਮੂੰਹ ਵਿੱਚੋਂ ਭੋਜਨ ਦਾ ਟੁੱਕੜਾ ਉਸ ਬੋਟ ਦੇ ਮੂੰਹ ਵਿਚ ਪਾਂਦੀ ਹੈ। ਸਿੱਖ ਅਤੇ ਗੁਰੂ ਦਾ ਵੀ ਇਹੀ ਰਿਸ਼ਤਾ ਹੈ। ਸਾਡੀ ਅਵਸਥਾ ਵੀ *ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ॥* ਵਰਗੀ ਹੈ। ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਨਾਮ ਰੂਪੀ ਭੋਜਨ ਸਿੱਖਾਂ ਦੇ ਮੂੰਹ ਵਿਚ ਪਾਇਆ:

*ਮੇਰਾ ਬੈਦੁ ਗੁਰੂ ਗੋਵਿੰਦਾ॥*
*ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ*
*ਕਾਟੈ ਜਮ ਕੀ ਫੰਧਾ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੮)*

ਗੁਰਬਾਣੀ ਰੂਪੀ ਇਹ ਭੋਜਨ ਗੁਰੂ ਸਾਹਿਬ ਨੇ ਸਿੱਖਾਂ ਦੇ ਮੂੰਹ ਵਿਚ ਪਾਇਆ। 'ਸਿੱਖਾਂ ਦੀ ਭਗਤ ਮਾਲਾ' ਵਿਚ ਅੰਕਤ ਹੈ ਕਿ ਸਿੱਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਅਸਾਨੂੰ ਆਪਣਿਆਂ ਚਰਨਾਂ ਦੀ ਸਰਨੀਂ ਰਖੀਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਜਵਾਬ ਦਿੱਤਾ- "ਸਰੀਰ ਨਾਲਿ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ ਤੇ ਜੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ॥੩॥" ਸੋ ਸਦੀਵ ਕਾਲ ਸਦ ਜੀਵਨ ਰਹਿਣ ਲਈ ਗੁਰਸਿੱਖ ਇਹ ਭੋਜਨ ਪ੍ਰਾਪਤ ਕਰਦੇ ਰਹਿਣਗੇ।

ਪਾਵਨ ਗੁਰਬਾਣੀ ਨੇ ਇਕ ਹੋਰ ਅਦਭੁਤ ਹਵਾਲਾ ਚਾਤਕ ਜਾਂ ਚਾਤ੍ਰਿਕ ਦਾ ਦਿੱਤਾ ਹੈ। ਇਹ ਪੰਛੀ ਸਿਵਾਏ ਸ੍ਵਾਤਬੂੰਦ ਦੇ ਆਪਣੇ ਮੂੰਹ ਵਿਚ ਪਾਣੀ ਦਾ ਹੋਰ ਕੋਈ ਤੁਪਕਾ ਨਹੀਂ ਪਾਂਦਾ। ਗੁਰੂ ਸਾਹਿਬ ਨੇ ਵੀ ਸਿੱਖ ਦੀ ਬਿਰਤੀ ਦੀ ਉਪਮਾ ਚਾਤ੍ਰਿਕ ਨਾਲ ਦਿੱਤੀ ਹੈ ਕਿ ਸਤਿਗੁਰੂ ਨੇ ਖੁਦ ਹਰਿ ਜਸ ਨਾਮ ਦੀ ਬੂੰਦ ਇਸਦੇ ਮੂੰਹ ਵਿਚ ਪਾਈ ਹੈ। ਹੁਣ ਸਿੱਖ ਦੀ ਪਿਆਸ ਕੇਵਲ ਗੁਰਬਾਣੀ ਨਾਲ ਹੀ ਮਿਟ ਸਕਦੀ ਹੈ। ਇਹ ਕਿਧਰੇ ਹੋਰ ਜਾਣਾ ਤਾਂ ਕੀ, ਜਾਣ ਬਾਰੇ ਵੀ ਸੋਚ ਹੀ ਨਹੀਂ ਸਕਦਾ:

*ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ॥*
*ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੮)*

ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸ ਦੀ ਜਾਇਦਾਦ ਵਗੈਰਾ ਉਸਦੇ ਵਾਰਸਾਂ ਨੂੰ ਮਿਲ ਜਾਂਦੀ ਹੈ। ਪਰ ਗੁਰੂ-ਘਰ ਵਿਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ ਵਿਚ, ਆਪਣੇ ਜੀਵਨ-ਕਾਲ ਵਿਚ ਹੀ ਨਿਰੰਕਾਰ ਦੀ ਉਹ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋਏ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ।

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੯)*

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। *ਪਾਵਨ ਗੁਰਵਾਕ ਹੈ:*

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬)*

*- ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੮)*

ਇਸ ਤੋਂ ਨਿਰਸੰਦੇਹ ਤੌਰ 'ਤੇ ਪ੍ਰਕਟ ਹੈ ਕਿ ਜਿਹੜੀ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਜੀ ਵਿਚ ਸਥਾਪਤ ਹੋਈ ਸੀ ਉਹੀ ਜੋਤਿ ਸਫ਼ਰ ਕਰਦਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਕਲਗੀਧਰ ਪਿਤਾ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਦੀ ਪੁਸ਼ਟੀ ਕੀਤੀ:

*ਸ੍ਰੀ ਨਾਨਕ ਅੰਗਦਿ ਕਰਿ ਮਾਨਾ॥*
*ਅਮਰਦਾਸ ਅੰਗਦ ਪਹਿਚਾਨਾ॥*

*ਅਮਰਦਾਸ ਰਾਮਦਾਸ ਕਹਾਯੋ॥*
*ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥*
*ਭਿੰਨ ਭਿੰਨ ਸਭਹੂੰ ਕਰ ਜਾਨਾ॥*
*ਏਕ ਰੂਪ ਕਿਨਹੂੰ ਪਹਿਚਾਨਾ॥*
*ਜਿਨ ਜਾਨਾ ਤਿਨ ਹੀ ਸਿਧ ਪਾਈ॥*
*ਬਿਨ ਸਮਝੇ ਸਿਧ ਹਾਥਿ ਨ ਆਈ॥* *(ਬਚਿਤ੍ਰ ਨਾਟਕ)*

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰ ਦੀ ਜੋਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾਈ ਗਈ ਸੀ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ। ਇਸ ਦੇ ਨਾਲ ਹੀ ਇਕ ਨੁਕਤਾ ਹੋਰ ਵਿਚਾਰ ਯੋਗ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ-ਥਾਂ 'ਤੇ ਸੰਗਤਾਂ ਕਾਇਮ ਕੀਤੀਆਂ। ਫਿਰ ਇਹ ਰਹੱਸਵਾਦ ਦਾ ਸਿਖਰ ਹੈ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੰਕਾਰ ਰੂਪੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਦੀਵ ਕਾਲ ਲਈ ਟਿਕਾ ਦਿੱਤੀ ਅਤੇ *ਸੰਗਤਿ ਕੀਨੀ ਖਾਲਸਾ* ਮੁਤਾਬਕ ਜੁਗਤ ਖਾਲਸਾ ਪੰਥ ਵਿਚ ਸਥਾਪਤ ਕਰ ਦਿੱਤੀ। ਇਸ ਤਰ੍ਹਾਂ ਜੋਤਿ ਅਤੇ ਜੁਗਤਿ ਦਾ ਸਫ਼ਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਸੀ ਉਹ ਗੁਰੂ ਗ੍ਰੰਥ-ਗੁਰੂ ਪੰਥ ਦੇ ਰੂਪ ਵਿਚ ਜੁਗੋ ਜੁਗ ਅਟੱਲ ਲਈ ਸਥਾਪਤ ਹੋ ਗਿਆ।

ਭਾਈ ਮਰਦਾਨਾ ਜੀ ਨੇ ਇਕ ਵੇਰ ਗੁਰੂ ਬਾਬੇ ਨੂੰ ਪਿਆਰ ਵਿਚ ਆ ਕੇ ਕਿਹਾ, "ਬਾਬਾ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਡੂਮ, ਮੈਂ ਤੇਰਾ ਡੂਮ।" ਪਹਿਲੇ ਜਾਮੇ ਵਿਚ ਸਿੱਖ ਗੁਰੂ ਨੂੰ ਕਹਿ ਪਾ ਰਿਹਾ ਹੈ। ਕਿਤਨੀ ਨੇੜਤਾ ਹੈ, ਕਿਤਨਾ ਨਿੱਘ ਹੈ, ਕਿਤਨਾ ਪਿਆਰ ਹੈ। ਫਿਰ ਦਸਵੇਂ ਜਾਮੇ ਵਿਚ ਕਲਗੀਧਰ ਪਿਤਾ ਇਹੀ ਕਹਿ ਰਹੇ ਹਨ *ਯਾ ਮੈ ਭੇਦ ਨ ਰੰਚ ਪਛਾਨੋ॥* ਅਤੇ ਖਾਲਸੇ ਨੂੰ ਗੁਰੂ ਖਾਲਸੇ ਵਿਚ ਤਬਦੀਲ ਕਰ ਦਿੱਤਾ ਤਾਂ ਹਜ਼ੂਰ ਕਹਿ ਰਹੇ ਹਨ, *ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ॥੧੯॥* ਇਹ ਹੈ ਸਤਿਗੁਰੂ ਦੀ ਪਰਤੱਖ ਕਰਾਮਾਤ ਤੇ ਅਗੰਮੀ ਰਹੱਸਵਾਦ। *ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥* ਅਤੇ *ਗੁਰਬਰ ਅਕਾਲ* ਯਾਨਿ ਕਿ ਗੁਰੂ ਬਰਾਬਰ ਹੈ ਅਕਾਲ ਦੇ। ਇਸ ਭਾਵਨੀ ਨਾਲ ਨਿਰੰਕਾਰ ਦੀ ਪ੍ਰਤੱਖ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਢਹਿ ਪਈਏ ਅਤੇ ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਹੀ ਕਿਹਾ ਫ਼ਬਦਾ ਹੈ:

*ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ*
*ਮਹੇਸ ਗੰਗ ਧਾਨ ਕੌ ਅਭੇਸ ਕਹੀਅਤੁ ਹੈਂ॥ (ਅਕਾਲ ਉਸਤਤ .)*

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਮਹਾਨ ਕਾਰਜ

*-ਬੀਬੀ ਅੰਮ੍ਰਿਤ ਕੌਰ**

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਲਈ ਰਹਿਬਰ ਬਣ ਇਸ ਸੰਸਾਰ ਵਿਚ ਪ੍ਰਕਾਸ਼ ਧਾਰਿਆ। ਉਨ੍ਹਾਂ ਨੇ ਸਭ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਇੱਕ ਪਰਮਾਤਮਾ ਨਾਲ ਜੋੜਿਆ। ਹਉਮੈਂ, ਜਾਤ-ਪਾਤ, ਫੋਕਟ ਕਰਮ-ਕਾਂਡ, ਅਮੀਰੀ-ਗਰੀਬੀ ਵਰਗੇ ਦ੍ਵੈਤ ਭਾਵ ਦਾ ਖੰਡਨ ਕੀਤਾ। ਸਾਰੇ ਜਗਿਆਸੂਆਂ ਨੂੰ ਸੰਸਾਰਕ ਤੇ ਪਰਮਾਰਥਕ ਅਗਵਾਈ ਬਖਸ਼ੀ। ਸਭ ਧਰਮਾਂ ਦਾ ਸਤਿਕਾਰ ਕੀਤਾ। ਧੁਰ ਕੀ ਬਾਣੀ ਦੀ ਰਚਨਾ ਕਰ ਕੇ ਲੋਕਾਈ ਨੂੰ ਪਖੰਡੀਆਂ ਤੋਂ ਬਚਾ ਕੇ 'ਗੁਰ ਸ਼ਬਦ' ਨਾਲ ਜੋੜਿਆ ਤਾਂ ਕਿ ਨਾਮ ਬਾਣੀ ਦਾ ਸਿਮਰਨ ਕਰ ਕੇ ਸਾਰੀ ਸ੍ਰਿਸ਼ਟੀ ਦੇ ਰਚਣਹਾਰ ਪ੍ਰਭੂ ਪਰਮਾਤਮਾ ਵਿਚ ਅਭੇਦ ਹੋ ਸਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲੀ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਇੱਕ ਓਅੰਕਾਰ (ੴ) ਦਾ ਉਪਦੇਸ਼ ਸਾਰੀ ਲੋਕਾਈ ਨੂੰ ਦੇ ਕੇ, ਇਹੀ ਸਮਝਾਇਆ ਕਿ ਪਰਮਾਤਮਾ ਇੱਕ ਹੈ, ਉਸ ਦਾ ਨਾਮ ਸਤ ਹੈ, ਉਹ ਆਪ ਹੀ ਕਰਣਹਾਰ ਹੈ, ਡਰ ਤੇ ਵੈਰ ਤੋਂ ਰਹਿਤ, ਅਕਾਲ ਮੂਰਤਿ ਹੈ। ਉਹ ਜੂਨਾਂ ਵਿਚ ਨਹੀਂ ਪੈਂਦਾ। ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ।...

ਗੁਰੂ ਸਾਹਿਬ ਨੇ ਫੁਰਮਾਇਆ ਦਇਆ ਤੇ ਖਿਮਾ ਦੇ ਧਾਰਨੀ ਬਣ ਕੇ 'ਸੱਚ' ਨਾਲ ਜੁੜ ਜਾਵੋ *'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ'* ਸਚਿਆਰ ਬਣਨ ਲਈ ਇਕ ਦੀ ਹੀ ਅਰਾਧਨਾ ਤੇ ਉਪਾਸ਼ਨਾ ਕਰ ਸਰਬੱਤ ਦਾ ਭਲਾ ਕਰੋ ਤੇ ਮੰਗੋ। ਗ੍ਰਿਹਸਥ ਵਿਚ ਰਹਿ ਕੇ ਸੱਚੀ-ਸੁੱਚੀ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ:

*ਵਿਚੇ ਗ੍ਰਿਹ ਸਦਾ ਰਹੈ ਉਦਾਸੀ*
*ਜਿਉ ਕਮਲੁ ਰਹੈ ਵਿਚ ਪਣੀ ਹੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੦)*

ਉਨ੍ਹਾਂ ਅਧਿਆਤਮਕ ਮਾਰਗ 'ਤੇ ਚੱਲਣ ਅਤੇ ਸਾਂਝੀਵਾਲਤਾ ਤੇ ਆਪਸੀ ਭਾਈਚਾਰੇ ਦਾ ਉਪਦੇਸ਼ ਦਿੱਤਾ:

*ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭)*

ਉਨ੍ਹਾਂ ਊਚ-ਨੀਚ, ਜਾਤ-ਪਾਤ, ਅਮੀਰੀ-ਗਰੀਬੀ ਦਾ ਭੇਦਭਾਵ ਮਿਟਾਉਣ ਲਈ ਫੁਰਮਾਇਆ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*

**# ੬੫੮/੧੦, ਪੰਜਾਬ ਮਾਤਾ ਨਗਰ, ਲੁਧਿਆਣਾ।*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

**ਮਹਾਨ ਕਾਰਜ:** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਹੀ ਨਹੀਂ ਦਿੱਤੇ ਬਲਕਿ ਜੋ ਕਿਹਾ ਉਹ ਕਰ ਕੇ ਦਿਖਾਇਆ। ਉਨ੍ਹਾਂ ਬਚਪਨ ਵਿਚ ਹੀ ਫੋਕੀਆਂ ਰੀਤਾਂ-ਰਿਵਾਜਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਬੜੀ ਦਲੇਰੀ ਨਾਲ ਸੱਚ ਦੀ ਅਵਾਜ਼ ਨੂੰ ਬੁਲੰਦ ਕੀਤਾ। ਉਨ੍ਹਾਂ ਜਨੇਊ ਦੀ ਰਸਮ ਵੇਲੇ ਪੰਡਤ ਨੂੰ ਸੂਤ ਦੇ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ ਤੇ ਸੱਚ ਦਾ ਜਨੇਊ ਪਾਉਣ ਲਈ ਕਿਹਾ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੧)*

ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੋਕਾਂ ਨੂੰ ਖਰੇ ਸੌਦੇ ਦੀ ਜਾਚ ਸਿਖਾਈ। ਮਨੁੱਖਤਾ ਨੂੰ '*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ*' ਦਾ ਸਬਕ ਦ੍ਰਿੜ੍ਹ ਕਰਾਉਣ ਲਈ ਭਾਈ ਮਰਦਾਨਾ ਜੀ ਨੂੰ ਸੰਸਾਰ ਤਾਰਨ ਹਿਤ ਆਪਣਾ ਸਾਥੀ ਬਣਾਇਆ। *ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥* "ਦੇ ਪੂਰਨੇ ਪਾਉਣ ਵਾਸਤੇ ਮੋਦੀਖਾਨੇ ਵਿਚ ਨੌਕਰੀ ਕਰ ਲੋੜਵੰਦਾਂ ਦੀ ਸਹਾਇਤਾ ਕੀਤੀ ਤੇ ਅੰਤਲੇ ਸਮੇਂ ਕਰਤਾਰਪੁਰ ਸਾਹਿਬ ਰਹਿ ਕੇ ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਕੇ ਛਕਣ ਵਾਲੇ ਅਸੂਲਾਂ 'ਤੇ ਚੱਲ ਕੇ ਦਿਖਾਇਆ।

ਪ੍ਰਮੇਸ਼ਰ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲਾਂ ਦਾ ਸਫਰ ਕਰ ਕੇ ਸੱਚ ਧਰਮ ਦਾ ਪੈਗ਼ਾਮ ਦਿੱਤਾ ਤੇ ਦੁਸ਼ਟਾਂ ਪਾਪੀਆਂ ਨੂੰ ਤਾਰ ਉਨ੍ਹਾਂ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਗੁਰੂ ਜੀ ਨੇ ਹਿੰਦੂ, ਬ੍ਰਾਹਮਣ, ਜੋਗੀਆਂ ਤੇ ਸੰਨਿਆਸੀਆਂ ਆਦਿ ਨੂੰ ਫੋਕਟ ਕਰਮਾਂ ਦਾ ਤਿਆਗ ਕਰ ਕੇ ਅਸਲ ਬ੍ਰਾਹਮਣ ਬਣਨ ਦੀ ਸਿੱਖਿਆ ਦਿੱਤੀ:

*ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥*
*ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਮੁੱਲਾਣਿਆਂ ਤੇ ਕਾਜ਼ੀਆਂ ਨੂੰ ਚੰਗੇ ਮੁਸਲਮਾਨ ਬਣਨ ਲਈ ਪੰਜ ਗੁਣ ਧਾਰਨ ਕਰਨ ਲਈ ਪ੍ਰੇਰਿਆ:

*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਮੱਕੇ ਵਿਚ ਮੁਸਲਮਾਨਾਂ ਦੇ ਪੁੱਛਣ 'ਤੇ ਕਿ ਹਿੰਦੂ ਵੱਡੇ ਹਨ ਕਿ ਮੁਸਲਮਾਨ ਤਾਂ ਆਪ ਜੀ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਜਵਾਬ ਦਾ ਭਾਈ ਗੁਰਦਾਸ ਜੀ ਇੰਞ ਵਰਣਨ ਕਰਦੇ ਹਨ:

*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*
*ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।* *(ਵਾਰ ੧:੩੩)*

ਗੁਰੂ ਜੀ ਨੇ ਸੁਮੇਰ ਪਰਬਤ 'ਤੇ ਜਾ ਕੇ ਸਿਧਾਂ ਨੂੰ ਸੰਤੋਖ ਦੇ ਧਾਰਨੀ ਬਣਨ ਲਈ ਪ੍ਰੇਰਿਆ। ਤੰਤ੍ਰਾਂ-ਮੰਤ੍ਰਾਂ-ਧੂਣੀਆਂ ਤੇ ਹਉਮੈਂ ਅਧੀਨ ਕਰਮ-ਕਾਂਡਾਂ ਨੂੰ ਤਿਆਗ ਕੇ ਮੌਤ ਨੂੰ ਯਾਦ ਰੱਖਦੇ ਹੋਏ ਹਮੇਸ਼ਾਂ ਇਕ ਅਕਾਲ ਪੁਰਖ ਪ੍ਰਭੂ-ਪਰਮਾਤਮਾ ਨਾਲ ਜੁੜਨ ਦੀ ਸਿੱਖਿਆ ਦਿੱਤੀ। ਸਿਧਾਂ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਉਨ੍ਹਾਂ ਦਾ ਗੁਰੂ ਕੇਵਲ ਤੇ ਕੇਵਲ 'ਸ਼ਬਦ' ਹੈ, *'ਸ਼ਬਦ ਗੁਰੂ ਸੁਰਤਿ ਧੁਨ ਚੇਲਾ'* ਉਦਾਸੀਆਂ ਸਮੇਂ ਗੁਰੂ ਜੀ ਆਪਣੇ ਸਾਥੀ ਭਾਈ ਮਰਦਾਨਾ ਜੀ ਦੀ ਰਬਾਬ ਦੀ ਮਿੱਠੀ ਧੁਨ ਤੇ ਸੁਰ ਵਿਚ ਧੁਰ ਕੀ ਬਾਣੀ ਗਾ-ਗਾ ਕੇ ਕੀਰਤਨ ਦੀ ਮਹੱਤਤਾ ਦਰਸਾਈ। ਜਿਹੜੀ ਬਾਣੀ ਆਪ ਜੀ ਗਾਉਂਦੇ ਉਸ ਨੂੰ ਲਿਖ ਕੇ ਇਕੱਠੀ ਕਰਦੇ ਰਹੇ। ਭਾਈ ਗੁਰਦਾਸ ਜੀ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ- *'ਆਸਾ ਹਥਿ ਕਿਤਾਬ ਕਛਿ'* ਉਸ ਵਕਤ ਦੇ ਸੰਤਾਂ-ਭਗਤਾਂ ਦੀ ਬਾਣੀ (ਜੋ ਆਪ ਜੀ ਦੇ ਵਿਚਾਰਾਂ ਨਾਲ ਮੇਲ ਖਾਂਦੀ ਸੀ) ਇਕੱਠੀ ਕੀਤੀ ਤੇ ਇਹ ਸਾਰੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਵੇਲੇ ਸੌਂਪੀ। ਸੰਗਤ ਬਣਾਉਣੀ ਤੇ ਧਰਮਸਾਲ ਉਸਾਰਨੇ ਆਪ ਦਾ ਮੁੱਖ ਮੰਤਵ ਸੀ ਤਾਂ ਕਿ ਮਨੁੱਖ ਧਰਮਸਾਲ ਵਿਚ ਇਕੱਠੇ ਬੈਠ ਕੇ ਭੇਖ-ਵਰਨ ਤੇ ਜਾਤ-ਪਾਤ ਤੋਂ ਉੱਚਾ ਉਠ ਸਕਣ ਤੇ ਨਾਮ ਜਪ ਕੇ, ਸ਼ਬਦ ਦਾ ਜਾਪ ਕਰ ਕੇ ਲੋੜਵੰਦਾਂ ਦੀ ਸਹਾਇਤਾ ਕਰਨ। ਉਨ੍ਹਾਂ ਸਭ ਤੋਂ ਪਹਿਲਾਂ ਐਮਨਾਬਾਦ ਭਾਈ ਲਾਲੋ ਜੀ ਦੇ ਘਰ ਨੂੰ ਧਰਮਸਾਲ ਬਣਾਇਆ। ਭਾਈ ਲਾਲੋ ਜੀ ਵਿਚ ਆਪ ਜੀ ਦੀ ਸੰਗਤ ਤੇ ਪੰਗਤ ਨਾਲ ਇੰਨਾ ਆਤਮ-ਵਿਸ਼ਵਾਸ ਜਾਗਿਆ ਕਿ ਗੁਰੂ ਜੀ ਨੇ ਭਾਈ ਲਾਲੋ ਜੀ ਨੂੰ ਪ੍ਰਚਾਰ ਕਰਨ ਹਿੱਤ ਜ਼ਿੰਮੇਵਾਰੀ ਸੌਂਪੀ। ਜਿੱਥੇ-ਜਿੱਥੇ ਗੁਰੂ ਜੀ ਨੇ ਮਨੁੱਖਤਾ ਦੀ ਬਰਾਬਰੀ ਦੀ ਗੱਲ ਕੀਤੀ, ਉੱਥੇ ਨਾਲ ਆਪਣੇ ਸ਼ਬਦਾਂ ਰਾਹੀਂ ਅਕਾਲ ਪੁਰਖ ਨਾਲ ਜੋੜਿਆ ਉਹ ਥਾਵਾਂ ਧਰਮਸਾਲ ਬਣ ਗਈਆਂ। ਭਾਈ ਗੁਰਦਾਸ ਜੀ ਅਨੁਸਾਰ:

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।* *(ਵਾਰ ੧:੨੭)*

ਸੰਸਾਰ ਦੇ ਇਤਿਹਾਸ ਵਿਚ ਪਹਿਲੀ ਵਾਰ ਆਪ ਜੀ ਨੇ ਹੀ ਇਸਤਰੀ ਦੀ ਪੂਰਨ ਅਜ਼ਾਦੀ ਲਈ ਅਵਾਜ਼ ਬੁਲੰਦ ਕੀਤੀ ਤੇ ਫੁਰਮਾਇਆ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਮਲਕ ਭਾਗੋ, ਦੁਨੀ ਚੰਦ, ਸੱਜਣ ਠੱਗ ਵਰਗੇ ਮਾਇਆਧਾਰੀ ਤੇ ਕੌਡੇ ਰਾਖਸ਼ ਤੇ ਵਲੀ ਕੰਧਾਰੀ ਵਰਗਿਆਂ ਦਾ ਹੰਕਾਰ ਤੋੜ ਕੇ ਉਨ੍ਹਾਂ ਨੂੰ ਸ੍ਰੇਸ਼ਠ ਜੀਵਨ ਦੇ ਧਾਰਨੀ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਪਰਮਾਤਮਾ ਦੀ ਬਾਦਸ਼ਾਹਤ ਵਿਚ ਵਿਸ਼ਵਾਸ ਰੱਖਦੇ ਹਨ। ਉਹ ਰਾਜਾ ਤੇ ਪਰਜਾ ਦਾ ਭੇਦ ਮਿਟਾਉਣਾ ਚਾਹੁੰਦੇ ਸਨ, ਇਸੇ ਲਈ ਬਾਬਰ ਵਰਗੇ ਜਰਵਾਣੇ ਵੱਲੋਂ ਕੀਤੀ ਤਬਾਹੀ ਤੇ ਬਰਬਾਦੀ ਵੇਖ ਜਰ ਨਾ ਸਕੇ ਤੇ ਬਾਬਰ ਨੂੰ ਜਾਬਰ ਕਿਹਾ। ਉਸ ਦੇ ਅਹਿਲਕਾਰਾਂ ਨੂੰ ਕੁੱਤੇ ਕਿਹਾ। ਗੁਰੂ ਜੀ ਨੇ ਪਰਮਾਤਮਾ ਅੱਗੇ ਵੀ ਨਿਹੋਰਾ ਪ੍ਰਗਟ ਕੀਤਾ।

ਗੁਰੂ ਜੀ ਬਾਬਰ ਦੀ ਕੈਦ ਤੋਂ ਤਦ ਤਕ ਰਿਹਾਅ ਨਾ ਹੋਏ ਜਦ ਤਕ ਬਾਬਰ ਨੇ ਸਾਰੇ

ਕੈਦੀਆਂ ਦੀ ਬੰਦ-ਖਲਾਸੀ ਨਾ ਕੀਤੀ। ਉਨ੍ਹਾਂ ਆਪਣੇ ਮਿੱਠੇ ਬੋਲ ਤੇ ਉਪਦੇਸ਼ ਸਦਕਾ ਬਾਬਰ ਦਾ ਸੁਭਾਅ ਬਦਲ ਦਿੱਤਾ ਤਾਂ ਹੀ ਉਸ ਨੇ ਕਿਹਾ, "ਨਾਨਕ ਵਿੱਚੋਂ ਖੁਦਾ ਦਾ ਦੀਦਾਰ ਹੁੰਦਾ ਹੈ।"

ਗੁਰੂ ਜੀ ਨੇ ਉਦਾਸੀਆਂ (ਪ੍ਰਚਾਰ ਫੇਰੀਆਂ) ਤੋਂ ਬਾਅਦ ਕਰਤਾਰਪੁਰ ਨਗਰ ਵਸਾਇਆ। ਗ੍ਰਿਹਸਥੀਆਂ ਵਾਲਾ ਪਹਿਰਾਵਾ ਧਾਰਨ ਕੀਤਾ, ਧਰਮਸਾਲ ਬਣਾਈ। ਕਰਤਾਰਪੁਰ ਵਿਖੇ ਜਿੱਥੇ ਸਵੇਰੇ ਸ਼ਾਮ ਕੀਰਤਨ ਹੁੰਦਾ, ਉਥੇ ਦਿਨੇ ਖੇਤਾਂ ਵਿਚ ਜਾ ਕੇ ਆਪਣੇ ਹੱਥੀਂ ਖੇਤੀਬਾੜੀ (ਕਿਰਤ) ਕਰਦੇ। ਆਪਣੀ ਭੈਣ ਬੇਬੇ ਨਾਨਕੀ ਜੀ ਤੇ ਸਾਰੇ ਪਰਵਾਰ ਪ੍ਰਤੀ ਫਰਜ਼ ਪੂਰੇ ਨਿਭਾਏ। ਗੁਰੂ ਜੀ ਨੇ ਭਾਈ ਲਹਿਣਾ ਜੀ ਦੀ ਕਰੜੀ ਘਾਲ ਕਮਾਈ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਆਪਣੇ ਅੰਗ ਲਗਾ ਕੇ ਲਹਿਣੇ ਤੋਂ ਅੰਗਦ ( ਸ੍ਰੀ ਗੁਰੂ ਅੰਗਦ ਦੇਵ ਜੀ) ਬਣਾਇਆ ਤੇ ਆਤਮਿਕ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਕਰਾ ਕੇ ਫੁਰਮਾਇਆ:

*'ਬਾਬਾ ਮੜੀ ਨ ਗੋਰ ਗੁਰੂ ਅੰਗਦ ਕੇ ਹੀਏ ਮੇ'*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ੯੭੪ ਸ਼ਬਦ ੧੯ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਜੀ ਨੇ ਸਾਰੀ ਬਾਣੀ ਸਰਲ ਬੋਲੀ ਤੇ ਕਈ ਕਾਵਿ ਰੂਪਾਂ ਵਿਚ ਰਚੀ। ਪਉੜੀਆਂ, ਅਸਟਪਦੀਆਂ ਤੋਂ ਇਲਾਵਾ ਪਟੀ, ਸੁਚਜੀ, ਕੁਚਜੀ, ਥਿਤੀ, ਓਅੰਕਾਰ, ਬਾਰਹ ਮਾਹ ਤੁਖਾਰੀ ਆਦਿ ਬਾਣੀਆਂ ਰਚੀਆਂ। ਬਾਣੀ ਨੂੰ ਹੋਰ ਸੁਖੈਨ ਤਰੀਕੇ ਨਾਲ ਗਾਉਣ ਲਈ ਵਾਰਾਂ ਵੀ ਉਸ ਸਮੇਂ ਦੇ ਪ੍ਰਚਲਿਤ ਲੋਕ ਵਾਰਾਂ ਦੀਆਂ ਧੁਨੀਆਂ 'ਤੇ ਗਾਉਣ ਦੀ ਹਦਾਇਤ ਕੀਤੀ। ਜਿਵੇਂ ਆਸਾ ਦੀ ਵਾਰ ਲਈ 'ਟੁੰਡੇ ਅਸਰਾਜੇ ਕੀ ਧੁਨੀ'

ਦਾਦਾ ਸ਼ਿਵਰਾਮ ਤੇ ਦਾਦੀ ਬਨਾਰਸੀ ਜੀ ਦੇ ਪੋਤੇ, ਮਹਿਤਾ ਕਾਲੂ ਜੀ ਦੇ ਬੇਟੇ, ਮਾਂ ਤ੍ਰਿਪਤਾ ਦੇ ਜਾਇ, ਬੇਬੇ ਨਾਨਕੀ ਦੇ ਤੇ ਪਿਆਰੇ ਵੀਰ ਧੰਨ ਗੁਰੂ ਨਾਨਕ ਦੇਵ ਜੀ ਤਾਂ ਅਕਾਲ ਰੂਪ, ਪਰਮੇਸ਼ਰ-ਸਰੂਪ, ਪਾਤਸ਼ਾਹ, *ਜਾਹਰ ਪੀਰ ਜਗਤੁ ਗੁਰੁ ਬਾਬਾ* ਹਨ। ਆਪ ਜੀ ਕਿਸੇ ਇਕ ਜਾਤ, ਫਿਰਕੇ ਜਾਂ ਕਿਸੇ ਇਕ ਦੇਸ਼ ਦੇ ਰਹਿਬਰ ਨਹੀਂ ਬਲਕਿ ਸਮੁੱਚੀ ਮਾਨਵਤਾ ਦੇ ਰਹਿਨੁਮਾ ਹਨ। ਗੁਰੂ ਜੀ ਦੇ ਗੁਣ ਅਥਾਹ ਸਾਗਰ ਵਾਂਗ ਹਨ।

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

# ਮਾਨਵਤਾ ਦੇ ਰਹਿਬਰ: ਸ੍ਰੀ ਗੁਰੂ ਨਾਨਕ ਦੇਵ ਜੀ

*-ਡਾ. ਪਰਮਜੀਤ ਕੌਰ**

ਸ਼ਾਂਤੀ ਦੇ ਪੁੰਜ, ਸਾਂਝੀਵਾਲਤਾ ਦੇ ਸਮਰਥਕ, ਨਿਮਾਣਿਆਂ ਦੇ ਮਾਣ, ਨੀਵਿਆਂ ਦੇ ਉਧਾਰਕ, ਨਿਮਰਤਾ ਦੀ ਮੂਰਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ, ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ ਵਿਚ ਪਿਤਾ ਮਹਿਤਾ ਕਲਿਆਣ ਦਾਸ ਜੀ (ਕਾਲੂ ਜੀ) ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਦੇਸ਼ ਅਤੇ ਸਮਾਜ ਦੀ ਹਾਲਤ ਬਹੁਤ ਚਿੰਤਾਜਨਕ ਸੀ। ਜਬਰ ਜ਼ੁਲਮ ਅਤੇ ਅੱਤਿਆਚਾਰ ਦੇ ਕਾਰਨ ਪਰਜਾ ਵਿਲਕ ਰਹੀ ਸੀ, ਧਰਮ ਦਾ ਆਧਾਰ ਡਗਮਗਾ ਰਿਹਾ ਸੀ, ਕੂੜ ਦਾ ਬੋਲਬਾਲਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਦੇ ਅਨੁਸਾਰ:

*- ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

*- ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜ ਰਹਿਆ ਭਰਪੂਰਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੬)*

ਭਾਈ ਗੁਰਦਾਸ ਜੀ ਅਨੁਸਾਰ:

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।...*
*ਵਰਤਿਆ ਪਾਪੁ ਸਭਸਿ ਜਾਗਿ ਮਾਂਹੀ॥* *(ਵਾਰ ੧:੩੦)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਇਕ ਨਵੇਂ ਯੁੱਗ ਦਾ ਅਰੰਭ ਹੋਇਆ। ਆਪ ਜੀ ਨੇ ਸਾਰੇ ਸੰਸਾਰ ਅੰਦਰ ਪ੍ਰਚਾਰ ਫੇਰੀਆਂ ਕਰਦੇ ਹੋਏ ਲੋਕਾਂ ਨੂੰ ਅਗਿਆਨਤਾ, ਵਹਿਆਂ-ਭਰਮ, ਅੰਧਵਿਸ਼ਵਾਸ ਅਤੇ ਕਰਮ-ਕਾਂਡ ਦੇ ਜਾਲ ਤੋਂ ਮੁਕਤ ਕੀਤਾ:

*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ॥* *(ਵਾਰ ੧:੨੪)*

ਆਪ ਜੀ ਨੇ ੧੯ ਰਾਗਾਂ ਵਿਚ ਬਾਣੀ ਰਚ ਕੇ ਆਪਣੇ ਉਪਦੇਸ਼ਾਂ ਅਤੇ ਆਪਸੀ ਸੰਵਾਦ ਰਾਹੀਂ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਊਚ-ਨੀਚ, ਛੂਆ-ਛੂਤ, ਜਾਤ-ਪਾਤ, ਅਮੀਰੀ-ਗਰੀਬੀ ਦੇ ਵਿਤਕਰੇ ਨੂੰ ਮਿਟਾ ਕੇ ਏਕਤਾ, ਪਿਆਰ ਅਤੇ ਸ਼ਾਂਤੀ

** ਮਕਾਨ ਨੰ: ੬੨੦, ਛੋਟੀ ਲਾਈਨ, ਸੰਤਪੁਰਾ, ਯਮੁਨਾਨਗਰ (ਹਰਿਆਣਾ), ੧੩੫੦੦੧; ਮੋ: ੯੯੧੨੩੫੯੧੯੬*

ਨਾਲ ਜੀਵਨ ਜੀਉਣ ਦੀ ਜਾਚ ਸਿਖਾਈ।

ਪਰ ਅਜੋਕਾ ਮਨੁੱਖ ਸਹੀ ਰਸਤੇ ਤੋਂ ਭਟਕ ਗਿਆ ਹੈ। ਚਹੁੰ ਪਾਸੇ ਅਹੰਕਾਰ ਦੀ ਧੁੰਦ ਛਾਈ ਹੋਈ ਹੈ, ਮੇਰ ਤੇਰ ਦੀ ਬੱਦਲੀ ਨਜ਼ਰ ਆ ਰਹੀ ਹੈ। ਜਿਸ ਕਾਰਨ ਮਨੁੱਖਤਾ ਖੇਰੂੰ-ਖੇਰੂੰ ਹੁੰਦੀ ਜਾ ਰਹੀ ਹੈ। ਮਨੁੱਖ ਦੀ ਗ਼ਲਤ ਸੋਚ ਉਸ ਨੂੰ ਭਾਈਚਾਰੇ, ਨਿਰਵੈਰਤਾ ਦੇ ਆਦਰਸ਼ ਮਾਰਗ ਤੋਂ ਖ਼ੁਦਗਰਜ਼ੀ, ਵੱਖਵਾਦ ਅਤੇ ਭੁਲੇਖੇ ਵਾਲੇ ਰਾਹ ’ਤੇ ਲੈ ਜਾ ਰਹੀ ਹੈ। ਅੱਜ ਫਿਰ ਗੁਰੂ ਜੀ ਦੇ ਸੰਦੇਸ਼ ਨੂੰ ਸਹੀ ਅਰਥਾਂ ਵਿਚ ਸਮਝਣ, ਸਮਝਾਉਣ ਅਤੇ ਦ੍ਰਿੜ੍ਹ ਕਰਵਾਉਣ ਦੀ ਲੋੜ ਹੈ।

ਮਨੁੱਖ ਦੀ ਸੰਕੀਰਣ ਸੋਚ ਹੀ ਜਾਤ-ਪਾਤ ਦੇ ਭੇਦ-ਭਾਵ, ਮੇਰ-ਤੇਰ ਦੀ ਭਾਵਨਾ ਅਤੇ ਵੰਡ-ਵਿਤਕਰਿਆਂ ਨੂੰ ਜਨਮ ਦਿੰਦੀ ਹੈ। ਇਨ੍ਹਾਂ ਵੰਡ-ਵਿਤਕਰਿਆਂ ਨੂੰ ਹੀ ਅਧਰਮ, ਅਕਲਿਆਣ ਅਤੇ ਅਸ਼ਾਂਤੀ ਦਾ ਮੂਲ ਕਾਰਨ ਮੰਨਿਆ ਜਾਂਦਾ ਹੈ। ਜੇਕਰ ਮਨੁੱਖ ਦਾ ਇਸ਼ਟ ਇੱਕ ਹੋਵੇ, ਜੀਵਨ ਦਾ ਮਨੋਰਥ ਇਕ ਹੋਵੇ ਤਾਂ ਆਪੂੰ ਸਿਰਜੇ ਵੰਡ-ਵਿਤਕਰੇ ਖਤਮ ਹੋ ਜਾਂਦੇ ਹਨ। ਵੇਦ ਅਤੇ ਪੁਰਾਣਾਂ ਦੇ ਬਹੁਦੇਵਤਾਵਾਦ ਅਤੇ ਅਨੇਕ-ਈਸ਼ਵਰਵਾਦ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਪਰਮਾਤਮਾ ਦੀ ਅਰਾਧਨਾ ਦਾ ਉਪਦੇਸ਼ ਦਿੱਤਾ ਹੈ:

*ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦)*

ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਭਾਲ ਦੁਰਮਤਿ ਹੈ ਜਿਸਦੇ ਅਧੀਨ ਜੀਵ ਦਾ ਸਰੀਰ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰਾਂ ਵਿਚ ਗਲਦਾ ਰਹਿੰਦਾ ਹੈ। ਉਸ ਦਾ ਮਨ ਭਟਕਦਾ ਰਹਿੰਦਾ ਹੈ:

*ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥*
*ਘਰਿ ਵਰੁ ਸਹਜ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੨)*

ਜਿਹੜਾ ਮਨੁੱਖ ਇਕ ਪਰਮਾਤਮਾ ਦੀ ਸਿਫਤਿ-ਸਾਲਾਹ ਕਰਦਾ ਹੈ, ਪੜ੍ਹਦਾ ਹੈ ਤੇ ਸੁਣਦਾ ਹੈ, ਧਰਤੀ ਦੇ ਆਸਰੇ ਇੱਕ ਅਕਾਲ ਪੁਰਖ ਦੀ ਹੀ ਟੇਕ ਫੜਦਾ ਹੈ ਉਹ ਲਬ, ਲੋਭ ਤਿਆਗ ਕੇ ਗੰਭੀਰ ਸੁਭਾਅ ਵਾਲਾ ਬਣ ਜਾਂਦਾ ਹੈ ਅਤੇ ਮਨੁੱਖੀ ਜੀਵਨ ਦੇ ਫ਼ਰਜ਼ ਨੂੰ ਪਛਾਣਨ ਲੱਗ ਜਾਂਦਾ ਹੈ:

*ਕਹਤਉ ਪੜਤਉ ਸੁਣਤਉ ਏਕ॥ ਧੀਰਜ ਧਰਮੁ ਧਰਣੀਧਰ ਟੇਕ॥*
*ਜਤੁ ਸਤੁ ਸੰਜਮ ਰਿਦੈ ਸਮਾਏ॥ ਚਉਥੇ ਪਦ ਕਉ ਜੇ ਮਨੁ ਪਤੀਆਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੬)*

ਕਿਸੇ ਹੋਰ ਦੇਵੀ-ਦੇਵਤੇ ਦੀ ਪੂਜਾ ਕਰਨੀ, ਮੜ੍ਹੀ ਮਸਾਣੇ ਆਦਿ ’ਤੇ ਜਾਣਾ ਜੀਵਨ ਦੇ ਕੀਮਤੀ ਸਮੇਂ ਨੂੰ ਵਿਅਰਥ ਗਵਾਂਦਾ ਹੈ:

*- ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੪)*

*- ਰਾਮ ਨਾਮੁ ਜਪਿ ਅੰਤਰਿ ਪੂਜਾ॥*
*ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ॥੧॥*
*ਏਕੋ ਰਵਿ ਰਹਿਆ ਸਭ ਠਾਈ॥*
*ਅਵਰੁ ਨ ਦੀਸੈ ਕਿਸੁ ਪੂਜ ਚੜਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੫)*

ਜੀਵ ਦੀ ਪਰਮਾਤਮਾ ਨਾਲ ਬਹੁਤ ਨੇੜ੍ਹੇ ਦੀ ਸਾਂਝ ਹੈ। ਸਾਡੀ ਕੋਈ ਵੀ ਕ੍ਰਿਆ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੈ:

*ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਾਲੇ॥*
*ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੯)*

ਦੁਬਿਧਾ ਨੂੰ ਮਾਰ ਕੇ ਇਕ ਪ੍ਰਭੂ ਦਾ ਦਰ ਮੱਲੀ ਰੱਖਣਾ ਹੀ ਸੁਖੀ ਜੀਵਨ ਦਾ ਆਧਾਰ ਹੈ:

*ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ॥*
*ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੬)*

ਇਕ ਪਰਮਾਤਮਾ ਦੀ ਅਰਾਧਨਾ ਕਰਨ ਨਾਲ ਮਨੁੱਖ ਦੀ ਦੂਜੇ ਮਨੁੱਖ ਨਾਲ ਆਤਮਕ ਸਾਂਝ ਪੈਦਾ ਹੋ ਜਾਂਦੀ ਹੈ।ਇਕ ਮਨੁੱਖ ਦੀ ਦੂਜੇ ਮਨੁੱਖ ਵਿਚਕਾਰ ਡੂੰਘੀ ਹੁੰਦੀ ਜਾ ਰਹੀ ਭੇਦ-ਭਾਵ ਦੀ ਖਾਈ ਨੂੰ ਪਰਮਾਤਮਾ ਦੇ ਪ੍ਰੇਮ ਨਾਲ ਹੀ ਭਰਿਆ ਜਾ ਸਕਦਾ ਹੈ। ਪਰਮਾਤਮਾ ਦੇ ਪ੍ਰੇਮ ਵਿਚ ਰੰਗੇ ਹੋਏ ਮਨੁੱਖ ਦੇ ਸਾਰੇ ਭਰਮ ਦੂਰ ਜਾਂਦੇ ਹਨ। ਗੁਰੂ ਸਾਹਿਬ ਨੇ ਜਾਤ-ਪਾਤ, ਊਚ-ਨੀਚ, ਅਮੀਰੀ ਗਰੀਬੀ ਦੇ ਭੇਦ ਭਾਵ ਨੂੰ ਤਿਆਗ ਕੇ ਸਾਰੀ ਮਨੁੱਖਤਾ ਨੂੰ ਇੱਕ ਕਰਕੇ ਜਾਣਨ ਦਾ ਆਦੇਸ਼ ਦਿੱਤਾ ਹੈ। ਆਪ ਜੀ ਸਮਝਾਅ ਰਹੇ ਹਨ ਕਿ ਸਾਰੇ ਜੀਵਾਂ ਵਿਚ ਇਕ ਹੀ ਆਤਮਾ ਹੁੰਦੀ ਹੈ:

*ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩)*

ਚਾਰ ਵਰਨ ਅਤੇ ਜਾਤੀਆਂ ਮਨੁੱਖ ਨੂੰ ਇਕ ਦੂਜੇ ਤੋਂ ਦੂਰ ਕਰ ਦਿੰਦੀਆਂ ਹਨ। ਗੁਰੂ ਸਾਹਿਬ ਅਨੁਸਾਰ ਜਦੋਂ ਕੋਈ ਵਿਅਕਤੀ ਮਿਲੇ ਤਾਂ ਉਸ ਕੋਲੋਂ ਜਾਤ ਨਹੀਂ ਪੁੱਛਣੀ ਚਾਹੀਦੀ:

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੯)*

ਇਹ ਵੇਖੋ ਕਿ ਉਸ ਦੇ ਅੰਦਰ ਜੋਤਿ ਕਿਸ ਦੀ ਹੈ। ਮਨੁੱਖ ਦੇ ਕਰਮ ਹੀ ਉਸ ਦੀ ਜਾਤ ਹਨ:

*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੦)*

ਜਾਤ-ਪਾਤ ਦੇ ਭੇਦ ਨੂੰ ਖਤਮ ਕੀਤੇ ਬਿਨਾਂ ਆਪਸੀ ਸਾਂਝ ਪੈਦਾ ਨਹੀਂ ਹੋ

ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਨੀਚ ਅਖਵਾਉਣ ਵਾਲੇ ਲੋਕਾਂ ਵਿਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਮਾਣ ਦੇ ਕੇ ਇਹ ਸਪੱਸ਼ਟ ਕੀਤਾ ਹੈ ਕਿ ਜਿੱਥੇ ਨੀਚ ਦੀ ਸੰਭਾਲ ਹੁੰਦੀ ਹੈ, ਉੱਥੇ ਹੀ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

ਆਪ ਜੀ ਨੇ ਜਾਤ-ਪਾਤ ਦੇ ਭੇਦ ਨੂੰ ਸਮਾਪਤ ਕਰਨ ਲਈ ਥਾਂ-ਥਾਂ 'ਤੇ ਸਾਧ-ਸੰਗਤਿ ਦੀ ਸਥਾਪਨਾ ਕੀਤੀ। ਜਿਸ ਵਿਚ ਚਾਰਾਂ ਵਰਨਾਂ ਦੇ ਲੋਕ ਸ਼ਾਮਲ ਹੁੰਦੇ ਸਨ। ਉਹ ਇਕੱਠ ਜਿੱਥੇ ਵਾਹਿਗੁਰੂ ਦਾ ਨਾਮ ਜਪਿਆ ਜਾਏ, ਸਾਧ-ਸੰਗਤਿ ਹੈ:

*ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)*

ਸੰਗਤ ਦੀ ਸਾਂਝ ਨਾਲ ਦੁਖ-ਸੁਖ ਸਾਂਝੇ ਹੁੰਦੇ ਹਨ। ਸੰਗਤ ਵਿਚ ਲੋੜਵੰਦਾਂ ਦੀ ਸਹਾਇਤਾ ਲਈ ਅਪੀਲ ਵੀ ਕੀਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਪਰੰਪਰਾ ਦੇ ਨਾਲ ਹੀ ਭਾਈਚਾਰੇ ਦੀ ਭਾਵਨਾ ਨੂੰ ਸਾਹਮਣੇ ਰੱਖਦਿਆਂ ਹੋਇਆਂ ਸੰਗਤ ਵਿਚ ਕੜਾਹ ਪ੍ਰਸ਼ਾਦ ਦੀ ਮਰਯਾਦਾ ਅਤੇ ਗੁਰੂ ਕਾ ਲੰਗਰ ਚਲਾਇਆ ਜਿਸ ਵਿਚ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ ਦੇ ਵਿਤਕਰੇ ਤੋਂ ਬਿਨਾਂ ਸਾਰਿਆਂ ਨੂੰ ਇੱਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਹੈ। ਇਸ ਦਾ ਉਦੇਸ਼ ਸੀ ਕਿ ਕੋਈ ਵੀ ਕਿਸੇ ਨੂੰ ਨੀਵਾਂ ਨਾ ਸਮਝੇ। ਕੇਵਲ ਜਾਤ ਜਾਂ ਊਚ-ਨੀਚ ਦੇ ਆਧਾਰ 'ਤੇ ਹੀ ਨਹੀਂ ਬਲਕਿ ਮਜ਼ਹਬ ਦੇ ਆਧਾਰ 'ਤੇ ਵੀ ਕੋਈ ਮਨੁੱਖ ਦੂਜੇ ਮਨੁੱਖ ਨਾਲੋਂ ਵੱਖਰਾ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ 'ਤੇ ਵੀ ਆਪਣੇ ਮਜ਼ਹਬ ਨੂੰ ਛੱਡਣ ਲਈ ਦਬਾਉ ਨਹੀਂ ਪਾਇਆ, ਸਿਰਫ ਭਲਾਈ ਵੱਲ ਪ੍ਰੇਰਦੇ ਹੋਏ ਆਪਣੇ-ਆਪਣੇ ਧਰਮ ਵਿਚ ਸੱਚਾ ਅਤੇ ਸੁੱਚਾ ਰਹਿਣ ਦਾ ਉਪਦੇਸ਼ ਦਿੱਤਾ ਹੈ। ਮੁਸਲਮਾਨਾਂ ਨੂੰ ਸੱਚਾ ਮੁਸਲਮਾਨ ਬਣਨ ਲਈ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਅਸਲ ਮੁਸਲਮਾਨ ਬਣਨ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਮਜ਼ਹਬ ਪਿਆਰਾ ਲੱਗੇ, ਫਿਰ ਆਪਣੀ ਕਮਾਈ ਦਾ ਧਨ ਲੋੜਵੰਦਾਂ ਨੂੰ ਵੰਡ ਕੇ ਵਰਤੇ। ਮਜ਼ਹਬ ਦੀ ਅਗਵਾਈ ਵਿਚ ਤੁਰ ਕੇ ਮੁਸਲਮਾਨ ਬਣੇ, ਕਾਦਰ ਨੂੰ ਹੀ ਸਭ ਕੁਝ ਕਰਨ ਵਾਲਾ ਮੰਨੇ ਤੇ ਖੁਦੀ ਮਿਟਾ ਦੇਵੇ। ਰੱਬ ਦੇ ਪੈਦਾ ਕੀਤੇ ਸਾਰੇ ਬੰਦਿਆਂ ਨਾਲ ਪਿਆਰ ਕਰੇ:

*ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥*
*ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਬ੍ਰਾਹਮਣਾਂ ਨੂੰ ਸਮਝਾਇਆ ਕਿ ਜੋ ਪ੍ਰਭੂ ਵਿਚ ਸੁਰਤਿ ਜੋੜਦਾ ਹੈ ਉਹੀ ਬ੍ਰਾਹਮਣ ਹੈ:

*ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥*
*ਆਪਿ ਤਰੈ ਸਗਲੇ ਕੁਲ ਤਾਰੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*

ਮਾਨਵਤਾ ਦੇ ਕਲਿਆਣ ਲਈ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸਿਧਾਂਤ ਨੂੰ ਪ੍ਰਚਾਰਿਆ ਜਾਵੇ ਤਾਂ ਕਿ ਇਸ ਨਾਲ ਜੁੜੀਆਂ ਹੋਈਆਂ ਸਮਾਜਿਕ ਅਤੇ ਰਾਜਨੀਤਿਕ ਉਲਝਣਾਂ ਨੂੰ ਸੁਲਝਾਇਆ ਜਾ ਸਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਇਸਤਰੀ ਵੀ ਪੁਰਸ਼ ਦੇ ਬਰਾਬਰ ਸਨਮਾਨ ਦੀ ਅਧਿਕਾਰੀ ਹੈ। ਆਪ ਜੀ ਨੇ ਦ੍ਰਿੜ੍ਹ ਕਰਵਾਇਆ ਹੈ ਕਿ ਇਸਤਰੀ ਸੰਤ-ਮਹਾਤਮਾ, ਰਿਸ਼ੀ-ਮੁਨੀ, ਰਾਜਿਆਂ-ਮਹਾਰਾਜਿਆਂ ਦੀ ਜਨਮ-ਦਾਤੀ ਹੈ ਤਾਂ ਫਿਰ ਉਹ ਨੀਵੀਂ ਕਿਵੇਂ ਹੋ ਸਕਦੀ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥...*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ ਸੁਖੀ ਜੀਵਨ ਦਾ ਆਧਾਰ ਹੈ। ਗੁਰੂ ਜੀ ਨੇ ਉੱਚਿਤ ਸਾਧਨਾਂ ਨਾਲ ਮਿਹਨਤ ਦੀ ਕਮਾਈ ਕਰ ਕੇ ਉਸ ਵਿੱਚੋਂ ਲੋੜਵੰਦਾਂ ਦੀ ਮਦਦ ਕਰਨ ਦਾ ਆਦੇਸ਼ ਦਿੱਤਾ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਅਕਾਲ ਪੁਰਖ ਦੇ ਡਰ ਅਦਬ ਵਿਚ ਰਹਿ ਕੇ ਸਦਾਚਾਰ ਦਾ ਪਾਲਣ ਕਰਦੇ ਹੋਏ ਧਨ ਕਮਾਉਣਾ ਜੀਵਨ ਦੀ ਲੋੜ ਹੈ। ਪਰ ਜਦੋਂ ਤ੍ਰਿਸ਼ਨਾ ਸੀਮਾ ਪਾਰ ਕਰ ਜਾਂਦੀ ਹੈ, ਲੋਕ ਵਿਖਾਵੇ ਦੀ ਪਕੜ ਮਜ਼ਬੂਤ ਹੋ ਜਾਂਦੀ ਹੈ ਤੇ ਲੋਭ ਵਧਦਾ ਜਾਂਦਾ ਹੈ ਤਾਂ ਸੱਚ ਜੀਵਨ ਵਿੱਚੋਂ ਬਾਹਰ ਨਿਕਲਦਾ ਜਾਂਦਾ ਹੈ। ਝੂਠ ਬੋਲਣਾ, ਝੂਠੀ ਕਿਰਤ ਆਦਿ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਪ੍ਰਾਪਤੀ ਦੀ ਅੰਨ੍ਹੀ ਦੌੜ ਜੀਵਨ ਨੂੰ ਪਤਿਤ ਕਰ ਦੇਂਦੀ ਹੈ। ਮਨੁੱਖ ਮਾਨਸਿਕ ਸ਼ਾਂਤੀ ਗਵਾ ਬੈਠਦਾ ਹੈ ਅਤੇ ਸਰੀਰ ਰੋਗੀ ਹੋ ਜਾਂਦਾ ਹੈ। ਅੱਜ ਮਨੁੱਖ ਦੇ ਦੁੱਖ ਸੰਤਾਪ ਅਤੇ ਕਲੇਸ਼ ਦਾ ਇਹੀ ਮੁੱਖ ਕਾਰਨ ਬਣ ਗਿਆ ਹੈ। ਗੁਰੂ ਸਾਹਿਬ ਨੇ ਪਰ ਧਨ ਆਦਿਕ ਦਾ ਮੋਹ ਤਿਆਗ ਕੇ ਆਪਣੀ ਮਿਹਨਤ ਦੀ ਕਮਾਈ ਵਿਚ ਸੰਤੁਸ਼ਟ ਰਹਿਣ ਦਾ ਉਪਦੇਸ਼ ਦਿੱਤਾ ਹੈ ਅਤੇ ਸੁਚੇਤ ਕੀਤਾ ਹੈ ਇਹੀ ਕਲਿਆਣਕਾਰੀ ਹੈ:

*-ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੫)*
*-ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਣਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਾਏ ਹੱਕ ਮਾਰ ਕੇ ਧਨ ਕਮਾਉਣ ਵਾਲੇ ਮਲਕ

ਭਾਗੋ ਦੇ ਬ੍ਰਹਮ ਭੋਜ ਨੂੰ ਸਵੀਕਾਰ ਨਾ ਕਰ ਕੇ ਸੱਚੀ-ਸੁੱਚੀ ਕਿਰਤ ਕਰਨ ਵਾਲੇ ਗ਼ਰੀਬ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਸਵੀਕਾਰ ਕੀਤਾ ਅਤੇ ਸਮਝਾਇਆ ਹੈ ਕਿ ਪਰਾਇਆ ਹੱਕ ਮਾਰਨਾ ਪਾਪ ਹੈ। ਜੇਕਰ ਜਾਮੇ ਨੂੰ ਖ਼ੂਨ ਲੱਗਾ ਹੋਵੇ ਤਾਂ ਅਪਵਿੱਤਰ ਹੈ। ਗੁਰਵਾਕ ਹਨ:

*- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ,੧੪੧)*

*- ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਪਰਮਾਤਮਾ ਸਦਾ ਪਵਿੱਤਰ ਹੈ। ਉਹ ਦੁਰਮਤਿ ਦੇ ਅਧੀਨ ਹੋਏ ਅਪਵਿੱਤਰ ਮਨ ਵਾਲੇ ਐਸੇ ਮਨੁੱਖਾਂ ਨੂੰ ਸਦਾ ਦੂਰ ਹੀ ਪ੍ਰਤੀਤ ਹੁੰਦਾ ਹੈ। ਗੁਰੂ ਜੀ ਅਨੁਸਾਰ ਭੈੜੀ ਮਤਿ ਮਨੁੱਖ ਦੇ ਅੰਦਰ ਮਾਨੋਂ ਮਿਰਾਸਣ ਹੈ, ਬੇਰਹਿਮੀ ਕਸਾਇਣ ਅਤੇ ਪਰ ਨਿੰਦਾ ਅੰਦਰ ਦੀ ਚੂਹੜੀ ਹੈ:

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ,੯੧)*

ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਨਾਲ ਆਪਸੀ ਸਾਂਝ ਵੱਧਦੀ ਹੈ। ਇਸ ਦੌੜ-ਭੱਜ ਅਤੇ ਮੁਕਾਬਲੇ ਦੇ ਯੁੱਗ ਵਿਚ ਮਾਇਆ ਲਿਪਤ ਮਨੁੱਖ ਕਾਰ-ਵਿਹਾਰ ਦੇ ਬੰਧਨਾਂ ਵਿਚ ਜਕੜਿਆ ਹੋਇਆ ਆਪਣੇ ਆਤਮਿਕ ਜੀਵਨ ਤੋਂ ਨਿਰੰਤਰ ਦੂਰ ਹੁੰਦਾ ਜਾ ਰਿਹਾ ਹੈ। ਮਨ ਦੀ ਸ਼ਾਂਤੀ ਦੀ ਖੋਜ ਵਿਚ ਤੀਰਥ ਇਸ਼ਨਾਨ ਆਦਿਕ ਕਰਮਕਾਂਡਾਂ ਦਾ ਆਸਰਾ ਲੈਂਦਾ ਹੋਇਆ ਆਪਣੇ ਮਨ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹ ਕਰਮ ਉਸ ਦੇ ਮਨ ਦੀ ਮੈਲ ਨੂੰ ਦੂਰ ਕਰਨ ਅਤੇ ਕਾਰ-ਵਿਹਾਰ ਵਿਚ ਕੀਤੇ ਫਰੇਬ ਆਦਿਕ ਗ਼ਲਤੀਆਂ ਤੋਂ ਮੁਕਤ ਕਰਨ ਵਿਚ ਸਹਾਇਕ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਭੁਲੇਖੇ ਨੂੰ ਦੂਰ ਕਰਨ ਵਿਚ ਸਹਾਇਕ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਭੁਲੇਖੇ ਨੂੰ ਦੂਰ ਕਰਦੇ ਹੋਏ ਫੁਰਮਾਉਂਦੇ ਹਨ ਕਿ ਤਨ ਨੂੰ ਧੋਣ ਨਾਲ ਮਨ ਦੀ ਮੈਲ ਦੂਰ ਨਹੀਂ ਹੁੰਦੀ। ਗੁਰਵਾਕ ਹਨ:

*- ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੫)*

*- ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥*
*ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੮)*

ਮਨ ਦੀ ਮੈਲ, ਮਨ ਦੇ ਵਿਕਾਰ ਸਿਰਫ ਪਰਮਾਤਮਾ ਦਾ ਆਸਰਾ ਲੈ ਕੇ ਪਰਮਾਤਮਾ ਦੇ ਨਾਮ ਦੇ ਸਿਮਰਨ ਨਾਲ ਹੀ ਦੂਰ ਕੀਤੇ ਜਾ ਸਕਦੇ ਹਨ। ਨਾਮ-ਸਿਮਰਨ ਤੋਂ ਬਿਨਾਂ ਆਤਮਕ ਜੀਵਨ ਕਾਮ-ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ

ਵਿਕਾਰਾਂ ਦੇ ਕਰੜੇ ਭਾਰ ਹੇਠ ਦੱਬ ਕੇ ਖਤਮ ਹੋ ਜਾਂਦਾ ਹੈ:

*ਕਾਮੁ ਕ੍ਰੋਧ ਬਿਖੁ ਬਜਰੁ ਭਾਰੁ॥ ਨਾਮ ਬਿਨਾ ਕੈਸੇ ਗੁਨ ਚਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੭)*

ਪਰਮਾਤਮਾ ਦੇ ਗਿਆਨ ਰੂਪ ਨਾਮ-ਅੰਮ੍ਰਿਤ ਜਲ ਵਿਚ ਇਸ਼ਨਾਨ ਕਰਨ ਨਾਲ ਮਨ ਤੇ ਤਨ ਦੋਨੋਂ ਪਵਿੱਤਰ ਹੋ ਜਾਂਦੇ ਹਨ:

*ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੭)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਦੇ ਹੋਏ ਨਿਰਲੇਪ ਰਹਿ ਕੇ ਪ੍ਰਭੂ-ਸਿਮਰਨ ਦਾ ਉਪਦੇਸ਼ ਦਿੱਤਾ ਹੈ ਅਤੇ ਦ੍ਰਿੜ੍ਹ ਕਰਾਇਆ ਹੈ ਕਿ ਜ਼ਿੰਦਗੀ ਦੇ ਅਸਲ ਮਨੋਰਥ ਪ੍ਰਭੂ ਮਿਲਾਪ ਨੂੰ ਪ੍ਰਾਪਤ ਕਰਨ ਲਈ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਹੀ ਇੱਕੋ ਇਕ ਓਟ ਆਸਰਾ ਹੈ ਇਹੀ ਵਿਕਾਰਾਂ ਤੋਂ ਖਲਾਸੀ ਦਾ ਮੂਲ ਹੈ, ਆਤਮਾ ਦੀ ਖੁਰਾਕ ਹੈ ਅਤੇ ਜੀਉਣ ਦਾ ਸੁੱਚਜਾ ਢੰਗ ਹੈ:

*ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੪)*

ਦੁਨੀਆ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ ਤੇ ਸਿਆਣਪਾਂ ਚਲਾਕੀਆਂ ਕਿਸੇ ਕੰਮ ਨਹੀ ਆਉਂਦੀਆਂ ਸਿਰਫ ਪਰਮਾਤਮਾ ਦਾ ਨਾਮ ਹੀ ਮਦਦਗਾਰ ਬਣਦਾ ਹੈ:

*ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥*
*ਨਾਨਕ ਨਾਮੁ ਸਮਾਲਿ ਤੂੰ ਬਧਾ ਛੂਟਹਿ ਜਿਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੯)*

ਜਿਵੇਂ ਕੋਠੇ ਦੀ ਛੱਤ 'ਤੇ ਕੋਈ ਪਉੜੀ ਤੋਂ ਬਿਨਾਂ ਨਹੀ ਅੱਪੜ ਸਕਦਾ ਤਿਵੇਂ ਹੀ ਉੱਚੇ ਆਤਮਕ ਟਿਕਾਣੇ ਤੇ ਵੱਸਦੇ ਪਰਮਾਤਮਾ ਤਕ ਸਿਮਰਨ ਦੀ ਪਉੜੀ ਤੋਂ ਬਿਨਾਂ ਨਹੀਂ ਪਹੁੰਚਿਆ ਜਾ ਸਕਦਾ:

*ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ॥*
*ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੩)*

ਗੁਰੂ ਸਾਹਿਬ ਵਿਸਥਾਰ ਨਾਲ ਸਮਝਾਅ ਰਹੇ ਹਨ ਕਿ ਸੰਸਾਰ ਇਕ ਡੂੰਘਾ ਸਮੁੰਦਰ ਹੈ ਜਿਸ ਵਿਚ ਵਿਕਾਰਾਂ ਦਾ ਗਹਿਰਾ ਪਾਣੀ ਹੈ ਤੇ ਇਹ ਸਰੀਰ ਕੱਚੇ ਘੜੇ ਵਾਂਗ ਹੈ, ਪੈਦਾ ਹੁੰਦਾ ਹੈ, ਦੁਖ ਸਹਾਰਦਾ ਹੈ ਅਤੇ ਨਸ਼ਟ ਹੋ ਜਾਂਦਾ ਹੈ। ਇਸ ਸਰੀਰ ਨਾਲ ਪਰਮਾਤਮਾ ਦਾ ਸਹਾਰਾ ਲੈਂਦੇ ਹੀ ਸੰਸਾਰ-ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ:

*ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ॥*
*ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੫)*

ਮਿੱਥੇ ਹੋਏ ਧਾਰਮਿਕ ਕਰਮ ਰਸਮਾਂ ਆਦਿਕ ਮਨੁੱਖ ਨੂੰ ਵਿਕਾਰਾਂ ਦੇ ਪੰਜੇ ਵਿੱਚੋਂ ਨਿਕਲਣ ਵਿਚ ਸਹਾਇਤਾ ਨਹੀਂ ਕਰਦੇ ਬਲਕਿ ਮਨ ਦੀ ਹਉਮੈਂ ਨੂੰ ਵਧਾਉਂਦੇ ਹਨ। ਜਿਹੜੇ ਜੀਵ ਅਕਾਲ ਪੁਰਖ ਦੀ ਬੰਦਗੀ ਛੱਡ ਕੇ ਕਰਮਕਾਂਡਾਂ ਵਿਚ ਉਲਝੇ ਰਹਿੰਦੇ ਹਨ ਉਹ ਮਾਨੋ ਰੁੱਖ ਦੇ ਮੂਲ ਨੂੰ ਛੱਡ ਕੇ ਡਾਲੀ ਕੋਲੋਂ ਛਾਂ ਦੀ ਉਮੀਦ ਕਰਦੇ ਹਨ:

*ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ॥*
*ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੨੦)*

ਵਿਦਵਤਾ, ਚਤੁਰਾਈਆਂ, ਭਗਵਾ ਵੇਸ਼, ਦੇਸ਼ ਰਟਨ ਆਦਿਕ ਸਾਧਨਾਂ ਨਾਲ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਾਹਰ ਭਟਕਦਾ ਜੀਵ ਗੁਰੂ ਦੇ ਰਾਹੀਂ ਹੀ ਹਿਰਦੇ-ਘਰ ਵਿਚ ਮੋੜ ਕੇ ਲਿਆਇਆ ਜਾ ਸਕਦਾ ਹੈ:

*ਜਿਸੁ ਜੀਉ ਅੰਤਰੁ ਮੈਲਾ ਹੋਇ॥ ਤੀਰਥ ਭਵੈ ਦਿਸੰਤਰ ਲੋਇ॥*
*ਨਾਨਕ ਮਿਲੀਐ ਸਤਿਗੁਰ ਸੰਗ॥ ਤਉ ਭਵਜਲ ਕੇ ਤੂਟਸਿ ਬੰਧ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੯)*

ਪਰਮਾਤਮਾ ਨਾਲ ਸਾਂਝ ਗੁਰੂ ਦੀ ਰਾਹੀਂ ਹੀ ਬਣਦੀ ਹੈ। ਸਾਡੇ ਲਈ ਗੁਰਬਾਣੀ ਹੀ ਗੁਰੂ ਹੈ। ਜਿਹੜਾ ਮਨੁੱਖ ਗੁਰੂ ਦੇ ਸਬਦ ਦੇ ਨਾਲ ਜੁੜ ਕੇ ਗੁਰਬਾਣੀ ਅਨੁਸਾਰ ਜੀਵਨ-ਘਾੜਤ ਘੜਦਾ ਹੈ, ਉਸ ਦਾ ਮਨ ਹੀ ਨਾਮ ਸਿਮਰਨ ਵਿਚ ਲਗਦਾ ਹੈ ਤੇ ਉਹ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ:

*- ਸੰਤ ਜਨਾਂ ਹਰਿ ਧਨੁ ਜਸੁ ਪਿਆਰਾ॥ ਗੁਰਮਤਿ ਪਾਇਆ ਨਾਮੁ ਤੁਮਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪੩)*

*- ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੭)*

ਹਿਰਦੇ ਵਿਚ ਪ੍ਰਭੂ-ਪ੍ਰੇਮ ਪੈਦਾ ਕਰਨ ਲਈ ਚੰਗੇ ਕਰਮਾਂ ਨਾਲ ਆਪਣੇ ਆਪ ਨੂੰ ਸੰਵਾਰਨਾ ਬਹੁਤ ਜ਼ਰੂਰੀ ਹੈ। ਆਪਣੇ ਅੰਦਰੋਂ ਔਗੁਣਾਂ ਨੂੰ ਕੱਢ ਕੇ ਗੁਣਾਂ ਦਾ ਧਾਰਨੀ ਹੋ ਕੇ ਹੀ ਪਰਮਾਤਮਾ ਦੀ ਨੇੜ੍ਹਤਾ ਪ੍ਰਾਪਤ ਕੀਤੀ ਜਾ ਸਕਦੀ ਹੈ:

*- ਸਭਿ ਅਵਗਣ ਮੈ ਗੁਣੁ ਨਹੀ ਕੋਈ॥ ਕਿਉ ਕਰਿ ਕੰਤ ਮਿਲਾਵਾ ਹੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦਾਚਾਰਕ ਜੀਵਨ 'ਤੇ ਜ਼ੋਰ ਦਿੱਤਾ ਹੈ। ਸੱਚ, ਸੰਤੋਖ, ਦਇਆ, ਨਿਮਰਤਾ, ਸਹਿਣਸ਼ੀਲਤਾ, ਪਰਉਪਕਾਰ ਦੀ ਭਾਵਨਾ, ਕਿਸੇ ਦਾ ਬੁਰਾ ਨਾ ਕਰਨਾ, ਮਿੱਠਾ ਬੋਲਣਾ, ਆਦਿਕ ਗੁਣਾਂ ਨੂੰ ਧਾਰਨ ਕਰਨ ਨਾਲ ਮਾਇਆ ਦੀਆਂ ਜ਼ੰਜੀਰਾਂ ਵਿੱਚੋਂ ਨਿਕਲਣ ਦਾ ਰਸਤਾ ਸੌਖਾ ਹੋ ਜਾਂਦਾ ਹੈ। ਹਿਰਦੇ ਨੂੰ ਸੁੱਚੇ ਆਚਰਨ ਨਾਲ ਤਿਆਰ ਕਰਕੇ ਹੀ ਨਾਮ-ਬੀਜ ਬੀਜਿਆ ਜਾ ਸਕਦਾ ਹੈ। ਗੁਰਵਾਕ ਹਨ:

*- ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ॥*

*ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ,੧੯)*

*– ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥*
*ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੯)*

ਗੁਰੂ ਪਾਤਸ਼ਾਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਜਿਸ ਸਰੀਰ ਨਗਰ ਵਿਚ ਸੇਵਾ, ਸੰਤੋਖ, ਜਤ, ਉੱਚਾ ਆਚਰਨ ਤੇ ਸੰਜਮ ਰਹਿੰਦੇ ਹੋਣ ਉਸ ਵਿਚ ਵੱਸਦਾ ਜੀਵ ਸਦਾ ਅਕਾਲ ਪੁਰਖ ਦਾ ਆਸਰਾ ਲਈ ਰੱਖਦਾ ਹੈ। ਆਤਮਕ ਅਡੋਲਤਾ ਵਿਚ ਟਿਕਿਆ ਹੋਇਆ ਉਹ ਗੁਰ-ਸ਼ਬਦ ਵਿਚ ਜੁੜ ਕੇ, ਪ੍ਰਭੂ-ਪ੍ਰੇਮ ਦੀ ਰੋਹ ਪ੍ਰਾਪਤ ਕਰ ਕੇ ਪ੍ਰਭੂ ਦੀ ਹਜ਼ੂਰੀ ਵਿਚ ਇੱਜ਼ਤ ਪ੍ਰਾਪਤ ਕਰ ਲੈਂਦਾ ਹੈ:

*ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੭)*

ਅੱਜ ਇਸ ਵਿਗਿਆਨਕ ਯੁੱਗ ਵਿਚ ਵੀ ਮਨੁੱਖ ਖੋਖਲੇ ਭਰਮਾਂ ਵਿਚ ਪੈ ਕੇ ਆਪਣਾ ਸਮਾਂ ਅਤੇ ਧਨ ਦੋਨੋਂ ਹੀ ਨਸ਼ਟ ਕਰ ਰਿਹਾ ਹੈ ਅਤੇ ਅਕਾਲ ਪੁਰਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜੰਮਣਾ ਮਰਣਾ ਪਰਮਾਤਮਾ ਦੀ ਰਜ਼ਾ ਵਿਚ ਹੁੰਦਾ ਰਹਿੰਦਾ ਹੈ। ਇਨ੍ਹਾਂ ਦੇ ਭਰਮ ਵਿਚ ਪੈ ਕੇ ਸੂਤਕ ਆਦਿਕ ਨੂੰ ਮੰਨਣਾ ਅਗਿਆਨਤਾ ਦਾ ਪਰਿਚਾਯਕ ਹੈ। ਗੁਰੂ ਸਾਹਿਬ ਦੇ ਅਨੁਸਾਰ ਇਨ੍ਹਾਂ ਦੇ ਭਰਮਾਂ ਵਿਚ ਪੈਣ ਦੀ ਥਾਂ ਮਨੁੱਖ ਆਪਣੇ ਅੰਦਰੋਂ ਲੋਭ, ਝੂਠ, ਨਿੰਦਾ, ਪਰ ਇਸਤਰੀ ਵੱਲ ਪੈਂਦੀ ਮੰਦੀ ਨਿਗਾਹ ਆਦਿਕ ਵਿਕਾਰਾਂ ਨੂੰ ਦੂਰ ਕਰੇ ਜੋ ਉਸ ਦੇ ਹਿਰਦੇ ਘਰ ਨੂੰ ਅਪਵਿੱਤਰ ਕਰੀ ਰੱਖਦੇ ਹਨ:

*ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥*
*ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥*
*ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥*
*ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)*

ਇਸੇ ਤਰ੍ਹਾਂ ਵਹਿਮ-ਭਰਮ, ਸ਼ਗਨ-ਅਪਸ਼ਗਨ, ਦਿਨ-ਮਹੂਰਤ, ਜੰਤਰ-ਮੰਤਰ, ਧਾਗੇ-ਤਵੀਤ ਆਦਿ ਵਿਚ ਵਿਸ਼ਵਾਸ ਆਗਿਆਨਤਾ ਦੇ ਉਸ ਹਨੇਰੇ ਰਸਤੇ ’ਤੇ ਲੈ ਜਾਂਦਾ ਹੈ ਜਿਹੜਾ ਮਾਨਵਤਾ ਲਈ ਅਕਲਿਆਣਕਾਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸੁਚੇਤ ਕਰ ਰਹੇ ਹਨ ਕਿ ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਤਵੀਤ ਅਤੇ ਜੰਤ੍ਰ ਆਦਿਕ ਦੀ ਸ਼ਕਲ ਵਿਚ ਵੇਚਦੇ ਹਨ ਉਹ ਆਪ ਹੀ ਬੰਦਗੀ ਦੇ ਸਹੀ ਰਾਹ ਤੋਂ ਖੁੰਝ ਜਾਂਦੇ ਹਨ, ਦੂਜਿਆਂ ਦਾ ਕਲਿਆਣ ਕਿਵੇਂ ਕਰ ਸਕਦੇ ਹਨ:

*– ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੪)*

*– ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥*

*ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੫)*

ਗੁਰੂ ਸਾਹਿਬ ਨੇ ਸਰਾਧ ਆਦਿਕ ਦਾ ਵਿਰੋਧ ਕਰਦੇ ਹੋਏ ਫੁਰਮਾਇਆ ਹੈ ਕਿ ਪ੍ਰਾਣੀ ਦੇ ਮਰਨ ਤੋਂ ਬਾਅਦ ਰਿਸ਼ਤੇਦਾਰਾਂ ਦੁਆਰਾ ਕੀਤੇ ਗਏ ਪੁੰਨ-ਦਾਨ, ਸਰਾਧ ਆਦਿਕ ਦਾ ਫਲ ਮਰਨ ਵਾਲੇ ਨੂੰ ਨਹੀਂ ਪਹੁੰਚਦਾ। ਅੱਗੇ ਤਾਂ ਮਨੁੱਖ ਨੂੰ ਉਸ ਦਾ ਹੀ ਫਲ ਮਿਲਦਾ ਹੈ ਜੋ ਉਹ ਆਪ ਨਾਮ-ਸਿਮਰਨ ਦੀ ਕਮਾਈ ਕਰਦਾ ਹੈ ਅਤੇ ਦੂਜਿਆਂ ਦੇ ਕਲਿਆਣ ਲਈ ਹੱਥੋਂ ਦਾਨ, ਪਰਉਪਕਾਰ ਨਿਮਿਤ ਧਨ ਆਦਿਕ ਦੇਂਦਾ ਹੈ:

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)*

ਅੱਜ ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਦੀ ਆਦਤ ਦੇ ਕਾਰਨ ਨੌਜਵਾਨ ਵਰਗ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸਿਆ ਹੋਇਆ ਮਾਨਸਿਕ ਤਨਾਉ ਅਤੇ ਕਮਜ਼ੋਰੀ ਦੇ ਕਾਰਨ ਕਈ ਤਰ੍ਹਾਂ ਦੇ ਰੋਗਾਂ ਨੂੰ ਸਹੇੜ ਰਿਹਾ ਹੈ ਅਤੇ ਆਤਮਘਾਤ ਦੇ ਰਸਤੇ ਅਪਣਾਅ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨਸ਼ਿਆਂ ਨੂੰ ਹੋਛੇ ਰਸ ਕਿਹਾ ਹੈ:

*ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)*

ਇਸ ਨੂੰ ਪੀਣ ਨਾਲ ਬੁੱਧੀ ਭ੍ਰਸ਼ਟ ਹੋ ਜਾਂਦੀ ਹੈ ਇਸ ਲਈ ਇਸ ਨੂੰ ਕਦੇ ਨਹੀਂ ਪੀਣਾ ਚਾਹੀਦਾ। ਮਾਨਵਤਾ ਦੇ ਕਲਿਆਣ ਲਈ ਆਪ ਜੀ ਨੇ ਆਪਣੀ ਬਾਣੀ ਵਿਚ ਪ੍ਰਕਿਰਤੀ ਦੇ ਮਹੱਤਵ ਨੂੰ ਸਮਝਾਇਆ ਹੈ:

*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*

ਅੱਜ ਪਾਣੀ ਦੀ ਘਾਟ ਅਤੇ ਪ੍ਰਦੂਸ਼ਣ ਦੀ ਸਮੱਸਿਆ ਮਾਨਵਤਾ ਨੂੰ ਅਕਲਿਆਣ ਦੇ ਰਸਤੇ ’ਤੇ ਲੈ ਜਾ ਰਹੀ ਹੈ। ਪਾਣੀ ਨੂੰ ਪਿਤਾ ਦਾ ਦਰਜਾ ਦੇ ਕੇ ਗੁਰੂ ਸਾਹਿਬ ਨੇ ਪਾਣੀ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਪਵਣ (ਹਵਾ) ਨੂੰ ਗੁਰੂ ਕਹਿ ਕੇ ਸਨਮਾਨਿਆ ਹੈ, ਕਿਉਂਕਿ ਜੇਕਰ ਪਵਣ ਦੂਸ਼ਿਤ ਹੋ ਜਾਵੇ ਤਾਂ ਵਿਨਾਸ਼ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਧਰਤੀ ਨੂੰ ਮਾਤਾ ਕਹਿ ਕੇ ਸਮਝਾਇਆ ਹੈ ਕਿ ਧਰਤੀ ਜੀਵਨ-ਦਾਇਨੀ ਹੈ, ਇਸ ਲਈ ਰੁੱਖਾਂ ਨੂੰ ਕੱਟਣ ਤੋਂ ਗੁਰੇਜ਼ ਕੀਤਾ ਜਾਵੇ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਪ੍ਰਦੂਸ਼ਣ ਦੀ ਸਮੱਸਿਆ ਦੇ ਨਿਵਾਰਣ ਲਈ ਜ਼ਰੂਰੀ ਹੈ ਕਿ ਕੁਦਰਤ ਵਿਚ ਕਾਦਰ ਨੂੰ ਵੇਖਿਆ ਜਾਏ ਅਤੇ ਵਾਹਨਾਂ ਦੀ ਜ਼ਿਆਦਾ ਵਰਤੋਂ ਨਾ ਕੀਤੀ ਜਾਵੇ ਅਤੇ ਪੈਦਲ ਤੁਰਨ ਦੀ ਆਦਤ ਬਣਾਈ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

*ਬਾਬਾ ਹੋਰੁ ਚੜਣਾ ਖੁਸੀ ਖੁਆਰੁ॥*
*ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)*

ਆਪ ਜੀ ਦੇ ਅਨੁਸਾਰ ਸਮਾਜ ਅਤੇ ਪਰਵਾਰ ਵਿਚ ਸ਼ਾਂਤੀ ਅਤੇ ਪ੍ਰੇਮ ਬਣਾਏ ਰੱਖਣ ਲਈ ਇਹ ਜ਼ਰੂਰੀ ਹੈ ਕਿ ਆਪਸੀ ਮਤਭੇਦ ਨੂੰ ਭੁਲਾ ਕੇ ਦੂਜਿਆਂ ਦੇ ਵਿਚਾਰਾਂ ਨੂੰ ਸੁਣਿਆ ਜਾਵੇ ਅਤੇ ਗੁਣਾਂ ਨਾਲ ਸਾਂਝ ਪਾਈ ਜਾਵੇ:

*- ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੧)*

*- ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੬)*

ਮਨੁੱਖ ਦੀਆਂ ਕਮਜ਼ੋਰੀਆਂ ਅਤੇ ਅਉਗਣਾਂ ਦਾ ਕਾਰਨ ਉਸ ਦਾ ਆਪਣੇ ਮਨ ’ਤੇ ਕਾਬੂ ਪਾਉਣਾ ਜ਼ਰੂਰੀ ਹੈ। ਮਨ ਵੱਸ ਵਿਚ ਆ ਜਾਵੇ ਤਾਂ ਮਾਇਆ ਪ੍ਰਭਾਵ ਨਹੀਂ ਪਾਉਂਦੀ-*ਮਨਿ ਜੀਤੈ ਜਗੁ ਜੀਤੁ॥*

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦੁਨਿਆਵੀ ਧਨ ਸਰੀਰਿਕ ਸੁਖ, ਸੰਸਾਰੀ ਇੱਜ਼ਤ-ਮਾਣ ਤਾਂ ਦੇ ਸਕਦਾ ਹੈ ਪਰ ਮਾਨਸਿਕ ਸ਼ਾਂਤੀ ਨਹੀਂ ਦੇ ਸਕਦਾ। ਜਿਹੜਾ ਮਨੁੱਖ ਇਹ ਧਨ ਜੋੜ ਕੇ ਆਪਣੇ ਆਪ ਨੂੰ ਸ਼ਾਹ ਸਮਝਦਾ ਹੈ ਉਹ ਮੇਰ-ਤੇਰ ਵਿਚ ਪਿਆ ਹੋਇਆ ਦੁਖੀ ਹੁੰਦਾ ਹੈ:

*- ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ॥*
*ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੭)*

ਨਾਮ ਤੋਂ ਬਿਨਾਂ ਹਰ ਥਾਂ ਘਾਟਾ ਹੀ ਘਾਟਾ ਹੈ:

*ਵਿਣੁ ਨਾਵੈ ਤੋਟਾ ਸਭ ਥਾਇ॥ ਲਾਹਾ ਮਿਲੈ ਜਾ ਦੇਇ ਬੁਝਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੧)*

ਜਿਨ੍ਹਾਂ ’ਤੇ ਅਕਾਲ ਪੁਰਖ ਦੀ ਕਿਰਪਾ ਹੋ ਜਾਵੇ ਉਹ ਗੁਰ-ਸ਼ਬਦ ਦੀ ਬਰਕਤ ਨਾਲ ਵਿਚਾਰਵਾਨ ਹੋ ਜਾਂਦੇ ਹਨ ਕਿ ਉਨ੍ਹਾਂ ਦਾ ਅਸਲ ਘਰ ਕਿਹੜਾ ਹੈ। ਐਸੇ ਮਨੁੱਖ ਬਹੁਤੇ ਵਿਅਰਥ ਖਿਲਾਰੇ ਨਹੀਂ ਖਿਲਾਰਦੇ:

*ਜਾਗਤੁ ਜਾਗਿ ਰਹਾ ਤੁਧੁ ਭਾਵਾ॥ ਜਾ ਤੂ ਮੇਲਹਿ ਤਾ ਤੁਝੈ ਸਮਾਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੩)*

ਸੰਖੇਪ ਵਿਚ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸਦੀਵੀ ਰਹਿਨੁਮਾਈ ਦੇਣ ਵਾਲੇ, ਸਰਬਦੇਸੀ, ਸਰਬਕਾਲੀ ਅਤੇ ਮਨੁੱਖਤਾ ਲਈ ਕਲਿਆਣਕਾਰੀ ਹਨ।

■

# ਸਮੁੱਚੀ ਕਾਇਨਾਤ ਅਤੇ ਮਨੁੱਖਤਾ ਦੇ ਵਾਲੀ: ਸ੍ਰੀ ਗੁਰੂ ਨਾਨਕ ਦੇਵ ਜੀ

*-ਡਾ. ਸਤਿੰਦਰਪਾਲ ਸਿੰਘ**

ਫਿਲਮੀ ਕਲਾਕਾਰ ਕਬੀਰ ਬੇਦੀ ਦੀ ਕਿਤਾਬ "ਸਟੋਰੀਜ਼ ਆਈ ਮਸਟ ਟੇਲ" ਅੱਜਕਲ੍ਹ ਪਾਠਕਾਂ ਦੇ ਇੱਕ ਸਮੂਹ ਅੰਦਰ ਕਾਫੀ ਚਰਚਾ ਵਿਚ ਹੈ। ਕਬੀਰ ਬੇਦੀ ਨੇ ਜੋ ਵੀ ਲਿਖਿਆ ਹੈ ਇਹ ਉਸ ਦਾ ਨਿੱਜੀ ਵਿਸ਼ਾ ਹੈ ਜਿਸ 'ਤੇ ਕੋਈ ਟਿੱਪਣੀ ਬੇਲੋੜੀ ਹੈ ਪਰ ਉਸ ਨੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਕੁਲ ਦਾ ਦੱਸ ਕੇ ਇੱਕ ਚਿੰਤਾਜਨਕ ਸੋਚ ਵੱਲ ਜ਼ਰੂਰ ਧਿਆਨ ਖਿੱਚ ਦਿੱਤਾ ਹੈ ਜੋ ਤੇਜ਼ੀ ਨਾਲ ਉੱਭਰ ਰਹੀ ਹੈ। ਅੱਜ ਗੁਰੂ ਨਾਨਕ ਸਾਹਿਬ ਦੇ ਕੁਲ, ਜਾਤ 'ਤੇ ਧਰਮ ਬਾਰੇ ਨੁਕਤੇ ਜ਼ਿਆਦਾ ਹੀ ਲੱਭੇ ਜਾ ਰਹੇ ਹਨ ਜਦਕਿ ਗੁਰੂ ਨਾਨਕ ਸਾਹਿਬ ਦਾ ਸੰਸਾਰਕ ਜੀਵਨ ਕਿਹੋ ਜਿਹਾ ਸੀ, ਉਨ੍ਹਾਂ ਲੋਕਾਈ ਨੂੰ ਕੀ ਸੇਧ ਦਿੱਤੀ, ਕਿਸ ਫ਼ਲਸਫ਼ੇ ਨਾਲ ਜੋੜਿਆ ਇਸ ਬਾਰੇ ਗੰਭੀਰ ਚਰਚਾ ਵਿਚ ਰੁਚੀ ਘੱਟ ਹੈ। ਗੁਰੂ ਨਾਨਕ ਸਾਹਿਬ ਦੀ ਜਾਤ ਕੀ ਸੀ, ਧਰਮ ਕੀ ਸੀ ਇਸ ਬਾਰੇ ਭਰਮ ਜ਼ਿਆਦਾ ਪਾਏ ਜਾ ਰਹੇ ਹਨ। ਗੁਰੂ ਨਾਨਕ ਸਾਹਿਬ ਨੇ ਕਿਸ ਜਾਤ, ਕਿਸ ਧਰਮ ਤੋਂ ਸੰਸਾਰ ਨੂੰ ਰੂਬਰੂ ਕਰਾਇਆ, ਇਸ ਬਾਰੇ ਮੌਨ ਧਾਰਨ ਕਰ ਲਿਆ ਜਾਂਦਾ ਹੈ ਇਹ ਅਗਿਆਨਤਾ ਹੈ ਜਾਂ ਸੋਚ ਦਾ ਦੋਸ਼, ਕਿਹਾ ਨਹੀਂ ਜਾ ਸਕਦਾ ਪਰ ਸੱਚ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੱਚ ਦਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖ ਪੰਥ ਦੇ ਰਹਿਬਰ ਹਨ। ਕਿਸੇ ਸਿੱਖ ਜਾਂ ਗ਼ੈਰ-ਸਿੱਖ ਲਈ ਗੁਰੂ ਸਾਹਿਬਾਨ 'ਤੇ ਸਿੱਖੀ ਸੰਬੰਧਿਤ ਗੁਰਬਾਣੀ ਤੋਂ ਜ਼ਿਆਦਾ ਪ੍ਰਮਾਣਿਕ ਸ੍ਰੋਤ ਦੂਜਾ ਕੋਈ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਬਾਰੇ ਕਿਸੇ ਭਰਮ ਦੀ ਕੋਈ ਥਾਂ ਹੀ ਨਹੀਂ ਰਹਿੰਦੀ ਕਿਉਂਕਿ ਉਨ੍ਹਾਂ ਆਪਣੀ ਪਛਾਣ ਆਪ ਕਰਾਈ ਹੈ। ਗੁਰੂ ਨਾਨਕ ਸਾਹਿਬ ਦਾ ਮੇਲ ਜਦੋਂ ਸਿਧਾਂ ਨਾਲ ਹੋਇਆ ਤਾਂ ਸਿਧਾਂ ਨੇ ਪਹਿਲਾ 'ਤੇ ਸੁਭਾਵਿਕ ਸਵਾਲ ਹੀ ਇਹ ਕੀਤਾ ਕਿ ਉਹ ਕੌਣ ਹਨ? ਉਨ੍ਹਾਂ ਦਾ ਜੀਵਨ ਮਨੋਰਥ ਕੀ ਹੈ? ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਪਰਮਾਤਮਾ ਦੇ ਹੁਕਮ ਅੰਦਰ ਉਨ੍ਹਾਂ ਦਾ ਸੰਸਾਰ ਆਗਮਨ ਹੋਇਆ ਹੈ ਤੇ ਉਸ ਦੇ ਹੁਕਮ ਅੰਦਰ ਹੀ ਉਹ ਵਿਚਰ ਰਹੇ ਹਨ। ਪਰਮਾਤਮਾ ਦਾ ਹੁਕਮ ਹੋਵੇਗਾ ਤਾਂ ਵਾਪਸ ਪਰਤ ਜਾਣਗੇ। ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਆਪਣੇ ਮੂਲ ਦੀ ਪਛਾਣ ਕਰੇ 'ਤੇ ਸਚਿਆਰ ਜੀਵਨ ਜਿਉਂਦਿਆਂ ਸੱਚੇ ਪਰਮਾਤਮਾ ਵਿਚ ਅਭੇਦ ਹੋ ਜਾਵੇ ਇਹੋ ਉਨ੍ਹਾਂ ਦਾ ਮਿਸ਼ਨ ਹੈ। ਗੁਰੂ ਸਾਹਿਬ ਨੇ ਨਾ ਆਪਣੀ ਜਾਤ, ਨਾ ਧਰਮ, ਨਾ ਕਿਸੇ ਖਾਸ ਸਮਾਜ ਦੀ ਗੱਲ ਕੀਤੀ। ਗੁਰੂ ਨਾਨਕ

** #ਈ-੧੨੧੬, ਰਾਜਾਜੀਪੁਰਮ, ਲਖਨਊ-੨੨੬੦੧੭; ਮੋ. ੮੪੧੨੮-੫੨੮੯੯*

ਸਾਹਿਬ ਨੇ ਸਿਧਾਂ ਨਾਲ ਚਰਚਾ ਆਪ ਆਪਣੀ ਬਾਣੀ 'ਸਿਧ ਗੋਸਟਿ' ਵਿਚ ਦਰਜ ਕੀਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਹੈ। ਜਾਤ, ਧਰਮ, ਵਰਨ ਦੇ ਹੰਕਾਰ ਅੰਦਰ ਜਿਊਣ ਵਾਲੇ ਸਮਾਜ ਅੰਦਰ ਗੁਰੂ ਨਾਨਕ ਸਾਹਿਬ ਨੇ ਜਲ ਵਿਚ ਖਿੜੇ ਕਮਲ ਦੀ ਤਰ੍ਹਾਂ ਨਿਰਲੇਪ ਜੀਵਨ ਬਤੀਤ ਕਰਨ ਦੀ ਮਹੱਤਤਾ ਕਾਇਮ ਕੀਤੀ। ਗੁਰੂ ਨਾਨਕ ਸਾਹਿਬ ਦੀ ਕਲਪਨਾ ਇਕ ਆਦਰਸ਼ ਸਮਾਜ ਦੀ ਸੀ। ਇਸ ਸਮਾਜ ਦੇ ਦੋ ਹੀ ਧੁਰੇ ਸਨ, ਇੱਕ ਪਰਮਾਤਮਾ ਦੇ, ਦੂਜਾ ਪਰਮਾਤਮਾ ਦੇ ਦਾਸ। ਪਰਮਾਤਮਾ ਤੇ ਉਸ ਦੇ ਦਾਸ ਨੂੰ ਜੋੜਨ ਵਾਲਾ ਇੱਕੋ ਪੰਥ ਸੀ ਪ੍ਰੇਮ ਦਾ ਜਿਸ ਨੇ ਬਰਾਬਰਤਾ ਸਥਾਪਤ ਕੀਤੀ। ਗੁਰੂ ਸਾਹਿਬਾਨ ਦੇ ਸਮਕਾਲੀ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਦੀ ਗਵਾਹੀ ਭਰੀ *"ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ"*

ਪੂਰੀ ਗੁਰਬਾਣੀ ਵਿਚ ਕਿਤੇ ਵਿਖਾਈ ਨਹੀਂ ਦਿੰਦਾ ਕਿ ਆਪਣੀ ਜਾਤ, ਵਰਨ, ਧਰਮ ਬਾਰੇ ਕਿਤੇ ਸੰਕੇਤ ਮਾਤਰ ਵੀ ਗੁਰੂ ਨਾਨਕ ਸਾਹਿਬ ਨੇ ਜਾਂ ਬਾਕੀ ਗੁਰੂ ਸਾਹਿਬਾਨ ਨੇ ਜ਼ਿਕਰ ਕੀਤਾ ਹੋਵੇ। ਸਪੱਸ਼ਟ ਹੈ ਕਿ ਆਪਣੀ ਜਾਤ, ਵਰਨ, ਧਰਮ ਪ੍ਰਤੀ ਗੁਰੂ ਸਾਹਿਬਾਨ ਅੰਦਰ ਕੋਈ ਪ੍ਰਤੀਤਿ ਹੀ ਨਹੀਂ ਸੀ। ਗੁਰੂ ਸਾਹਿਬਾਨ ਜਿਸ ਆਤਮਿਕ ਉਚਾਈ 'ਤੇ ਪੁੱਜ ਚੁਕੇ ਸਨ ਉਸ ਤੋਂ ਪਰਮਾਤਮਾ ਦੀ ਸਰਬ-ਵਿਆਪਕਤਾ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸੰਸਾਰ, ਪਰਵਾਰ, ਸਮਾਜ ਅੰਦਰ ਵਿਚਰਦਿਆਂ ਵੀ ਉਸ ਤੋਂ ਨਿਰਲੇਪ ਰਹਿਣ ਦੀ ਜਾਚ ਆ ਜਾਂਦੀ ਹੈ। ਆਤਮਾ 'ਤੇ ਪਰਮਾਤਮਾ ਦਾ ਭੇਦ ਅਲੋਪ ਹੋ ਜਾਂਦਾ ਹੈ। ਇਹੋ ਕਾਰਨ ਸੀ ਕਿ ਭੱਟ ਸਾਹਿਬਾਨ ਨੂੰ ਗੁਰੂ ਸਾਹਿਬਾਨ ਪ੍ਰਤੱਖ ਪਰਮਾਤਮਾ ਨਜ਼ਰ ਆਏ ਸਨ। ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਵੀ ਇਸੇ ਮਾਰਗ 'ਤੇ ਚੱਲਣ ਲਈ ਪ੍ਰੇਰਿਆ। *"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ"* ਜਾਤ, ਵਰਨ ਦਾ ਕੋਈ ਮਸਲਾ ਹੀ ਨਹੀਂ ਸੀ। ਗੁਰੂ ਨਾਨਕ ਸਾਹਿਬ ਦੇ ਸਿੱਖਾਂ ਵਿਚ ਹਰ ਧਰਮ, ਜਾਤ, ਵਰਨ, ਵਰਗ ਦੇ ਲੋਕ ਸ਼ਾਮਿਲ ਸਨ। ਗੁਰੂ ਸਾਹਿਬ ਦੀ ਮਿਹਰ ਸਾਰਿਆਂ 'ਤੇ ਇੱਕੋ ਜਿਹੀ ਵਰ੍ਹਦੀ ਸੀ, ਕਿਉਂਕਿ ਉਹ ਸਾਰਿਆਂ ਦੇ ਸਨ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਪੂਰੀ ਮਨੁੱਖਤਾ ਦੇ ਨਾਲ ਹੀ ਸਾਰੀ ਧਰਤੀ, ਸਮੁੱਚੀ ਸ੍ਰਿਸ਼ਟੀ ਦਾ ਚਿੰਤਨ ਪ੍ਰਗਟ ਹੋਇਆ ਹੈ। ਗੁਰੂ ਸਾਹਿਬ ਦੀਆਂ ਉਦਾਸੀਆਂ ਕਿਸੇ ਖਾਸ ਖਾਸ ਖੇਤਰ ਤਕ ਸੀਮਤ ਨਹੀਂ ਸਨ। ਜਿਸ ਤਰ੍ਹਾਂ ਗੁਰੂ ਸਾਹਿਬ ਨੇ ਜਗਨਨਾਥਪੁਰੀ ਵਿਚ ਆਰਤੀ ਉਚਾਰੀ ਉਹ ਗੁਰੂ ਸਾਹਿਬ ਦੀ ਬ੍ਰਹਿਮੰਡੀ ਦ੍ਰਿਸ਼ਟੀ ਦਾ ਪ੍ਰਤੀਕ ਸੀ। ਇਹ ਦ੍ਰਿਸ਼ਟੀ ਸਾਰੇ ਸੰਸਾਰ ਦੇ ਰਚਨਹਾਰੇ ਪਰਮਾਤਮਾ ਦੀ ਹੀ ਹੋ ਸਕਦੀ ਹੈ। ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਸਾਹਿਬ ਨੂੰ ਜਗਤ-ਗੁਰੂ ਦੀ ਉਪਮਾ ਦੇਣਾ ਗੁਰੂ ਨਾਨਕ ਸਾਹਿਬ ਦੀ ਵਡਿਆਈ ਦੇ ਨੇੜੇ ਲਿਆਉਣ ਵਾਲਾ ਸੀ। ਭੱਟ ਸਾਹਿਬਾਨ ਨੇ ਗੁਰੂ ਸਾਹਿਬਾਨ ਅੰਦਰ ਪ੍ਰਤੱਖ ਪਰਮਾਤਮਾ ਦੇ

ਦਰਸ਼ਨ ਕੀਤੇ। ਪਰਮਾਤਮਾ ਉਹ ਜੋ ਨਿਰਗੁਣ-ਸਰਗੁਣ ਸਵਰੂਪ ਹੈ, ਕਾਲ ਤੋਂ ਪਰੇ ਹੈ, ਆਪਣੇ ਆਪ ਹੀ ਪ੍ਰਕਾਸ਼ਿਤ ਹੈ। ਇਹ ਠੀਕ ਹੈ ਕਿ ਗੁਰੂ ਸਾਹਿਬਾਨ ਦਾ ਸੰਸਾਰ ਆਗਮਨ ਆਮ ਮਨੁੱਖ ਦੀ ਜਨਮ ਪ੍ਰਕਿਰਿਆ ਵਾਂਗੂੰ ਹੀ ਨਜ਼ਰ ਆਉਂਦਾ ਹੈ ਪਰ ਗੁਰਬਾਣੀ ਵਿਚ ਇਸ ਨੂੰ ਕੋਈ ਮਹੱਤਤਾ ਨਾ ਦਿੰਦਿਆਂ *"ਸਤਿਗੁਰ ਸਾਚੈ ਦੀਆ ਭੇਜਿ"* ਦੇ ਰੂਪ ਵਿਚ ਹੀ ਲੈਂਦੀ ਹੈ ਮਾਤਾ-ਪਿਤਾ, ਪਤਨੀ, ਸੰਤਾਨ ਆਦਿਕ ਸੰਬੰਧਾਂ ਨੂੰ ਪੂਰਬਲੇ ਜਨਮਾਂ ਦੇ ਸੰਜੋਗ ਮੰਨਿਆ ਗਿਆ ਹੈ। ਗੁਰਬਾਣੀ ਦੇ ਕੇਂਦਰ ਵਿਚ ਪੰਜ ਤੱਤਾਂ ਨਾਲ ਸਿਰਜਿਆ ਤਨ ਨਹੀਂ, ਤਨ ਦੇ ਅੰਦਰ ਪਰਮਾਤਮਾ ਦੁਆਰਾ ਥਿਰ ਕੀਤੀ ਜਾਣ ਵਾਲੀ ਜੀਵਾਤਮਾ ਹੈ। ਜੀਵਾਤਮਾ ਕਿਸੇ ਵੀ ਬੰਧਨ ਵਿਚ ਨਹੀਂ ਹੈ:

*ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥*
*ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ , ੮੭੧)*

ਗੁਰਬਾਣੀ ਦੇ ਇਸ ਜੀਵਨ ਫ਼ਲਸਫ਼ੇ ਨੂੰ ਸਮਝਣ ਦੀ ਸਮੱਰਥਾ ਵਾਹਿਗੁਰੂ ਹੀ ਬਖਸ਼ਦਾ ਹੈ। ਗੁਰੂ ਨਾਨਕ ਸਾਹਿਬ ਦੀ ਪ੍ਰੇਰਨਾ ਸੀ ਕਿ ਮਨੁੱਖ ਆਪਣੇ ਉਪਰੋਕਤ ਮੂਲ ਦੀ ਪਛਾਣ ਕਰੇ। ਜੀਵਾਤਮਾ ਲਈ ਸਾਰੇ ਸੰਸਾਰਕ ਸੰਬੰਧ, ਭੌਤਿਕ ਸਥਿਤੀਆਂ ਅਲਪ ਜੀਵੀ 'ਤੇ ਬਦਲ ਜਾਣ ਵਾਲੀਆਂ ਹਨ। ਇਹ ਕਾਲ ਦੇ ਵੱਸ ਹਨ। ਜੀਵਾਤਮਾ ਜੋਨੀਆਂ ਦੇ ਫੇਰ ਵਿਚ ਪਈ ਹੋਈ ਹੈ ਤੇ ਕਿੰਨੇ ਹੀ ਘਰ ਵਸਾ ਚੁਕੀ ਹੈ। ਇਸ ਨੂੰ ਕਿਸ ਕੁਲ, ਜਾਤ, ਧਰਮ ਦਾ ਕਿਹਾ ਜਾਵੇ? ਜੀਵਾਤਮਾ ਦਾ ਮੂਲ ਤਾਂ ਪਰਮਾਤਮਾ ਹੈ ਜਿਸ ਗੁਰੂ ਨੇ ਇਹ ਸੋਝੀ ਸੰਸਾਰ ਨੂੰ ਦਿੱਤੀ ਉਸ ਨੂੰ ਹੀ ਕਿਸੇ ਕੁਲ, ਧਰਮ ਵਿਚ ਬੰਨ੍ਹਣ ਤੋਂ ਵੱਡੀ ਮੂੜ੍ਹਤਾ ਹੋਰ ਕੀ ਹੋ ਸਕਦੀ ਹੈ ਇਹ ਕੂੜ੍ਹ ਹੀ ਹੈ। ਮਨ ਅੰਦਰ ਖੋਟ ਹੋਵੇ, ਸੰਸਾਰਕ ਲੋਭ, ਮੋਹ ਦੀਆਂ ਬੇੜੀਆਂ ਪਈਆਂ ਹੋਣ, ਦ੍ਰਿਸ਼ਟੀ ਦੋਖ ਹੋਵੇ ਤਾਂ ਕੂੜ ਤੋਂ ਉਭਰਨਾ ਮੁਮਕਿਨ ਨਹੀਂ ਹੁੰਦਾ। ਗੁਰਮਤਿ ਸਮਝਾਉਣ ਲਈ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਦਸਮ ਪਿਤਾ ਨੇ "ਸਿੰਘ" ਤੇ "ਕੌਰ" ਲਕਬ ਬਖਸ਼ ਕੇ ਜਾਤੀ, ਵਰਨ ਦਾ ਬੋਧ ਹੀ ਸਮੂਲ ਨਾਸ਼ ਕਰ ਦਿੱਤਾ। ਇਹ ਗੁਰੂ ਨਾਨਕ ਸਾਹਿਬ ਦੀ ਅਧਿਆਤਮਿਕ ਸੋਚ ਦਾ ਵਿਵਹਾਰਕ ਪੱਖ ਸੀ।

ਗੁਰੂ ਨਾਨਕ ਸਾਹਿਬ ਲਈ ਮਨ ਅੰਦਰ ਸੱਚੀ ਸ਼ਰਧਾ ਹੈ ਤਾਂ ਲੋੜ ਹੈ ਉਨ੍ਹਾਂ ਦੇ ਦਰਸਾਏ ਰਾਹ 'ਤੇ ਚੱਲਣ ਦੀ ਜੋ ਗੁਰਬਾਣੀ ਅੰਦਰ ਪ੍ਰਗਟ ਹੋਇਆ ਹੈ। ਅਜਿਹੇ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਸੀ ਗੁਰੂ ਨਾਨਕ ਸਾਹਿਬ ਦਾ ਉਸ ਕਿਤਾਬ ਵਿਚ ਨਾਮ ਵੀ ਲੈਂਦਿਆਂ ਜਿਸ ਵਿਚ ਆਪਣੇ ਭੋਗ ਵਿਲਾਸ ਦੇ ਕਿੱਸੇ ਸੁਆਦ ਲੈ ਕੇ ਬਖਾਨ ਕੀਤੇ ਹਨ। ਗੁਰੂ ਨਾਨਕ ਸਾਹਿਬ ਦਾ ਵਾਰਿਸ ਉਹ ਸਿੱਖ ਹੈ ਜੋ ਗੁਰਬਾਣੀ ਦੀ ਰਹਿਤ ਅਨੁਸਾਰ ਜੀਵਨ ਜਿਉਂਦਾ ਹੈ, ਜਿਸ ਅੰਦਰ ਇੱਕੋ ਇੱਕ ਨਿਰਾਕਾਰ ਪਰਮਾਤਮਾ

ਲਈ ਭਰੋਸਾ, ਪ੍ਰੇਮ ਤੇ ਸਮਰਪਣ ਹੈ, ਜੋ ਪਰਮਾਤਮਾ ਦਾ ਦਾਸ ਹੋਣ ਨੂੰ ਆਪਣਾ ਧਰਮ ਸਮਝਦਾ ਹੈ। ਉਹ ਕਹਿ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਉਸ ਦੇ ਧਰਮ ਨਾਲ ਸੰਬੰਧਿਤ ਹਨ। ਜੋ ਜਾਤ ਪਾਤ, ਵਰਨ, ਵਰਗ ਤੋਂ ਉੱਪਰ ਉੱਠ ਕੇ ਹਰ ਜੀਵ ਅੰਦਰ ਪਰਮਾਤਮਾ ਦਾ ਰੂਪ ਵੇਖਣ ਦੀ ਦ੍ਰਿਸ਼ਟੀ ਰੱਖਦਾ ਹੈ ਉਹ ਦਾਅਵਾ ਕਰ ਸਕਦਾ ਹੈ ਕਿ ਉਸ ਦੀ ਤੇ ਗੁਰੂ ਸਾਹਿਬਾਨ ਦੀ ਜਾਤ ਇੱਕ ਹੈ।

ਗੁਰੂ ਸਾਹਿਬਾਨ ਦੀ ਵਡਿਆਈ ਜਾਣ ਸਕਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਗੁਰੂ ਸਾਹਿਬਾਨ ਨਾਲ ਆਪਣੇ ਆਪ ਨੂੰ ਜੋੜਨਾ ਹੈ ਤਾਂ "*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ*" ਦੇ ਸਵਾਲ ਦਾ ਜਵਾਬ ਲੱਭਣਾ ਪਵੇਗਾ। ■

## ਜ਼ਿਲ੍ਹਾ ਮੋਗਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਲਵਿੰਦਰ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਨਾਨਕਸਰ, ਤਖਤੂਪੁਰਾ ਸਾਹਿਬ, ਜ਼ਿਲ੍ਹਾ ਮੋਗਾ ਵਿਖੇ ੧੭ ਅਗਸਤ ੨੦੨੩ ਈ. ਨੂੰ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ ੬੮ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਅੰਮ੍ਰਿਤ ਸੰਚਾਰ ਲਈ ਬੀਬੀ ਨਰਿੰਦਰ ਕੌਰ ਰਣੀਆਂ ਅਤੇ ਜਥੇਦਾਰ ਗੁਰਮੇਲ ਸਿੰਘ ਸੰਗਤਪੁਰਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਪਿੰਡ ਮੱਖਣਵਿੰਡੀ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਦੀਪ ਸਿੰਘ ਅਬਦਾਲ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਪਿੰਡ ਮੱਖਣਵਿੰਡੀ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੫ ਅਗਸਤ, ੨੦੨੩ ਈ. ਨੂੰ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ ੭੨ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲ਼ੇ ਬਣੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੇ ਕੁਝ ਹਵਾਲੇ

*-ਸ. ਜਗਰਾਜ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ 'ਸ਼ਬਦ ਗੁਰੂ' ਦੀ ਮਹਿਮਾ ਗਾਇਨ ਕੀਤੀ ਗਈ ਹੈ ਅਤੇ ਜਗਿਆਸੂ ਨੂੰ ਨਿਸਚਾ ਕਰਵਾਇਆ ਗਿਆ ਹੈ ਕਿ 'ਗੁਰੂ ਦਾ ਸਬਦੁ' ਹੀ ਮਨ ਦੀ ਮੈਲ ਧੋਣ, ਭਰਮਾਂ ਦਾ ਨਾਸ਼ ਕਰਨ, ਦੁੱਖਾਂ ਤੋਂ ਛੁਟਕਾਰਾ ਪਾਉਣ, ਹਉਮੈਂ ਦਾ ਨਿਵਾਰਨ ਕਰਨ, ਜਨਮ-ਮਰਨ (ਆਵਾਗਉਣ) ਦੇ ਚੱਕਰ ਵਿੱਚੋਂ ਕੱਢ ਕੇ ਪਰਮਾਤਮਾ ਦੇ ਦਰ 'ਤੇ ਪਹੁੰਚਾਉਂਦਾ ਹੈ ਅਤੇ ਸਦੀਵ-ਕਾਲ ਲਈ ਉਸ ਵਿਚ ਲੀਨ ਕਰ ਦਿੰਦਾ ਹੈ।[੧] ਗੁਰੂ ਸ਼ਬਦ ਰਾਹੀਂ ਮਨੁੱਖ ਨੂੰ ਸੱਚ ਦੇ ਮਾਰਗ ਉਪਰ ਚੱਲਣ ਲਈ ਸਮਝਾਉਂਦਾ, ਸਿਖਾਉਂਦਾ ਅਤੇ ਮੱਤ ਦੇਂਦਾ ਹੈ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਬਦ' ਨੂੰ ਹੀ ਗੁਰੂ ਮੰਨਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂਤਕ ਰੂਪ ਵਿਚ 'ਸ਼ਬਦ' ਨੂੰ ਗੁਰੂ ਮੰਨਿਆ ਸੀ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਵੀ 'ਸ਼ਬਦ' ਨੂੰ ਹੀ ਗੁਰੂ ਮੰਨਦੇ ਸਨ।

ਸੰਸਾਰ ਦੇ ਕੁਝ ਧਰਮਾਂ ਨੇ ਸ਼ਬਦ ਨੂੰ ਮਹਾਨਤਾ ਤਾਂ ਦਿੱਤੀ ਹੈ ਪਰੰਤੂ 'ਗੁਰੂ' ਕਿਸੇ ਨੇ ਨਹੀਂ ਮੰਨਿਆ। ਸ਼ਬਦ ਗੁਰੂ ਦਾ ਧਰਮ ਇਕ ਇਨਸਾਨੀਅਤ ਦਾ ਧਰਮ ਹੈ। ਇਕ ਅੰਗਰੇਜ਼ ਸੂਝਵਾਨ ਇਸਤਰੀ ਮਿਸ ਪਰਲ ਬਕ ਨੇ ਠੀਕ ਹੀ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਂ ਤੇ ਦੇਸ਼ ਦੀਆਂ ਹੱਦਾਂ ਤੋਂ ਪਾਰ ਉਪਦੇਸ਼ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 'ਧੁਰ ਕੀ ਬਾਣੀ', 'ਖਸਮ ਕੀ ਬਾਣੀ', 'ਸੱਚੀ ਬਾਣੀ', 'ਮਹਾਪੁਰਖ ਕੀ ਬਾਣੀ', 'ਉੱਚੀ ਬਾਣੀ' ਆਦਿ ਪਵਿੱਤਰ ਸ਼ਬਦਾਂ ਨਾਲ ਸਤਿਕਾਰਿਆ ਤੇ ਨਮਸਕਾਰਿਆ ਗਿਆ ਹੈ।[੨] ਸ਼ਬਦ ਗੁਰੂ ਦੇ ਅੰਤਮ ਸਰੂਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ ਅਤੇ ਇਹ ਗ੍ਰੰਥ, ਸ਼ਬਦ ਗੁਰੂ ਦਾ ਜਾਗਤ-ਜੋਤਿ ਅਤੇ ਜ਼ਾਹਰਾ-ਜ਼ਹੂਰ ਸਰੂਪ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਖਾਲਸਾ ਪੰਥ ਵੱਲੋਂ ਨਿੱਤ ਕੀਤੀ ਜਾਂਦੀ ਅਰਦਾਸ ਵਿਚ ਇਸ ਗ੍ਰੰਥ ਨੂੰ 'ਦਸਾਂ ਪਾਤਸ਼ਾਹੀਆਂ ਦੀ ਜੋਤ' ਵੀ ਕਿਹਾ ਹੋਇਆ ਹੈ। ਸ਼ਬਦ ਗੁਰੂ ਦੇ ਸ੍ਰੋਤ-ਗ੍ਰੰਥ-ਰੂਪ ਵਿਚ, ਇਸ ਵਿਚ ਸ਼ਾਮਲ ਸਾਰੀ ਬਾਣੀ ਨੂੰ ਸ਼ਬਦ ਗੁਰੂ ਵਜੋਂ ਮਾਨਤਾ ਪ੍ਰਾਪਤ ਹੈ।[੩]

ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਵਿਖੇ ਦਸਮ ਪਾਤਸ਼ਾਹ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੭੦੮ ਈ. ਨੂੰ ਜੋਤੀ ਜੋਤਿ ਸਮਾ ਗਏ ਸੀ। ਸੱਚਖੰਡ ਗਮਨ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੀ ਧਰਤੀ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਿਆਈ ਪ੍ਰਦਾਨ ਕੀਤੀ। ਦਸਮ ਪਾਤਸ਼ਾਹ ਸ੍ਰੀ ਗੁਰੂ

** ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋ. ੭੫੮੯੬੪-੬੭੭੦੪*

ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਪਰਕਰਮਾ ਕੀਤੀ ਅਤੇ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਣ ਦਾ ਹੁਕਮ ਦਿੱਤਾ ਸੀ। ਹੁਕਮ ਦਿੱਤਾ ਕਿ ਸਾਡੇ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ 'ਸ਼ਬਦ ਗੁਰੂ' ਦੇ ਰੂਪ ਵਿਚ ਖਾਲਸਾ ਪੰਥ ਦੀ ਅਗਵਾਈ ਕਰਨਗੇ। ਗੁਰੂ ਸਾਹਿਬ ਜੀ ਨੇ 'ਗੁਰੂ-ਪੰਥ' ਨੂੰ ਸਦੀਵ ਕਾਲ ਲਈ 'ਗੁਰੂ-ਗ੍ਰੰਥ' ਦੇ ਲੜ ਲਾ ਦਿੱਤਾ ਸੀ।

**ਭਾਈ ਨੰਦ ਲਾਲ ਜੀ-**

*ਸ਼ਬਦ ਸੁਣੇ ਗੁਰ ਹਿਤ ਚਿਤ ਲਾਇ ਗਿਆਨ ਸ਼ਬਦ ਗੁਰ ਸੁਣੇ ਸੁਣਾਇ॥੧੭॥*
*ਜੋ ਮਮ ਸਾਥ ਚਾਹੇ ਕਰ ਬਾਤ ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ॥੧੮॥*
*ਜੋ ਮੁਝ ਬਚਨ ਸੁਣਨ ਕੀ ਚਾਇ ਗ੍ਰੰਥ ਜੀ ਪੜ੍ਹੇ ਸੁਣੇ ਚਿਤ ਲਾਇ॥੧੯॥*
*ਮੇਰਾ ਰੂਪ ਗ੍ਰੰਥ ਜੀ ਜਾਣ ਇਸ ਮੇਂ ਭੇਦ ਨਹੀਂ ਕੁਝ ਮਾਨ॥੨੦॥*[੪]

**ਭਾਈ ਕੋਇਰ ਸਿੰਘ ਜੀ-**

*- ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ।*
*ਸੁਨੋ ਗਾਥ ਪੁਰਾਨ ਕੀ ਚੀਤ ਰੰਗੰ॥{੪੪॥}*[੫]
*- ਤਾਂ ਤੇ ਜੋ ਮੁਹ ਸਿਖ ਸੁਜਾਨਾ।*
*ਮਾਨੇ ਗੁਰੂ ਗ੍ਰੰਥ ਭਗਵਾਨਾ॥{੯੩॥}*[੬]

**ਭਾਈ ਕੇਸਰ ਸਿੰਘ ਛਿੱਬਰ-**

*"ਗਰੀਬ ਨਿਵਾਜ਼! ਸਿੱਖ ਸੰਗਤਿ ਹੈ ਤੇਰੀ ਇਸਦਾ ਕੀ ਹਵਾਲ ?"*
*ਬਚਨ ਕੀਤਾ: "ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ"।੬੭੯।...*
*ਆਗਿਆ ਗ੍ਰੰਥ ਸਾਹਿਬ ਦੀ ਕਰਨੀ, ਸ਼ਬਦ ਦੀ ਖੋਜਣਾ।੬੮੦।*[੭]

**ਬਾਬਾ ਸੁਮੇਰ ਸਿੰਘ-**

*ਰੂਪ ਇਕਾਦਸ਼ ਗੁਰੂ ਗ੍ਰੰਥ ਬਰ ਤਾਂ ਛਿਨ ਸ੍ਰੀ ਪ੍ਰਭ ਆਏ।*
*ਪੈਸੇ ਪਾਂਚ ਨਲੇਰ ਰਾਖ ਕਰ ਗੁਰਿਆਈ ਸਧਰਾਏ॥੧੦॥*
*ਮਮ ਪੂਜਨ ਸੋਵਨ ਗੁਰੁ ਗ੍ਰੰਥਹਿ ਬੋਲਨ ਬਾਨੀ ਬਚਨਾ।*
*ਦਰਸਨ ਕਰਨ ਮੋਰ ਯਹ ਮੰਜੀ ਰੂਪ ਇਕਾਦਸ ਜਚਨਾ॥੧੧॥*
*ਦਵਾ ਦਸ ਰੂਪ ਸੁ ਮੋਰ ਖਾਲਸਾ ਪੰਜ ਸਿੰਘ ਜਹਿ ਹੋਹੀ।*
*ਇਸ ਸੰਕਾ ਸਭ ਦੂਰ ਕਰਾਈ ਧਰਿ ਧਰਾਈ ਤਯੋਹੀ॥੧੨॥*[੮]

**ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ-**

*ਗੁਰੂ ਕਾ ਸਿਖ... ਗ੍ਰੰਥ ਸਾਹਿਬ ਨੂੰ ਗੁਰੂ ਕਰ ਜਾਣੇ।*[੯]

**ਰਹਿਤਨਾਮਾ ਭਾਈ ਪ੍ਰਹਿਲਾਦ ਜੀ-**

*ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਯੋ ਪੰਥ।*
*ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ।੩੦।*[੧੦]

**ਰਹਿਤਨਾਮਾ ਭਾਈ ਦਯਾ ਸਿੰਘ-**

*ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ*
*ਗ੍ਰੰਥ ਪੰਥ ਗੁਰੁ ਮਾਨੀਏ ਤਾਰੇ ਸਕਲ ਕੁਲਾਨ।*[੧੧]

**ਰਹਿਤਨਾਮਾ ਭਾਈ ਦੇਸਾ-**

*ਤਿਹ ਕਰ ਗੁਰ ਕੋ ਭੋਗ ਲਗਾਵੈ। ਗੁਰ ਕੋ ਰੂਪ ਰਿਦ ਮਾਹਿ ਧਰਾਵੈ।*
*ਗੁਰੂ ਗ੍ਰੰਥ ਮੋਂ ਭੇਦ ਨ ਕਾਈ। ਗ੍ਰੰਥ ਹੋਇ ਤੌਂ ਨਿਕਟਿ ਧਰਾਈ।੧੧੦।*[੧੨]

**ਮੁਕਤਿਨਾਮਾ ਭਾਈ ਸਾਹਿਬ ਸਿੰਘ-**

*ਗੁਰ ਕੀ ਪਾਹੁਲ ਸਿਖ ਲੇਇ, ਰਹਤ ਕਮਾਵਹਿ ਗ੍ਰੰਥ*
*ਜੋ ਬੇੜਾ ਸੋ ਸੇਵਿਆ, ਔਰ ਨ ਭਰਮਹਿ ਪੰਥ।੧੨।*[੧੩]

**ਸਰਬ ਲੋਹ ਗ੍ਰੰਥ-**

*ਆਪਨ ਪੌ ਗੁਰ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗ੍ਰੰਥਾ*
*ਬੋਲਨੁ ਸਤਿਗੁਰੂ ਸ਼ਬਦ ਸੰਭਾਖਨੁ ਨਾਮ ਗੁਬਿੰਦ ਕੀਰਤਨੁ ਸੰਥਾ*
*ਗੁਨਾਨੁਵਾਦ ਪੁਨ ਸਿਫਤਿ ਸਲਾਹਨ ਊਠਤ ਬੈਠਤ ਸੈਨ ਕਰੰਥਾ*
*ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਰਨ ਆਸ਼੍ਰਮ ਸੁਭ ਪੰਥਾ।੩੭੦।*
*ਇਨ ਕੋ ਦਰਸ ਸਤਿਗੁਰ ਕੋ ਦਰਸ਼ਨ, ਬੋਲਨੁ ਗੁਰੂ ਸਬਦ ਗੁਰ ਗ੍ਰੰਥਾ...*
*ਦਾਸ ਗੋਬਿੰਦ ਫਤਿਹ ਸਤਿਗੁਰੂ ਕੀ, ਖਾਲਸਾ ਗ੍ਰੰਥ ਗੁਰ ਰੂਪ ਬਦੰਤਾ।੩੭੧।*[੧੪]

**ਖਾਲਸਾ ਪੰਚਾਸਿਕਾ (ਬਾਵਾ ਸੁਮੇਰ ਸਿੰਘ)-**

*ਗੁਰੂ ਗ੍ਰੰਥ ਬਾਣੀ ਵਿਖੇ ਵਿਖਮ ਬੁੱਧਿ ਨਹਿ ਜਾਸ।*
*ਆਦਿ ਅੰਤ ਮੇਂ ਏਕ ਸਮ ਸੋਈ ਖਾਲਸਾ ਖਾਸ।੨।*[੧੫]

**ਖਾਲਸਾ ਸ਼ਤਕ (ਭਾਈ ਬੁੱਧ ਸਿੰਘ)-**

*ਕਾਚੀ ਬਾਣੀ ਸਭ ਤਜੈ, ਬਿਨ ਬਿਬੇਕ ਜੋ ਜਾਨ*
*ਗੁਰੂ ਗ੍ਰੰਥ ਕੋ ਗੁਰ ਲਖੈ, ਸੋ ਖਾਲਸਾ ਪ੍ਰਮਾਨ।੫੭।*[੧੬]
*ਸੇਵ ਕਰੈ ਗੁਰੂ ਗ੍ਰੰਥ ਕੀ, ਧੁਪ ਦੀਪ ਕਰਿ ਚਉਰ*
*ਧਰੈ ਕੜਾਹ ਰੁਮਾਲ ਫੂਲ, ਸੁਈ ਸਿੱਖ ਸਿਰਮਉਰ।੭੦।*[੧੭]

**ਭਾਈ ਸੁਖਾ ਸਿੰਘ-**

*ਸ੍ਰੀ ਅਸਧੁਜ ਕਾ ਲਰੁ ਪਕਰਾਯੋ॥ਅਕਾਲ ਪੁਰਖ ਕੀ ਚਰਨੀ ਲਾਯੋ॥੨੪॥...*
*ਦਸ ਮਹਲਨ ਕੀ ਪੜੀਐ ਬਾਨੀ॥ਅਚੁਤ ਸੁਖ ਪਾਵਹੁ ਨਿਰਬਾਨੀ॥*[੧੮]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਦੀ ਪੁਸ਼ਟੀ ਗੁਰਬਾਣੀ ਵਿੱਚੋਂ ਵੀ ਹੋ ਜਾਂਦੀ ਹੈ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰਬਾਣੀ ਕਹੈ ਸੇਵਕ ਜਨ ਮਾਨੈ ਪਰਤਖ ਗੁਰੂ ਨਿਸਤਾਰੇ॥*[੧੯]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਸਰੇ ਧਰਮ ਗ੍ਰੰਥਾਂ ਨਾਲੋਂ ਪ੍ਰਮੁੱਖ ਵਿਲੱਖਣਤਾ ਇਹ ਹੈ ਕਿ ਇਸ ਦੀ ਸੰਪਾਦਨਾ ਦਾ ਕਾਰਜ ਖ਼ੁਦ ਧਰਮ ਦੇ ਬਾਨੀਆਂ ਵੱਲੋਂ ਆਪਣੇ ਹੱਥਾਂ ਨਾਲ ਕੀਤਾ ਗਿਆ ਹੈ। ਅਜਿਹਾ ਕਰ ਕੇ ਇਸ ਧਰਮ ਗ੍ਰੰਥ ਨੂੰ ਸ਼ੰਕਿਆਂ ਅਤੇ ਕਿੰਤੂਆਂ-ਪ੍ਰੰਤੂਆਂ ਤੋਂ ਮੁਕਤ ਕਰ ਦਿੱਤਾ। ਵਿਲੱਖਣਤਾ ਦਾ ਦੂਸਰਾ ਵੱਡਾ ਝਲਕਾਰਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਦਰਜਾ ਪ੍ਰਾਪਤ ਹੈ। ਧਰਮਾਂ ਦੇ ਇਤਿਹਾਸ ਵਿਚ ਕਿਸੇ ਵੀ ਧਰਮ ਦੀ ਹੋਂਦ ਲਈ ਉਸਦੇ ਧਰਮ ਗ੍ਰੰਥ ਦਾ ਹੋਣਾਂ ਬਹੁਤ ਜ਼ਰੂਰੀ ਹੈ। ਧਰਮ ਗ੍ਰੰਥ ਤੋਂ ਬਿਨਾਂ ਧਰਮ ਦੀ ਹੋਂਦ ਸੰਭਵ ਨਹੀਂ ਹੈ। ਧਰਮ ਗ੍ਰੰਥ ਹੀ ਆਪਣੇ ਪੈਗੰਬਰਾਂ, ਗੁਰੂਆਂ, ਪੀਰਾਂ ਵੱਲੋਂ ਦਿੱਤੇ ਹੋਏ ਸਿਧਾਂਤਾਂ ਨਾਲ ਆਪਣੇ ਪੈਰੋਕਾਰਾਂ ਨੂੰ ਧਰਮ ਨਾਲ ਜੋੜਨ ਲਈ ਰਾਹ ਨਿਰਧਾਰਿਤ ਕਰਦੇ ਹਨ।[੨੦]

**ਹਵਾਲੇ :**


੧. *ਗੁਰਮਤਿ ਪ੍ਰਕਾਸ਼,* ਫਰਵਰੀ ੨੦੦੯, ਪੰਨਾ ੧੧.

੨. *ਸੱਚਖੰਡ ਪੱਤਰ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਹਾਰਾਸ਼ਟਰ,ਜਨਵਰੀ ੧੯੯੨, ਪੰਨਾ ੯.

੩. ਡਾ. ਬਲਕਾਰ ਸਿੰਘ, *ਸ਼ਬਦ-ਗੁਰੂ ਦਾ ਸਿੱਖ-ਪ੍ਰਸੰਗ,* ਪਹਿਲੀ ਵਾਰ ੨੦੦੮, ਪੰਨਾ ੧੬.

੪. ਗੰਡਾ ਸਿੰਘ (ਸੰਪਾਦਕ), *ਭਾਈ ਨੰਦ ਲਾਲ ਗ੍ਰੰਥਾਵਲੀ,* ਚੌਥੀ ਵਾਰ ੨੦੦੯, ਪੰਨਾ ੧੯੭.

੫. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਤੀਜੀ ਵਾਰ ੧੯੯੯, ਪੰਨਾ ੧੧੧.

੬. ਉਕਤ, ਪੰਨਾ ੨੬੪.

੭. ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸੰਪਾਦਕ ਪਿਆਰਾ ਸਿੰਘ ਪਦਮ, ਦੂਜੀ ਵਾਰ ਜੁਲਾਈ ੨੦੦੫, ਪੰਨਾ ੧੮੯-੯੦.

੮. ਬਾਬਾ ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,* ਸੰਪਾਦਕ ਡਾ. ਅੱਛਰ ਸਿੰਘ ਕਾਹਲੋਂ, ਪਹਿਲੀ ਵਾਰ ੨੦੦੦, ਪੰਨਾ ੫੨੦.

੯. ਪਿਆਰਾ ਸਿੰਘ ਪਦਮ (ਸੰਪਾਦਕ), *ਰਹਿਤਨਾਮੇ,* ਪੰਜਵੀਂ ਵਾਰ ੧੯੯੧

੧੦-੧੭. ਉਹੀ

੧੮. ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਮੀ,* ਸੰਪਾਦਕ ਡਾ. ਮਨਵਿੰਦਰ ਸਿੰਘ, ਪਹਿਲੀ ਵਾਰ ੨੦੧੬, ਪੰਨਾ ੨੩੨-੩੩.

੧੯. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੋਥੀ ਤੀਜੀ, ਜੁਲਾਈ ੨੦੧੦, ਪੰਨਾ ੯੮੨.

੨੦. ਡਾ. ਸਰਬਜਿੰਦਰ ਸਿੰਘ, *ਧੁਰ ਕੀ ਬਾਣੀ* ਸੰਪਾਦਨ ਜੁਗਤ, ੨੦੦੪, ਪੰਨਾ ੬.


■

# ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਧਰਮ ਪ੍ਰਚਾਰ ਕਮੇਟੀ ਦਾ ਯੋਗਦਾਨ

*-ਸ. ਬਲਵਿੰਦਰ ਸਿੰਘ ਕਾਹਲਵਾਂ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ੧੯੩੧ ਈ. ਦੀ ਜਰਨਲ ਇਕੱਤਰਤਾ ਵਿਚ ਧਰਮ ਪ੍ਰਚਾਰ ਕਮੇਟੀ ਬਣਾਉਣ ਦੀ ਤਕਨੀਕ ਰੱਖੀ ਗਈ ਅਤੇ ੧ ਅਪ੍ਰੈਲ, ੧੯੪੫ ਈ. ਨੂੰ ਧਰਮ ਪ੍ਰਚਾਰ ਕਮੇਟੀ ਹੋਂਦ ਵਿਚ ਆਈ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਚੋਣ ਹੁੰਦੀ ਹੈ ਤਾਂ ਉਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਸੱਤ ਮੈਂਬਰ ਨਾਮਜ਼ਦ ਹੁੰਦੇ ਹਨ। ਇਹ ਮੈਂਬਰ ਸਿੱਖ ਇਤਿਹਾਸ ਨਾਲ ਸੰਬੰਧਿਤ ਬੁੱਧੀਜੀਵੀ ਵਿਅਕਤੀ ਹੁੰਦੇ ਹਨ ਜਿਨ੍ਹਾਂ ਦੀ ਸੱਤ ਮੈਂਬਰੀ ਕਮੇਟੀ ਚੁਣੀ ਜਾਂਦੀ ਹੈ। ਇਸ ਕਮੇਟੀ ਦੀਆਂ ਧਰਮ ਪ੍ਰਚਾਰ ਦੇ ਕਾਰਜਾਂ ਹਿੱਤ ਵੱਖ-ਵੱਖ ਬੈਠਕਾਂ ਹੁੰਦੀਆਂ ਹਨ। ਇਸ ਵਿਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਸਿੱਖ ਧਰਮ ਨੂੰ ਪ੍ਰਫੁਲਿਤ ਕਰਨ ਲਈ ਕਈ ਵਿਚਾਰ-ਵਟਾਂਦਰੇ ਕੀਤੇ ਜਾਂਦੇ ਹਨ। ਅਸਲ ਵਿਚ ਧਰਮ ਪ੍ਰਚਾਰ ਕਮੇਟੀ ਦਾ ਮੁੱਖ ਮਨੋਰਥ ਹੈ ਹੀ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ।

**ਮੁੱਖ ਕਾਰਜ:** ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਤਿੰਨ ਜ਼ੋਨ ਬਣਾਏ ਗਏ ਹਨ: ਮਾਝਾ, ਦੁਆਬਾ ਅਤੇ ਮਾਲਵਾ। ਇਨ੍ਹਾਂ ਵਿਚ ਵੱਖਰੇ ਸਬ-ਆਫਿਸ ਖੋਲੇ ਹਨ ਜੋ ਕਿ ਮੁੱਖ ਦਫ਼ਤਰ ਨਾਲ ਜੁੜੇ ਹੋਏ ਹਨ। ਇਨ੍ਹਾਂ ਸਬ-ਆਫਿਸਾਂ ਰਾਹੀਂ ਪ੍ਰਚਾਰਕ, ਕਵੀਸ਼ਰ ਅਤੇ ਢਾਡੀ ਸਾਹਿਬਾਨ ਆਪੋ-ਆਪਣੇ ਹਲਕਾ ਮੈਂਬਰਾਂ ਦੇ ਸਹਿਯੋਗ ਨਾਲ ਆਪਣੇ-ਆਪਣੇ ਇਲਾਕਿਆਂ ਵਿਚ ਗੁਰਮਤਿ ਸਮਾਗਮਾਂ ਦਾ ਆਯੋਜਨ ਕਰਦੇ ਹਨ। ਇਹ ਇਕ ਤਰ੍ਹਾਂ ਦੀ ਪ੍ਰਚਾਰ ਲਹਿਰ ਵਜੋਂ ਕਾਰਜ ਕੀਤੇ ਜਾਂਦੇ ਹਨ। ਜਿਸ ਤਹਿਤ ਢਾਡੀ, ਪ੍ਰਚਾਰਕ ਕਵੀਸ਼ਰ ਸਾਹਿਬਾਨ ਦਸ-ਦਸ, ਪੰਦਰਾਂ-ਪੰਦਰਾਂ ਦਿਨ ਲਗਾਤਾਰ ਪਿੰਡਾਂ, ਕਸਬਿਆਂ ਆਦਿ ਵਿਚ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਦੇ ਹਨ ਅਤੇ ਸੰਗਤ ਨੂੰ ਅੰਮ੍ਰਿਤ-ਪਾਨ ਕਰਨ ਲਈ ਪ੍ਰੇਰਿਤ ਕਰਦੇ ਹਨ। ਜਦੋਂ ਉਨ੍ਹਾਂ ਹਫਤਾਵਾਰੀ ਗੁਰਮਤਿ ਸਮਾਗਮਾਂ ਦੀ ਸਮਾਪਤੀ ਹੁੰਦੀ ਹੈ ਤਾਂ ਅੰਤਲੇ ਦਿਨ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਾਂਦਾ ਹੈ। ਪਿਛਲੇ ਸਾਲ ਵੱਖ-ਵੱਖ ਸਮਾਗਮਾਂ ਦੌਰਾਨ ੬੫ ਹਜ਼ਾਰ ਤੋਂ ਵੱਧ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ। ਇਸ ਦੇ ਨਾਲ ਨਾਲ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਦੀ ਮੰਗ 'ਤੇ ਕਥਾ-ਵਾਚਕ, ਢਾਡੀ ਸਾਹਿਬਾਨ, ਪ੍ਰਚਾਰਕ ਸਾਹਿਬਾਨ ਆਦਿ ਵੀ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਜਾਂਦੇ ਹਨ। ਅੰਮ੍ਰਿਤ-ਸੰਚਾਰ

**ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਸ੍ਰੀ ਅੰਮ੍ਰਿਤਸਰ। ਮੋ: ੯੮੭੬੦-੦੪੭੦੦*

ਦੌਰਾਨ ਧਰਮ-ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਭੇਟਾ-ਰਹਿਤ ਕਕਾਰ ਵੀ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਪਿੰਡਾਂ-ਕਸਬਿਆਂ ਆਦਿ ਵਿਚਲੇ ਗੁਰਦੁਆਰਾ ਸਾਹਿਬਾਨ ਜਾਂ ਸੰਗਤ ਵੱਲੋਂ ਗੁਰਮਤਿ ਸਮਾਗਮ ਕਰਵਾਉਣ ਹਿੱਤ ਜੇਕਰ ਕੋਈ ਲੋੜੀਂਦੇ ਸਾਮਾਨ ਆਦਿ ਦੀ ਮੰਗ ਧਰਮ ਪ੍ਰਚਾਰ ਕਮੇਟੀ ਤੋਂ ਕੀਤੀ ਜਾਂਦੀ ਹੈ ਤਾਂ ਕਮੇਟੀ ਵੱਲੋਂ ਉਹ ਸਾਮਾਨ ਵੀ ਮੁਹੱਈਆ ਕਰਵਾਇਆ ਜਾਂਦਾ ਹੈ। ਜਿਸ ਵਿਚ ਟੈਂਟ, ਸ਼ਮਿਆਨੇ, ਬਰਤਨ, ਲੰਗਰ ਆਦਿ ਦਾ ਸਾਮਾਨ ਹੁੰਦਾ ਹੈ। ਅਜਿਹੀ ਕੋਈ ਵੀ ਸੇਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ-ਰਹਿਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਸੰਗਤ ਨੂੰ ਹਰੇਕ ਤਰ੍ਹਾਂ ਦੇ ਗੁਰਮਤਿ ਸਮਾਗਮਾਂ 'ਤੇ ਲੋੜੀਂਦੀਆਂ ਵਸਤੂਆਂ ਪਹੁੰਚਾਉਣ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਭੇਟਾ-ਰਹਿਤ ਲਿਟਰੇਚਰ ਵੀ ਮੁਹੱਈਆ ਕਰਵਾਇਆ ਜਾਂਦਾ ਹੈ ਤਾਂਕਿ ਸੰਗਤ ਵਿਸ਼ੇਸ਼ ਕਰਕੇ ਨੌਜਵਾਨ ਵਰਗ ਆਪਣੇ ਸ਼ਾਨਾਂਮੱਤੇ ਇਤਿਹਾਸ ਨਾਲ ਜੁੜ ਸਕੇ। ਸੰਗਤ ਆਪਣੇ ਪੱਧਰ 'ਤੇ ਜੋ ਗੁਰਮਤਿ ਸਮਾਗਮ ਆਪਣੇ ਇਲਾਕੇ ਵਿਚ ਕਰਵਾਉਣਾ ਚਾਹੁੰਦੀ ਹੈ ਉਹ ਸਿੱਧੇ ਰੂਪ ਵਿਚ ਆਪਣੀ ਮੰਗ ਧਰਮ ਪ੍ਰਚਾਰ ਕਮੇਟੀ ਨੂੰ ਕਰ ਸਕਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ੧੨ ਤੋਂ ੧੫ ਸਮਾਗਮ ਰੋਜ਼ਾਨਾ ਵੱਖ-ਵੱਖ ਅਸਥਾਨਾਂ 'ਤੇ ਕੀਤੇ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਦੀ ਵੱਖਰੀ ਡਿਊਟੀ ਅੰਮ੍ਰਿਤ-ਸੰਚਾਰ ਲਈ ਲਗਾਈ ਜਾਂਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ। ਸੰਗਤ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਵਿਸ਼ੇਸ਼ ਚਿੱਤਰ-ਪ੍ਰਦਰਸ਼ਨੀ ਦਾ ਵੀ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਜਿੱਥੇ ਵੀ ਵਿਸ਼ੇਸ਼ ਗੁਰਮਤਿ ਸਮਾਗਮ ਹੁੰਦੇ ਹਨ, ਉੱਥੇ ਇਹ ਚਿੱਤਰ ਪ੍ਰਦਰਸ਼ਨੀ ਵਿਸ਼ੇਸ਼ ਰੂਪ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ ਲਗਾਈ ਜਾਂਦੀ ਹੈ। ਪਿੱਛੇ ਜਿਹੇ ਗੁਰੂ ਕੇ ਬਾਗ਼ ਦੇ ਮੋਰਚੇ ਦੀ ਸ਼ਤਾਬਦੀ ਮਨਾਈ ਗਈ ਤਾਂ ਉਸ ਸਮੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਨਾਲ ਸੰਬੰਧਿਤ ਚਿੱਤਰ ਪ੍ਰਦਰਸ਼ਨੀ ਲਗਾਈ ਗਈ ਸੀ ਜਿਸ ਤੋਂ ਸੰਗਤ ਵਿਸ਼ੇਸ਼ ਕਰਕੇ ਨੌਜਵਾਨਾਂ ਨੇ ਭਰਪੂਰ ਲਾਹਾ ਲਿਆ। ਇਸ ਦੌਰਾਨ ਆਪਣੇ ਇਤਿਹਾਸ-ਬਾਰੇ ਵੇਖ-ਪੜ੍ਹ ਸੰਗਤ ਕਾਫੀ ਭਾਵੁਕ ਹੁੰਦੀ ਹੋਈ ਵੇਖੀ ਗਈ।

**ਸੰਸਥਾਵਾਂ:** ਸਿੱਖੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਅਤੇ ਧਰਮ ਪ੍ਰਚਾਰ ਵਾਸਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਰਾਗੀ, ਢਾਡੀ, ਕਥਾਵਾਚਕ ਪ੍ਰਚਾਰਕ ਸਾਹਿਬਾਨ ਤਿਆਰ ਕਰਨ ਲਈ ੧੭ ਮਿਸ਼ਨਰੀ ਕਾਲਜ, ਗੁਰਮਤਿ ਵਿਦਿਆਲੇ, ਗੁਰਮਤਿ

ਇੰਸਟੀਚਿਊਟ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ੬ ਮਿਸ਼ਨਰੀ ਕਾਲਜਾਂ ਵਿਚ ੩ ਸਾਲ ਦਾ ਡਿਪਲੋਮਾ ਕਰਵਾਇਆ ਜਾਂਦਾ ਹੈ। ਇਨ੍ਹਾਂ ਵਿਚ ਪੁਰਾਤਨ ਰਾਗਾਂ ਅਨੁਸਾਰ ਕੀਰਤਨ ਕਰਨ ਵਾਲੇ ਰਾਗੀ, ਤਬਲਾਵਾਦਕ, ਪ੍ਰਚਾਰਕ ਆਦਿ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਮਿਸ਼ਨਰੀ ਕਾਲਜਾਂ ਨੇ ਸਿੱਖ ਪੰਥ ਨੂੰ ਨਾਮਵਰ ਸਿੱਖ ਵਿਦਵਾਨ ਰਾਗੀ ਸਿੰਘ, ਪ੍ਰਚਾਰਕ, ਸਿੰਘ ਸਾਹਿਬਾਨ, ਰਾਜਨੀਤੀਵੇਤਾ ਆਦਿ ਦਿੱਤੇ ਹਨ। ਜਿਵੇਂ ਕਿ ਗਿ. ਸਾਧੂ ਸਿੰਘ ਜੀ ਭੌਰਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿ. ਸਾਹਿਬ ਸਿੰਘ ਜੀ, ਸਿੰਘ ਸਾਹਿਬ ਗਿ. ਸੋਹਨ ਸਿੰਘ ਜੀ, ਸਿੰਘ ਸਾਹਿਬ ਗਿ. ਗੁਰਬਚਨ ਸਿੰਘ ਜੀ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਗਿ. ਗਿਆਨੀ ਸ਼ਰਮ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਕੇਵਲ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਜੋਂ ਸੇਵਾਵਾਂ ਨਿਭਾਈਆਂ ਹਨ। ਗਿ. ਬਾਦਲ ਸਿੰਘ ਜੀ, ਗਿ. ਫੌਜਾ ਸਿੰਘ, ਗਿ. ਈਸ਼ਰ ਸਿੰਘ ਬਸਾਲੀ, ਗਿ. ਗੁਰਬਖ਼ਸ਼ ਸਿੰਘ, ਸ. ਅਮਰ ਸਿੰਘ ਦੁਸਾਂਝ, ਗਿ. ਹਰਚਰਨ ਸਿੰਘ ਹੁਡਿਆਰਾ, ਗਿ. ਕੇਹਰ ਸਿੰਘ ਜੀ ਬੈਰਾਗੀ, ਗਿ. ਜੰਗ ਸਿੰਘ, ਗਿ. ਸ਼ੰਕਰ ਸਿੰਘ, ਗਿ. ਗਹਿਲ ਸਿੰਘ ਜੀ ਭਲਾਈ, ਗਿ. ਸਾਹਿਬ ਸਿੰਘ 'ਚਮਕ', ਗਿ. ਮਨਜੀਤ ਸਿੰਘ 'ਦਾਦਰ', ਗਿ. ਗੁਰਬਚਨ ਸਿੰਘ 'ਚਾਂਦ', ਗਿ. ਨਿਰੰਜਨ ਸਿੰਘ 'ਯੂ. ਕੇ., ਗਿ. ਤ੍ਰਿਵੇਦੀ ਸਿੰਘ 'ਯੂ. ਕੇ., ਗਿ. ਅਨੂਪ ਸਿੰਘ ਜੀ ਯੂ. ਐਸ. ਏ., ਗਿ. ਗੁਰਮੁਖ ਸਿੰਘ ਹਾਂਗਕਾਂਗ, ਭਾਈ ਗੁਰਦਾਸ ਸਿੰਘ, ਗਿ. ਤਾਰਾ ਸਿੰਘ ਕਨੇਡਾ ਆਦਿ ਨੇ ਪ੍ਰਚਾਰਕ ਵਜੋਂ ਸਿੱਖ ਧਰਮ ਦੇ ਪ੍ਰਚਾਰ ਹਿੱਤ ਸੇਵਾਵਾਂ ਨਿਭਾਈਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਕਾਲਜਾਂ ਵਿਚ ਪੜ੍ਹੇ ਵਿਦਿਆਰਥੀਆਂ ਨੇ ਭਾਰਤੀ ਫੌਜ ਵਿਚ ਧਾਰਮਿਕ ਅਧਿਆਪਕ/ਗ੍ਰੰਥੀ ਵਜੋਂ ਵੀ ਸੇਵਾਂ ਨਿਭਾਈਆਂ। ਇਨ੍ਹਾਂ ਵਿਚ ਕੈਪਟਨ ਸੋਹਣ ਸਿੰਘ ਡੋਰਾ, ਸ. ਅਮੋਲਕ ਸਿੰਘ, ਸ. ਕੇਵਲ ਸਿੰਘ ਦੁਸਾਂਝ, ਸ. ਤਿਰਲੋਚਨ ਸਿੰਘ ਲੱਖੂਵਾਲ, ਗਿ. ਹਰਜਾਪ ਸਿੰਘ, ਸ. ਰਾਜਿੰਦਰ ਸਿੰਘ ਪੁਣਛੀ, ਸੂਬੇਦਾਰ ਲਖਵਿੰਦਰ ਸਿੰਘ ਠਰੂ, ਸੂਬੇਦਾਰ ਦਮੋਦਰ ਸਿੰਘ, ਸੂਬੇਦਾਰ ਮੁਖਤਾਰ ਸਿੰਘ ਗੱਗੋਬੂਆ, ਸੂਬੇਦਾਰ ਸੁਖਰਾਜ ਸਿੰਘ ਤਾਮਕੋਟ, ਸੂਬੇਦਾਰ ਸਤਵਿੰਦਰ ਸਿੰਘ 'ਜੋਗਰ' ਆਦਿ ਪ੍ਰਮੁੱਖ ਹਨ। ਗਿ. ਪ੍ਰੀਤਮ ਸਿੰਘ ਸਰਲੀ ਨੇ ਅਜ਼ਾਦ ਹਿੰਦ ਫ਼ੌਜ ਵਿਚ ਸੇਵਾ ਨਿਭਾਈ। ਗਿਆਨੀ ਅਜੀਤ ਸਿੰਘ ਅੰਬਾਲਵੀ ਨੇ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਵਜੋਂ ਕੰਮ ਕੀਤਾ।

ਇਨ੍ਹਾਂ ਕਾਲਜਾਂ ਦੇ ਕੁਝ ਵਿਦਿਆਰਥੀ ਦੇਸ਼ ਵਿਚ ਵੱਖ-ਵੱਖ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਹੇ। ਜਿਵੇਂ ਕਿ ਗਿ. ਜ਼ੈਲ ਸਿੰਘ, ਰਾਸ਼ਟਰਪਤੀ ਭਾਰਤ, ਗਿ. ਲਾਲ ਸਿੰਘ (ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਡਾਇਰੈਕਟਰ ਭਾਸ਼ਾ ਵਿਭਾਗ

ਤੇ ਹੋਰ ਉੱਚ-ਪਦਵੀਆਂ ਉੱਪਰ ਤਾਇਨਾਤ ਰਹੇ)। ਜਥੇਦਾਰ ਈਸ਼ਰ ਸਿੰਘ ਮਝੈਲ, ਗਿ. ਅਮਰ ਸਿੰਘ ਦੁਸਾਂਝ ਆਦਿ ਨੇ ਪੰਜਾਬ ਵਜ਼ਾਰਤ ਵਿਚ ਮੰਤਰੀ ਵਜੋਂ ਸੇਵਾ ਕੀਤੀ।

ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਕੇਹਰ ਸਿੰਘ, ਪੰਜਾਬ ਸਰਕਾਰ, ਪ੍ਰੋ. ਕੁਲਵੰਤ ਸਿੰਘ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਪ੍ਰੋ. ਹਰਿਭਜਨ ਸਿੰਘ ਜੀ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਸ. ਗੁਰਬਖ਼ਸ਼ ਸਿੰਘ ਇਨਫਰਮੇਸ਼ਨ ਅਫ਼ਸਰ, ਗਿ. ਭਰਪੂਰ ਸਿੰਘ ਜੀ ਮੀਤ ਸਕੱਤਰ, ਪ੍ਰੋ. ਜਗਜੀਤ ਸਿੰਘ ਠੀਕਰੀਵਾਲ ਗੁਰਮਤਿ ਕਾਲਜ ਪਟਿਆਲਾ, ਸਾਧੂ ਸਿੰਘ ਹਮਦਰਦ, ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਲਾਭ ਸਿੰਘ, ਆਦਿ ਹੋਰ ਵੀ ਬਹੁਤ ਸਾਰੇ ਪ੍ਰਸਿੱਧ ਸ਼ਖ਼ਸ਼ੀਅਤਾਂ ਦੇ ਨਾਮ ਵਰਣਨਯੋਗ ਹਨ।

ਬਹੁਤ ਸਾਰੇ ਵਿਦਿਆਰਥੀਆਂ ਨੇ ਗੁਰਮਤਿ ਸੰਗੀਤ ਕਲਾਸ ਵਿਚ ਕੋਰਸ ਕਰਨ ਉਪਰੰਤ ਰਾਗੀ ਦੇ ਰੂਪ ਵਿਚ ਵੱਖ-ਵੱਖ ਧਰਮ ਸਥਾਨਾਂ ਪੁਰ ਸੇਵਾਵਾਂ ਨਿਭਾਈਆਂ। ਇਨ੍ਹਾਂ ਰਾਗੀ ਸਿੰਘਾਂ ਵਿਚ ਪ੍ਰਿੰ. ਬਲਦੇਵ ਸਿੰਘ 'ਦਿੱਲੀ ਵਾਲੇ', ਭਾਈ ਸਤਿਨਾਮ ਸਿੰਘ 'ਸੇਠੀ', ਭਾਈ ਹਰਦਿੱਤ ਸਿੰਘ ਜੀ ਪੁਣਛ, ਭਾਈ ਗੁਲਾਬ ਸਿੰਘ ਜੀ, ਗਿ. ਅਜੀਤ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਮਨਮੋਹਨ ਸਿੰਘ ਰਕਾਬ ਗੰਜ, ਗਿ. ਸੰਤੋਖ ਸਿੰਘ ਅਸਟ੍ਰੇਲੀਆ, ਭਾਈ ਜੰਗ ਸਿੰਘ, ਭਾਈ ਜਨਕ ਸਿੰਘ ਕਨੇਡਾ, ਭਾਈ ਸੁਰਜੀਤ ਸਿੰਘ ਸੇਵਾਪੰਥੀ (ਰੋਹਤਕ), ਭਾਈ ਅਮਰ ਸਿੰਘ, ਪ੍ਰਿੰ. ਬਲਦੇਵ ਸਿੰਘ, ਭਾਈ ਹਰਨਾਮ ਸਿੰਘ, ਭਾਈ ਨਿਰਮਲ ਸਿੰਘ ਜੀ ਖਾਲਸਾ, ਭਾਈ ਰਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ 'ਜੋਧਪੁਰੀ' ਭਾਈ ਹਰਜਿੰਦਰ ਸਿੰਘ 'ਸ੍ਰੀ ਨਗਰ ਵਾਲੇ' ਭਾਈ ਸਤਨਾਮ ਸਿੰਘ ਕੁਹਾੜਕਾ, ਭਾਈ ਕੁਲਦੀਪ ਸਿੰਘ ਆਦਿ ਤੋਂ ਇਲਾਵਾ ਬਹੁਤ ਸਾਰੇ ਰਾਗੀ ਜਥੇ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਦੇਸ਼ਾ ਵਿਦੇਸ਼ਾਂ ਵਿਖੇ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਹਥਲੇ ਲੇਖ ਦੇ ਲੇਖਕ ਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਸ਼ਾਨਾਂਮੱਤੀ ਸੰਸਥਾ ਦੇ ਕਾਲਜ ਗੁਰੂ ਕਾਸ਼ੀ ਇੰਸਟੀਚਿਊਟ, ਤਲਵੰਡੀ ਸਾਬੋ ਵਿਖੇ ਰਹਿ ਕੇ ਵਿੱਦਿਆ ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਪੰਜਾਬ ਤੋਂ ਇਲਾਵਾ ਵੱਖ-ਵੱਖ ਰਾਜਾਂ ਵਿਚ ਧਰਮ ਪ੍ਰਚਾਰ ਕਮੇਟੀ ਦੇ ੧੨ ਮਿਸ਼ਨ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਕਾਰਜ ਕਰ ਰਹੇ ਹਨ। ਜਿਵੇਂ ਕਿ:

੧. ਸਿੱਖ ਮਿਸ਼ਨ ਜੰਮੂ ਕਸ਼ਮੀਰ
੨. ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼
੩. ਸਿੱਖ ਮਿਸ਼ਨ ਹਰਿਆਣਾ (ਕੁਰੁਕਸ਼ੇਤਰ)
੪. ਸਿੱਖ ਮਿਸ਼ਨ ਦਿੱਲੀ

੫. ਸਿੱਖ ਮਿਸ਼ਨ ਹਾਪੜ (ਯੂ.ਪੀ.)
੬. ਸਿੱਖ ਮਿਸ਼ਨ ਕਾਸ਼ੀਪੁਰ (ਉਤਰਾਖੰਡ)
੭. ਸਿੱਖ ਮਿਸ਼ਨ ਅਹਿਮਦਾਬਾਦ (ਗੁਜਰਾਤ)
੮. ਸਿੱਖ ਮਿਸ਼ਨ ਰਾਏਪੁਰ (ਛੱਤੀਸਗੜ੍ਹ)
੯. ਸਿੱਖ ਮਿਸ਼ਨ ਕਲਕੱਤਾ
੧੦. ਸਿੱਖ ਮਿਸ਼ਨ ਆਂਧਰਾ ਪ੍ਰਦੇਸ਼, ਵਿਸਾਖਾਪਟਨਮ
੧੧. ਸਿੱਖ ਮਿਸ਼ਨ ਨੇਪਾਲ (ਕਾਠਮਾਂਡੂ)
੧੨. ਗੁਰਮਤਿ ਪ੍ਰਚਾਰ ਕੇਂਦਰ, ਸਟੇਟ ਰਾਜਸਥਾਨ (ਬੁੱਢਾ ਜੌਹੜ)

ਇੱਥੇ ਪ੍ਰਚਾਰਕ, ਰਾਗੀ, ਢਾਡੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੱਕੇ ਤੌਰ 'ਤੇ ਮੁਹੱਈਆ ਕਰਵਾਏ ਹੋਏ ਹਨ ਜੋ ਕਿ ਸਟੇਟਾਂ ਵਿਚ ਸਿੱਖੀ ਦਾ ਪ੍ਰਚਾਰ-ਪ੍ਰਸਾਰ ਲਗਾਤਾਰ ਕਰ ਰਹੇ ਹਨ।

ਇਨ੍ਹਾਂ ਸਾਰੇ ਮਿਸ਼ਨਾਂ ਦਾ ਸਾਰਾ ਖਰਚਾ ਧਰਮ ਪ੍ਰਚਾਰ ਕਮੇਟੀ ਵੱਲੋਂ ਕੀਤਾ ਜਾਂਦਾ ਹੈ। ਇਸ ਦੇ ਨਾਲ ਵੱਖ-ਵੱਖ ਇਲਾਕਿਆਂ ਵਿੱਚੋਂ ਸੰਗਤ ਦਾ ਸਹਿਯੋਗ ਵੀ ਲਿਆ ਜਾਂਦਾ ਹੈ।

**ਵਿੱਦਿਆ ਦੇ ਖੇਤਰ ਵਿਚ ਕੈਂਪ:** ਧਰਮ ਪ੍ਰਚਾਰ ਕਮੇਟੀ ਵੱਲੋਂ ਜਿਹੜੇ ਗੁਰਮਤਿ ਕਾਲਜ ਇੰਸਟੀਚਿਊਟ ਚਲਾਏ ਜਾਂਦੇ ਹਨ। ਉਨ੍ਹਾਂ ਦੇ ਅਧਿਆਪਕ ਸਾਹਿਬਾਨਾਂ ਦੇ ਕੈਂਪ ਲਗਾ ਕੇ ਉਨ੍ਹਾਂ ਨੂੰ ਇਸ ਬਾਰੇ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕਿਵੇਂ ਤਿਆਰ ਕਰਨਾ ਹੈ। ਇਸ ਕਾਰਜ ਲਈ ਸਿੱਖ ਕੌਮ ਦੇ ਵੱਡੇ ਵਿਦਵਾਨਾਂ ਅਤੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰ ਸਹਿਬਾਨਾਂ ਦਾ ਸਹਿਯੋਗ ਲਿਆ ਜਾਂਦਾ ਹੈ ਤਾਂਕਿ ਉਨ੍ਹਾਂ ਦਾ ਲਾਭ ਬੱਚਿਆਂ ਨੂੰ ਮਿਲੇ।

ਇਸੇ ਤਰ੍ਹਾਂ ੧੦-੧੨ ਧਾਰਮਿਕ ਅਧਿਆਪਕਾਂ ਦੀਆਂ ਟੋਲੀਆਂ (Group) ਬਣਾ ਕੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਦਾ ਵੀ ਉਪਰਾਲਾ ਕੀਤਾ ਜਾਂਦਾ ਹੈ। ਇਨ੍ਹਾਂ ਯਤਨਾਂ ਤਹਿਤ ੧੫-੧੫ ਦਿਨਾਂ ਦੇ ਜੋ ਵੱਖ-ਵੱਖ ਪਿੰਡਾਂ ਵਿਚ ਕੈਂਪ ਲਗਾਏ ਜਾਂਦੇ ਹਨ ਉਨ੍ਹਾਂ ਲਈ ਸੰਗਤ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ। ਜਦੋਂ ੧੫ ਦਿਨ ਦਾ ਕੈਂਪ ਸਮਾਪਤ ਹੋ ਜਾਂਦਾ ਹੈ ਤਾਂ ਸੰਗਤ ਵੱਲੋਂ ਇਨ੍ਹਾਂ ਕੈਂਪਾਂ ਨੂੰ ਹੋਰ ਵਧਾਉਣ ਲਈ ਧਰਮ ਪ੍ਰਚਾਰ ਕਮੇਟੀ ਨੂੰ ਕਿਹਾ ਜਾਂਦਾ ਹੈ ਤਾਂ। ਇਸ ਨਾਲ ਸਾਡੇ ਮਨਾਂ ਨੂੰ ਹੋਰ ਖੁਸ਼ੀ ਮਿਲਦੀ ਹੈ।

ਇਸ ਤੋਂ ਇਲਾਵਾ ਪਿਛਲੇ ਸਮਿਆਂ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਮਾਝਾ, ਮਾਲਵਾ ਅਤੇ ਦੁਆਬਾ ਜ਼ੋਨਾਂ ਵਿਚ ਸਮਰ ਕੈਂਪ ਲਗਾਏ ਗਏ ਹਨ। ੨੦੨੩ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਾਝਾ ਜ਼ੋਨ ਵਿਚ ੧੫੨ ਕੈਂਪ ਲਗਾਏ ਗਏ

ਹਨ ਜਿਨ੍ਹਾਂ ਵਿਚ ੬੨੩੩ ਵਿਦਿਆਰਥੀਆਂ ਨੇ ਭਾਗ ਲਿਆ ਸੀ ਇਨ੍ਹਾਂ ਵਿੱਚੋਂ ੫੯੯੭ ਵਿਦਿਆਰਥੀਆਂ ਨੇ ਅੰਮ੍ਰਿਤ-ਪਾਨ ਕੀਤਾ ਜੋ ਕਿ ਸਾਡੀ ਵੱਡੀ ਪ੍ਰਾਪਤੀ ਹੈ। ਖਾਸ ਕਰਕੇ ਅਜੋਕੇ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦੇ ਦੌਰ ਵਿਚ ਇਨ੍ਹਾਂ ਬੱਚਿਆਂ ਨੂੰ ਗੁਰਮਤਿ ਵੱਲ ਪ੍ਰੇਰਿਤ ਕਰਨਾ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ।

ਇਸੇ ਤਰ੍ਹਾਂ ਮਾਲਵਾ ਜ਼ੋਨ ਵਿਚ ੧੫੦ ਕੈਂਪ ਲਗਾਏ ਹਨ ਜਿਨ੍ਹਾਂ ਵਿਚ ੪੧੨੫ ਵਿਦਿਆਰਥੀਆਂ ਨੇ ਅੰਮ੍ਰਿਤ-ਪਾਨ ਕੀਤਾ ਹੈ। ਇਸੇ ਤਰ੍ਹਾਂ ਹੀ ਦੁਆਬਾ ਜ਼ੋਨ ਵਿਚ ੩੩ ਗੁਰਮਤਿ ਕੈਂਪ ਲਗਾਏ ਗਏ ਜਿਸ ਵਿਚ ਕੁੱਲ ੩੨੯੩ ਵਿਦਿਆਰਥੀਆਂ ਨੇ ਅੰਮ੍ਰਿਤ-ਪਾਨ ਕੀਤਾ।

**ਹੋਰ ਕਾਰਜ:** ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਜਾਂਦੇ ਅਨੇਕਾਂ ਕਾਰਜਾਂ ਵਿਚ ਧਾਰਮਿਕ ਪ੍ਰੀਖਿਆ ਵੀ ਕਰਵਾਈ ਜਾਂਦੀ ਹੈ। ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਦਰਜਾ ਵਾਰ ਪ੍ਰੀਖਿਆ ਲਈ ਜਾਂਦੀ ਹੈ। ਜਿਸ ਵਿਚ ਪਹਿਲੇ, ਦੂਜੇ ਅਤੇ ਤੀਜੇ ਦਰਜੇ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਦਿੱਤੇ ਜਾਂਦੇ ਹਨ। ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਵਿਚ ਕ੍ਰਮਵਾਰ ੨੫੦ ਅਤੇ ੧੦੦ ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਦਿੱਤੀ ਜਾਂਦੀ ਹੈ। ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਧਾਰਮਿਕ ਲਿਟਰੇਚਰ, ਜੋ ਕਿ ਭੇਟਾ-ਰਹਿਤ ਅਤੇ ਭੇਟਾ ਸਹਿਤ ਵੀ ਛਾਪਿਆ ਜਾਂਦਾ ਹੈ ਅਤੇ ਸੰਗਤ ਵਿਚ ਵੰਡਿਆ ਜਾਂਦਾ ਹੈ। ਸੰਗਤ ਨੂੰ ਘਰੇ ਬੈਠਿਆਂ ਗੁਰਮਤਿ ਦੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਦੋ ਮਹੀਨਾਵਾਰ ਮੈਗਜ਼ੀਨ 'ਗੁਰਮਤਿ ਪ੍ਰਕਾਸ਼' ਅਤੇ 'ਗੁਰਮਤਿ ਗਿਆਨ' (ਹਿੰਦੀ) ਵੀ ਪ੍ਰਕਾਸ਼ਿਤ ਕੀਤੇ ਜਾਦੇ ਹਨ। ਇਸ ਦੇ ਨਾਲ ਸਾਡੀ ਸੰਗਤ ਨੂੰ ਵੀ ਬੇਨਤੀ ਹੈ ਕਿ ਉਹ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਸਹਿਯੋਗ ਦੇਣ ਅਤੇ ਆਪਣੇ ਸੁਝਾਅ ਸਾਨੂੰ ਲਿਖਤੀ ਰੂਪ ਵਿਚ ਜਾਂ ਮੌਖਿਕ ਰੂਪ ਵਿਚ ਦੇਣ। ਸਾਡਾ ਸਾਰਿਆਂ ਦੇ ਨੈਤਿਕ ਫ਼ਰਜ਼ ਹੈ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਅਤੇ ਮਹਾਨ ਘਾਲਣਾਵਾਂ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਇਸ ਸੰਸਥਾ ਨੂੰ ਹਰ ਪੱਖ ਤੋਂ ਉੱਪਰ ਚੁੱਕਣ ਲਈ ਉਪਰਾਲੇ ਕਰੀਏ।

# ਨਵੰਬਰ ੧੯੮੪ ਈ. ਦਾ ਦੁਖਾਂਤ

*-ਡਾ. ਪਰਮਵੀਰ ਸਿੰਘ**

ਟੁੱਟੀਆਂ ਹੱਡੀਆਂ, ਜੁਦਾ ਹੋਏ ਅੰਗ, ਸਰੀਰ ਵਿੱਚੋਂ ਵਗ ਰਿਹਾ ਖ਼ੂਨ ਕਿਸੇ ਦੇ ਮਨ ਵਿਚ ਹਮਦਰਦੀ ਪੈਦਾ ਨਹੀਂ ਕਰ ਰਿਹਾ ਸੀ। ਦਵਾ-ਦਾਰੂ ਤਾਂ ਕਿਤੇ ਦੂਰ ਰਿਹਾ, ਬਚ ਨਿਕਲਣਾ ਵੀ ਔਖਾ ਹੋ ਗਿਆ ਸੀ। ਸਿੱਖਾਂ ਨੂੰ ਕਤਲ (ਸ਼ਹੀਦ) ਜਾਂ ਜ਼ਲੀਲ ਕਰਨ ਦਾ ਜਿਹੜਾ ਵੀ ਤਰੀਕਾ ਕਿਸੇ ਦੇ ਮਨ ਵਿਚ ਆ ਰਿਹਾ ਸੀ, ਉਸ ਦੀ ਖੁਲ੍ਹ ਕੇ ਵਰਤੋਂ ਹੋ ਰਹੀ ਸੀ।... ਕੁਆਰੀਆਂ, ਨਵ-ਵਿਆਹੀਆਂ, ਗਰਭਵਤੀ, ਅਧੇੜ-ਉਮਰ ਅਤੇ ਬਜ਼ੁਰਗ ਸਿੱਖ ਬੀਬੀਆਂ ਦੀ ਬੇਪਤੀ ਆਮ ਗੱਲ ਹੋ ਗਈ ਸੀ।... ਭੈੜੀ ਬਿਰਤੀ ਵਾਲੇ ਲੋਕਾਂ ਨੂੰ ਸ਼ਰਾਬ, ਪੈਸਾ, ਹਥਿਆਰ, ਮਿੱਟੀ ਦਾ ਤੇਲ, ਪੈਟਰੋਲ, ਫ਼ਾਸਫੋਰਸ ਅਤੇ ਸਿੱਖਾਂ ਦੇ ਘਰਾਂ ਦੀਆਂ ਲਿਸਟਾਂ ਫੜਾ ਦਿੱਤੀਆਂ ਗਈਆਂ।... ਸਿੱਖਾਂ ਦਾ ਬੀਜ ਨਾਸ਼ ਕਰਨ ਲਈ ਚੋਰ, ਪੁਲਿਸ, ਲੁਟੇਰੇ, ਕਾਤਲ, ਕਾਮੀ, ਕਮੀਨੇ ਅਤੇ ਕੱਟੜਪੰਥੀ ਆਪਸ ਵਿਚ ਰਲ ਗਏ ਸਨ। ਵੱਡੇ ਨੇਤਾ ਆਪਣੇ ਰੱਬ ਜੀ (ਰਾਜੀਵ ਗਾਂਧੀ) ਦਾ ਦੁੱਖ ਘਟਾਉਣ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦੇ ਸਨ। ਇਕ ਦੂਜੇ ਤੋਂ ਵੱਧ ਕੇ ਬੇਰਹਿਮੀ ਅਤੇ ਅਣਮਨੁੱਖੀ ਤਰੀਕਿਆਂ ਨਾਲ ਸਿੱਖਾਂ ਦਾ ਕਤਲ ਕਰਨ ਨੂੰ ਇਹ ਨੇਤਾ ਧਰਮ ਦਾ ਕੰਮ ਸਮਝ ਰਹੇ ਸਨ।

ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਸਭ ਤੋਂ ਬਾਅਦ ਵਿਚ ਪ੍ਰਗਟ ਹੋਇਆ ਹੈ ਪਰ ਛੇਤੀ ਹੀ ਇਸ ਨੇ ਸੰਸਾਰ ਦੇ ਧਰਮਾਂ ਵਿਚ ਆਪਣਾ ਸਥਾਨ ਬਣਾ ਲਿਆ ਹੈ। ਇਹ ਸਥਾਨ ਬਣਾ ਲੈਣ ਦਾ ਕਾਰਨ ਇਹ ਹੈ ਕਿ ਇਸ ਨੇ ਕਰਮਕਾਂਡ ਮੁਕਤ ਅਧਿਆਤਮਿਕ ਮਾਰਗ ਦੀ ਪ੍ਰਫੁੱਲਤਾ ਦੇ ਨਾਲ-ਨਾਲ ਸਮਾਜ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਸਿੱਧੇ ਅਤੇ ਸੌਖੇ ਢੰਗ ਨਾਲ ਮੁਖ਼ਾਤਿਬ ਕੀਤਾ ਹੈ। ਮਨੁੱਖਤਾ ਦੀ ਰਾਖੀ ਅਤੇ ਮਾਣ-ਮਰਯਾਦਾ ਨੂੰ ਬਹਾਲ ਕਰਾਉਣ ਲਈ ਇਸ ਧਰਮ ਦੇ ਪੈਰੋਕਾਰਾਂ ਨੇ ਅਣਗਿਣਤ ਸ਼ਹਾਦਤਾਂ ਦਿੱਤੀਆਂ, ਜੇਲ੍ਹਾਂ ਕੱਟੀਆਂ ਅਤੇ ਹੋਰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਤਸੀਹੇ ਝੱਲੇ। ਗ਼ੁਲਾਮੀ ਦੀ ਹਾਲਤ ਵਿਚ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਅਣਖ਼ ਅਤੇ ਸਵੈਮਾਣ ਦਾ ਪਾਠ ਪੜ੍ਹਾ ਕੇ ਗੁਰੂ ਸਾਹਿਬਾਨ ਨੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਜਿਹੜਾ ਖ਼ਾਲਸਾ ਪੰਥ ਤਿਆਰ ਕੀਤਾ ਸੀ ਉਸੇ ਕਾਰਨ ਇਥੋਂ ਦੇ ਲੋਕਾਂ ਨੂੰ ਅਜ਼ਾਦੀ ਦੀ ਫ਼ਿਜ਼ਾ ਵਿਚ ਅਨੰਦ ਪ੍ਰਾਪਤ ਕਰਨ ਦਾ ਮੌਕਾ ਮਿਲਿਆ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ੧੪੭੦੦੨। ਮੋ. ੯੮੭੨੦੭੪੩੨੨*

ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿਚ ਸਵੈਮਾਣ ਕਾਇਮ ਕਰਨ ਦੀ ਜਿਹੜੀ ਚਿਣਗ ਪੈਦਾ ਕੀਤੀ ਸੀ, ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਸਰਦਾਰਾਂ ਨੇ ਉਸ ਨੂੰ ਮਨ ਵਿਚ ਧਾਰਨ ਕਰ ਕੇ ਅਜਿਹੇ ਫ਼ੈਸਲਾਕੁਨ ਯੁੱਧ ਕੀਤੇ ਸਨ ਕਿ ਬਾਹਰੀ ਹਮਲਾਵਰ ਭਾਰਤ ਵੱਲ ਮੂੰਹ ਕਰਨ ਤੋਂ ਡਰਨ ਲੱਗੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਜਿਥੇ ਸਥਾਨਕ ਹਾਕਮਾਂ ਦੀਆਂ ਡੂੰਘੀਆਂ ਜੜ੍ਹਾਂ ਪੁੱਟ ਕੇ ਬਰਾਬਰੀ ਵਾਲੇ ਸਮਾਜ ਦੀ ਸਥਾਪਤੀ ਕੀਤੀ ਸੀ, ਉਥੇ ਮਿਸਲਾਂ ਦੇ ਸਮੇਂ ਸਿੱਖ ਸਰਦਾਰਾਂ ਨੇ ਆਮ ਲੋਕਾਂ ਨੂੰ ਬਾਹਰੀ ਹਮਲਾਵਰਾਂ ਦੇ ਜਬਰ, ਜ਼ੁਲਮ ਅਤੇ ਲੁੱਟ-ਖ਼ਸੁੱਟ ਤੋਂ ਬਚਾਉਣ ਲਈ ਸੁਤੰਤਰ ਰਾਜ ਦੀ ਸਥਾਪਨਾ ਕਰ ਲਈ ਸੀ। ਮਿਸਲ ਸਰਦਾਰਾਂ ਦੁਆਰਾ ਸਥਾਪਿਤ ਕੀਤੇ ਗਏ ਰਾਜ ਵਿਚ 'ਰਾਖੀ ਪ੍ਰਬੰਧ' ਦਾ ਵਿਸ਼ੇਸ਼ ਮਹੱਤਵ ਸੀ ਜਿਸ ਵਿਚ ਸਮੂਹ ਵਰਗਾਂ ਦੇ ਲੋਕਾਂ ਨੂੰ ਬਗ਼ੈਰ ਕਿਸੇ ਭੇਦਭਾਵ ਦੇ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਸੀ।

ਮੁਗ਼ਲਾਂ ਤੋਂ ਬਾਅਦ ਜਦੋਂ ਅੰਗਰੇਜ਼ਾਂ ਨੇ ਇਥੋਂ ਦੇ ਲੋਕਾਂ ਨੂੰ ਗ਼ੁਲਾਮ ਬਣਾ ਲਿਆ ਤਾਂ ਵੀ ਲੋਕ-ਭਲਾਈ ਅਤੇ ਦੇਸ਼ ਦੀ ਅਜ਼ਾਦੀ ਵਿਚ ਸਿੱਖਾਂ ਨੇ ਮੋਹਰੀ ਭੂਮਿਕਾ ਨਿਭਾਈ ਸੀ। ਅਮਰੀਕਾ ਅਤੇ ਕੈਨੇਡਾ ਵਿਖੇ ਨਿਵਾਸ ਕਰ ਰਹੇ ਸਿੱਖ ਆਪਣੇ ਸੁੱਖ-ਅਰਾਮ ਛੱਡ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਭਾਰਤ ਆਏ ਸਨ। ਸੈਲੂਲਰ ਅਤੇ ਦੇਸ਼ ਦੀਆਂ ਹੋਰਨਾਂ ਵੱਖ-ਵੱਖ ਜੇਲ੍ਹਾਂ ਵਿਚ ਸਖ਼ਤ ਸਜ਼ਾਵਾਂ ਭੁਗਤਣ ਦੇ ਨਾਲ-ਨਾਲ ਇਨ੍ਹਾਂ ਨੇ ਭਾਰਤ ਦੇ ਰਾਜਸੀ ਨੇਤਾਵਾਂ ਵੱਲੋਂ ਚਲਾਏ ਜਾ ਰਹੇ ਅਜ਼ਾਦੀ ਦੇ ਅੰਦੋਲਨ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਨਾਲ ਹੀ ਹਥਿਆਰਬੰਦ ਸੰਘਰਸ਼ ਕਰ ਰਹੀ ਅਜ਼ਾਦ ਹਿੰਦ ਫ਼ੌਜ ਦਾ ਹਿੱਸਾ ਬਣ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਅਜ਼ਾਦੀ ਉਪਰੰਤ ਜਾਗਰੂਕ ਹੋ ਕੇ ਸਿੱਖ ਦੇਸ਼ ਦੇ ਵਿਕਾਸ ਵਿਚ ਹਿੱਸਾ ਪਾ ਰਹੇ ਸਨ। ਇਸ ਦੌਰਾਨ ਪਹਿਲਾਂ ਪੰਜਾਬੀ ਸੂਬਾ ਮੋਰਚਾ ਅਤੇ ਫਿਰ ਐਮਰਜੈਂਸੀ ਦੇ ਵਿਰੋਧ ਦੀਆਂ ਘਟਨਾਵਾਂ ਕਾਰਨ ਸਿੱਖ ਅਤੇ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ ਸੀ। ਕੇਂਦਰ ਸਰਕਾਰ ਅਤੇ ਸਿੱਖਾਂ ਵਿਚਕਾਰ ਪੈਦਾ ਹੋਏ ਟਕਰਾਉ ਕਾਰਨ ਪਹਿਲਾਂ ਜੂਨ ੧੯੮੪ ਈ. ਅਤੇ ਫਿਰ ਨਵੰਬਰ ੧੯੮੪ ਈ. ਦੀਆਂ ਘਟਨਾਵਾਂ ਸਾਹਮਣੇ ਆਈਆਂ। ਘੱਲੂਘਾਰਾ ਜੂਨ ੧੯੮੪ ਈ. ਦੌਰਾਨ ਭਾਵੇਂ ਕਿ ਪੰਜਾਬ ਦੇ ਬਹੁਤ ਸਾਰੇ ਗੁਰਦੁਆਰਿਆਂ 'ਤੇ ਫ਼ੌਜੀ ਕਾਰਵਾਈ ਕੀਤੀ ਗਈ ਸੀ ਪਰ ਸ੍ਰੀ ਅਕਾਲ ਤਖ਼ਤ ਇਸ ਦਾ ਕੇਂਦਰੀ ਨਿਸ਼ਾਨਾ ਸੀ। ਇਸੇ ਤਰ੍ਹਾਂ ਨਵੰਬਰ ੧੯੮੪ ਈ. ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖਾਂ ਦਾ ਕਤਲ-ਏ-ਆਮ ਹੋਇਆ ਸੀ ਪਰ ਦਿੱਲੀ ਇਸ ਦੇ ਕੇਂਦਰੀ ਨਿਸ਼ਾਨ ਵਜੋਂ ਸਾਹਮਣੇ ਆਈ ਹੈ। ਇਹ ਦੋ ਘਟਨਾਵਾਂ ਸਿੱਖ ਇਤਿਹਾਸ ਦੇ ਨਾ ਪਰਤੇ ਜਾ ਸਕਣ ਵਾਲੇ ਪੰਨੇ ਹਨ। ਹਰ ਸਾਲ ਦਾ ਕੈਲੰਡਰ ਜਦੋਂ ਇਨ੍ਹਾਂ ਮਹੀਨਿਆਂ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਿੱਖਾਂ ਨੂੰ ਅਤੀਤ ਵਿਚ ਵਾਪਰੀਆਂ ਘਟਨਾਵਾਂ ਯਾਦ ਆਉਣ ਲੱਗ ਪੈਂਦੀਆਂ ਹਨ। ਇਨ੍ਹਾਂ ਘਟਨਾਵਾਂ ਸੰਬੰਧੀ ਬਹੁਤ ਕੁੱਝ ਲਿਖਿਆ ਗਿਆ ਹੈ ਅਤੇ ਹੋਰ ਬਹੁਤ ਸਾਰੀਆਂ ਪਰਤਾਂ

ਖੋਲ੍ਹਣ ਦੇ ਯਤਨ ਨਿਰੰਤਰ ਜਾਰੀ ਹਨ। ਇਸ ਸੰਬੰਧ ਵਿਚ ਸ. ਸੁਰਜੀਤ ਸਿੰਘ ਸੋਖੀ ਦੁਆਰਾ ਦਿੱਲੀ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਵਾਪਰੇ ਸਿੱਖਾਂ ਦੇ ਕਤਲ-ਏ-ਆਮ ਨਾਲ ਸੰਬੰਧਿਤ ਵੇਰਵੇ ਚਾਰ ਭਾਗਾਂ ਵਿਚ ਤਿਆਰ ਕੀਤੇ ਗਏ ਸਨ।

ਦਿੱਲੀ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਸਿੱਖਾਂ ਦੇ ਹੋਏ ਕਤਲ-ਏ-ਆਮ ਦੇ ਤੱਥਾਂ ਦੀ ਜਾਣਕਾਰੀ ਇਕੱਤਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ. ਸੁਰਜੀਤ ਸਿੰਘ ਸੋਖੀ ਦੀ ਜ਼ਿੰਮੇਵਾਰੀ ਲਗਾਈ ਸੀ। ਇਨ੍ਹਾਂ ਦੁਆਰਾ ਇਕੱਤਰ ਕੀਤੇ ਗਏ ਤੱਥ ਚਾਰ ਭਾਗਾਂ ਵਿਚ ਛਾਪੇ ਗਏ ਸਨ। ਇਨ੍ਹਾਂ ਚਾਰ ਭਾਗਾਂ ਵਿਚ ਉੱਤਰ ਪ੍ਰਦੇਸ਼, ਉੜੀਸਾ, ਹਿਮਾਚਲ ਪ੍ਰਦੇਸ਼, ਕਲਕੱਤਾ, ਦਿੱਲੀ, ਪੱਛਮੀ ਬੰਗਾਲ, ਬਿਹਾਰ, ਮੱਧ ਪ੍ਰਦੇਸ਼ ਆਦਿ ਰਾਜਾਂ ਵਿਚ ਹੋਏ ਸਿੱਖ ਕਤਲ-ਏ-ਆਮ ਦੇ ਵੇਰਵੇ ਪ੍ਰਕਾਸ਼ਿਤ ਕੀਤੇ ਗਏ ਹਨ। ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਚਸ਼ਮਦੀਦਾਂ ਦੇ ਬਿਆਨ, ਲੁਟੇਰਿਆਂ ਅਤੇ ਫ਼ਸਾਦੀਆਂ ਦੀ ਮਾਨਸਿਕਤਾ, ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਦੁਆਰਾ ਦਿੱਤੇ ਗਏ ਬਿਆਨ ਅਤੇ ਯੋਗਦਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੀੜਤਾਂ ਦੀ ਸਹਾਇਤਾ, ਪੀੜਤਾਂ ਦੇ ਵੇਰਵੇ, ਪਰਵਾਰਾਂ ਦਾ ਹਾਲ ਅਤੇ ਕੁਝ ਸਾਹਿਤਕ ਲੇਖ ਇਸ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ।

ਭਾਵਨਾਤਮਿਕ ਤੌਰ 'ਤੇ ਤੱਥਾਂ ਨੂੰ ਬਿਆਨ ਕਰਨ ਵਾਲੀ ਇਹ ਪੁਸਤਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਹੈ। ਘਟਨਾ ਵਾਲੇ ਸਥਾਨਾਂ 'ਤੇ ਜਾ ਕੇ ਘਟਨਾਵਾਂ ਨੂੰ ਨੇੜਿਓਂ ਦੇਖਣਾ, ਪੀੜਤਾਂ ਦੇ ਹਮਦਰਦੀ-ਪੂਰਵਕ ਬਿਆਨ ਇਕੱਤਰ ਕਰਨੇ, ਇਨ੍ਹਾਂ ਘਟਨਾਵਾਂ ਸਮੇਂ ਆਮ ਲੋਕਾਂ ਦੇ ਰਵੱਈਏ ਨੂੰ ਮਹਿਸੂਸ ਕਰਨਾ, ਸਾਹਿਤਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਦੁਆਰਾ ਸਮੁੱਚੇ ਘਟਨਾਕ੍ਰਮ ਸੰਬੰਧੀ ਲਿਖਤਾਂ ਅਤੇ ਬਿਆਨਾਂ ਨੂੰ ਸੰਭਾਲ ਲੈਣਾ ਆਦਿ ਅਜਿਹੀਆਂ ਵਿਧੀਆਂ ਹਨ ਜਿਹੜੀਆਂ ਲਿਖਤ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੀਆਂ ਹਨ। ਇਸ ਪੁਸਤਕ ਦੇ ਆਧਾਰ 'ਤੇ ਸਮੁੱਚੇ ਘਟਨਾਕ੍ਰਮ ਦਾ ਵਿਸ਼ਲੇਸ਼ਣ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਇਸ ਕਤਲ-ਏ-ਆਮ ਨੇ ਨਾਮਧਾਰੀ, ਨੀਲਧਾਰੀ, ਸਹਿਜਧਾਰੀ, ਸਿੰਘ ਸਭੀਏ, ਨਿਰਮਲੇ, ਦੁਕਾਨਦਾਰ, ਵਿਦਿਆਰਥੀ, ਦੁੱਧ ਚੁੰਘਦੇ ਬੱਚੇ, ਕਾਰੋਬਾਰੀ, ਨੌਕਰੀ-ਪੇਸ਼ਾ, ਫ਼ੌਜੀ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰ, ਡਰਾਇਵਰ, ਮਾਲਕ, ਨੌਕਰ, ਡਾਕਟਰ, ਰਾਜਨੀਤੀਵਾਨ, ਪੱਤਰਕਾਰ, ਕਾਰੀਗਰ, ਦਸਤਕਾਰ, ਸ਼ਿਲਪਕਾਰ, ਮਜ਼ਦੂਰ, ਟਰਾਂਸਪੋਰਟਰ ਆਦਿ ਸਭ ਵਖਰੇਵੇਂ ਦੂਰ ਕਰ ਦਿੱਤੇ ਸਨ; ਸਭ ਸਿੱਖ ਨਜ਼ਰ ਆ ਰਹੇ ਸਨ। ਟੁੱਟੀਆਂ ਹੱਡੀਆਂ, ਜੁਦਾ ਹੋਏ ਅੰਗ, ਸਰੀਰ ਵਿੱਚੋਂ ਵਗ ਰਿਹਾ ਖ਼ੂਨ ਕਿਸੇ ਦੇ ਮਨ ਵਿਚ ਹਮਦਰਦੀ ਪੈਦਾ ਨਹੀਂ ਕਰ ਰਿਹਾ ਸੀ। ਦਵਾ-ਦਾਰੂ ਤਾਂ ਕਿਤੇ ਦੂਰ ਰਿਹਾ, ਬਚ ਨਿਕਲਣਾ ਵੀ ਔਖਾ ਹੋ ਗਿਆ ਸੀ। ਸਿੱਖਾਂ ਨੂੰ ਕਤਲ (ਸ਼ਹੀਦ) ਜਾਂ ਜ਼ਲੀਲ ਕਰਨ ਦਾ ਜਿਹੜਾ ਵੀ ਤਰੀਕਾ ਕਿਸੇ ਦੇ ਮਨ ਵਿਚ ਆ ਰਿਹਾ ਸੀ, ਉਸ ਦੀ ਖੁਲ੍ਹ ਕੇ ਵਰਤੋਂ ਹੋ ਰਹੀ ਸੀ।

ਸਿੱਖਾਂ ਦੇ ਨਾਲ-ਨਾਲ, ਇਨ੍ਹਾਂ ਘਟਨਾਵਾਂ ਦੌਰਾਨ, ਦੁਕਾਨ, ਮਕਾਨ, ਗੁਰਦੁਆਰੇ, ਦਫ਼ਤਰ, ਮੋਟਰ ਸਾਇਕਲ, ਕਾਰ, ਬੱਸ, ਸਕੂਟਰ, ਟਰੱਕ ਆਦਿ ਸਾੜ੍ਹਨ ਵਿਚ ਮਾਣ ਸਮਝਿਆ ਜਾਣ ਲੱਗਾ ਸੀ। ਟੀ.ਵੀ., ਵੀ.ਸੀ.ਆਰ., ਏ.ਸੀ., ਨਕਦੀ, ਗਹਿਣੇ ਅਤੇ ਘਰ ਦਾ ਹੋਰ ਸਾਮਾਨ ਲੁੱਟਣ ਵਿਚ ਬਹਾਦਰੀ ਦਿਖਾਈ ਜਾ ਰਹੀ ਸੀ। ਕੁਆਰੀਆਂ, ਨਵ-ਵਿਆਹੀਆਂ, ਗਰਭਵਤੀ, ਅਧੇੜ-ਉਮਰ ਅਤੇ ਬਜ਼ੁਰਗ ਸਿੱਖ ਬੀਬੀਆਂ ਦੀ ਬੇਪਤੀ ਆਮ ਗੱਲ ਹੋ ਗਈ ਸੀ। ਇਸ ਕਤਲ-ਏ-ਆਮ ਦੌਰਾਨ ਸਿਰੋਂ ਚੁੰਨੀ ਉਡ ਚੁੱਕੀ ਸੀ, ਚੁਲ੍ਹਿਆਂ ਵਾਲੀ ਥਾਵੇਂ ਸਿਵੇ ਬਲ ਰਹੇ ਸਨ, ਔਲਾਦ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ, ਸਰੀਰ ਅਪੰਗ ਹੋ ਗਏ ਸਨ, ਤੇੜ ਕੱਪੜਾ ਨਹੀਂ ਬਚਿਆ ਸੀ, ਅਕਾਸ਼ ਵੱਲ ਦੇਖਦਿਆਂ ਰਾਤ ਲੰਘ ਜਾਂਦੀ ਸੀ। ਅਜਿਹੇ ਸਮੇਂ ਇਕ ਵਿਧਵਾ, ਬਲਾਤਕਾਰ ਦਾ ਸ਼ਿਕਾਰ ਅਤੇ ਬੱਚਿਆਂ ਤੋਂ ਸੱਖਣੀ ਹੋ ਚੁੱਕੀ ਮਾਂ ਦੀ ਕੀ ਹਾਲਤ ਹੋ ਸਕਦੀ ਹੈ, ਕੋਈ ਮਨੋਵਿਗਿਆਨੀ ਵੀ ਨਹੀਂ ਦੱਸ ਸਕਦਾ। ਸਰਕਾਰ ਦਾ ਸਾਰਾ ਤਾਣਾ-ਬਾਣਾ ਸਿੱਖਾਂ ਦਾ ਬੀਜ ਨਾਸ਼ ਕਰਨ 'ਤੇ ਲੱਗਿਆ ਹੋਇਆ ਸੀ, ਕਿਸੇ ਤੋਂ ਇਨਸਾਫ਼ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ।

ਨਵੰਬਰ ੧੯੮੪ ਵਿਚ ਸਿੱਖਾਂ ਦਾ ਕਤਲ-ਏ-ਆਮ ਇਸ ਦ੍ਰਿਸ਼ਟੀ ਤੋਂ ਅਰੰਭ ਕੀਤਾ ਗਿਆ ਸੀ ਕਿ ਇਨ੍ਹਾਂ ਦਾ ਬੀਜ ਨਾਸ਼ ਕਰਨਾ ਹੈ। ਇਸ ਕਾਰਜ ਲਈ ਆਮ ਲੋਕਾਂ ਦੇ ਮਨਾਂ ਵਿਚ ਸਿੱਖਾਂ ਖ਼ਿਲਾਫ਼ ਨਫ਼ਰਤ ਪੈਦਾ ਕਰ ਕੇ ਉਨ੍ਹਾਂ ਨੂੰ ਸਮਾਜ ਨਾਲੋਂ ਨਿਖੇੜਨਾ ਜ਼ਰੂਰੀ ਸੀ ਤਾਂ ਕਿ ਚੁਣ-ਚੁਣ ਕੇ ਉਨ੍ਹਾਂ ਦਾ ਸ਼ਿਕਾਰ ਕੀਤਾ ਜਾ ਸਕੇ। ਭਾਰਤ ਦਾ ਅਮਨ-ਪਸੰਦ ਨਾਗਰਿਕ ਸਰਕਾਰ ਦੀ ਇਸ ਯੋਜਨਾ ਦਾ ਹਿੱਸਾ ਨਹੀਂ ਬਣ ਸਕਦਾ ਸੀ ਇਸ ਲਈ ਚੋਰਾਂ, ਲੁਟੇਰਿਆਂ, ਕਾਤਲਾਂ, ਬਦਮਾਸ਼ਾਂ, ਪਿੰਡਾਂ ਦੇ ਭੈੜੀ ਬਿਰਤੀ ਵਾਲੇ ਜ਼ਿਮੀਂਦਾਰਾਂ, ਭੰਗੀਆਂ ਅਤੇ ਝੁੱਗੀ-ਝੌਂਪੜੀ ਵਾਲਿਆਂ ਦਾ ਸਹਾਰਾ ਲਿਆ ਗਿਆ। ਇਨ੍ਹਾਂ ਭੈੜੀ ਬਿਰਤੀ ਵਾਲੇ ਲੋਕਾਂ ਨੂੰ ਸ਼ਰਾਬ, ਪੈਸਾ, ਹਥਿਆਰ, ਮਿੱਟੀ ਦਾ ਤੇਲ, ਪੈਟਰੋਲ, ਫ਼ਾਸਫੋਰਸ ਅਤੇ ਸਿੱਖਾਂ ਦੇ ਘਰਾਂ ਦੀਆਂ ਲਿਸਟਾਂ ਫੜਾ ਦਿੱਤੀਆਂ ਗਈਆਂ। ਇਹ ਲਿਸਟਾਂ ਰਾਸ਼ਨ ਕਾਰਡ ਵਾਲੀਆਂ ਦੁਕਾਨਾਂ ਅਤੇ ਵੋਟਰ ਸੂਚੀਆਂ ਤੋਂ ਪ੍ਰਾਪਤ ਕੀਤੀਆਂ ਗਈਆਂ ਸਨ। ਹਾਕਮ ਧਿਰ ਦੇ ਆਗੂ ਨਫ਼ਰਤ ਭੜਕਾਉਣ ਅਤੇ ਕਤਲੋਗਾਰਤ ਕਰਨ ਲਈ ਉਕਸਾਅ ਰਹੇ ਸਨ। ਇਨ੍ਹਾਂ ਦੇ ਘਿਣਾਉਣੇ ਕੰਮ ਵਿਚ ਪੁਲਿਸ ਦਖ਼ਲ-ਅੰਦਾਜ਼ੀ ਨਾ ਕਰ ਸਕੇ ਇਸ ਲਈ ਵੱਡੇ ਨੇਤਾਵਾਂ ਵੱਲੋਂ ਪੁਲਿਸ ਅਫ਼ਸਰਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਕਈ ਛੋਟੇ ਦਰਜੇ ਦੇ ਪੁਲਿਸ ਅਧਿਕਾਰੀ ਅਤੇ ਸਿਪਾਹੀ ਜਾਂ ਤਾਂ ਹਿੰਸਕ ਭੀੜਾਂ ਅਤੇ ਫ਼ਸਾਦੀਆਂ ਦਾ ਸਾਥ ਦੇਣ ਲੱਗੇ ਸਨ ਅਤੇ ਜਾਂ ਫਿਰ ਘਟਨਾ ਅਸਥਾਨ ਤੋਂ ਭੱਜ ਗਏ ਸਨ। ਚੋਰਾਂ ਅਤੇ ਲੁਟੇਰਿਆਂ ਵਿਚ ਇੰਨੀ ਹਿੰਮਤ ਨਹੀਂ ਹੁੰਦੀ ਕਿ ਉਹ ਕੁਝ ਸਮਾਂ ਵੀ ਖੜੇ ਹੋ ਕੇ ਮੁਕਾਬਲਾ ਕਰ ਸਕਣ। ਜਿਥੇ ਕਿਤੇ ਵੀ ਥੋੜੇ-ਬਹੁਤ ਸਿੱਖ ਇਕੱਠੇ ਹੋ ਕੇ ਭੀੜਾਂ ਦਾ ਮੁਕਾਬਲਾ ਕਰ ਰਹੇ ਸਨ ਤਾਂ ਪੁਲਿਸ ਆਪਣਾ ਕੰਮ ਸ਼ੁਰੂ ਕਰ ਦਿੰਦੀ ਸੀ। ਸੁਰੱਖਿਆ ਦੇ ਨਾਂ 'ਤੇ ਪੁਲਿਸ ਸਿੱਖਾਂ ਕੋਲੋਂ ਕਿਰਪਾਨਾਂ ਆਦਿ ਲੈ ਜਾਂਦੀ ਸੀ ਅਤੇ

ਫ਼ਸਾਦੀਆਂ ਨੂੰ ਉਨ੍ਹਾਂ ਦਾ ਪਤਾ ਦੱਸ ਦਿੰਦੀ ਸੀ। ਸਿੱਖਾਂ ਦਾ ਬੀਜ ਨਾਸ਼ ਕਰਨ ਲਈ ਚੋਰ, ਪੁਲਿਸ, ਲੁਟੇਰੇ, ਕਾਤਲ, ਕਾਮੀ, ਕਮੀਨੇ ਅਤੇ ਕੱਟੜਪੰਥੀ ਆਪਸ ਵਿਚ ਰਲ ਗਏ ਸਨ। ਦਿਮਾਗ਼ ਦੀ ਵਰਤੋਂ ਬੰਦ ਕਰ ਕੇ ਕੇਵਲ ਆਪਣੇ ਮਿੱਥੇ ਹੋਏ ਨਿਸ਼ਾਨੇ 'ਤੇ ਕੇਂਦਰਿਤ ਕੀਤਾ ਜਾ ਰਿਹਾ ਸੀ। ਪੁਲਿਸ ਨੇਤਾਵਾਂ ਪ੍ਰਤੀ ਆਪਣੀ ਵਫ਼ਾਦਾਰੀ ਦਿਖਾਉਣ ਲਈ ਪੂਰਾ ਜ਼ੋਰ ਲਗਾ ਰਹੀ ਸੀ ਅਤੇ ਛੋਟੇ ਨੇਤਾ ਆਪਣੇ ਵੱਡੇ ਨੇਤਾਵਾਂ ਦੀ ਖ਼ੁਸ਼ੀ ਹਾਸਲ ਕਰਨ ਲਈ ਦਿਨ-ਰਾਤ ਇਕ ਕਰ ਰਹੇ ਸਨ। ਵੱਡੇ ਨੇਤਾ ਆਪਣੇ ਰੱਬ ਜੀ (ਰਾਜੀਵ ਗਾਂਧੀ) ਦਾ ਦੁੱਖ ਘਟਾਉਣ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦੇ ਸਨ। ਇਕ ਦੂਜੇ ਤੋਂ ਵੱਧ ਕੇ ਬੇਰਹਿਮੀ ਅਤੇ ਅਣਮਨੁੱਖੀ ਤਰੀਕਿਆਂ ਨਾਲ ਸਿੱਖਾਂ ਦਾ ਕਤਲ ਕਰਨ ਨੂੰ ਇਹ ਨੇਤਾ ਧਰਮ ਦਾ ਕੰਮ ਸਮਝ ਰਹੇ ਸਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਨੂੰ ਕੌਣ ਬਚਾ ਸਕਦਾ ਹੈ। ਸਿੱਖਾਂ ਦਾ ਸਭ ਤੋਂ ਵਧੇਰੇ ਨੁਕਸਾਨ ਉਨ੍ਹਾਂ ਰਾਜਾਂ ਵਿਚ ਹੋਇਆ ਸੀ ਜਿਥੇ ਕਾਂਗਰਸ ਦੀ ਸਰਕਾਰ ਸੀ। ਜਿਥੇ ਗ਼ੈਰ-ਕਾਂਗਰਸੀ ਸਰਕਾਰਾਂ ਸਨ, ਉਥੇ ਫ਼ਸਾਦੀਆਂ ਨੂੰ ਸਖ਼ਤੀ ਨਾਲ ਰੋਕਿਆ ਗਿਆ ਸੀ।

ਦੂਜੇ ਪਾਸੇ, ਸਿੱਖਾਂ ਨੂੰ ਭਾਰਤੀ ਲੋਕਤੰਤਰ ਅਤੇ ਸਰਕਾਰੀ ਪ੍ਰਸ਼ਾਸਨ 'ਤੇ ਪੂਰਨ ਭਰੋਸਾ ਸੀ। ਉਹ ਸਮਝ ਰਹੇ ਸਨ ਕਿ ਭੈੜੀ ਬਿਰਤੀ ਵਾਲੇ ਕੁਝ ਲੋਕ ਉਨ੍ਹਾਂ ਦਾ ਨੁਕਸਾਨ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਬਚਣ ਲਈ ਉਹ ਸਥਾਨਕ ਨੇਤਾਵਾਂ ਜਾ ਪੁਲਿਸ ਵਾਲਿਆਂ ਨੂੰ ਰਿਪੋਰਟ ਕਰਨ ਲਈ ਯਤਨ ਕਰਨ ਲੱਗੇ ਸਨ। ਜਿਹੜਾ ਵੀ ਸਿੱਖ ਅਜਿਹਾ ਕਰਦਾ ਸੀ, ਉਹ ਪਛਾਣ ਵਿਚ ਆ ਜਾਂਦਾ ਸੀ ਅਤੇ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈ ਜਾਂਦੇ ਸਨ। ਇਸ ਸਮੇਂ ਪੁਲਿਸ ਅਤੇ ਪ੍ਰਸ਼ਾਸਨ ਤੋਂ ਵਧੇਰੇ ਉਨ੍ਹਾਂ ਹਿੰਦੂਆਂ ਦੀ ਭੂਮਿਕਾ ਬਹੁਤ ਹੀ ਸਕਾਰਾਤਮਿਕ ਸੀ ਜਿਹੜੇ ਸਦੀਆਂ ਤੋਂ ਬਣੇ ਹੋਏ ਭਾਈਚਾਰੇ ਨੂੰ ਬਚਾਉਣ ਲਈ ਅੱਗੇ ਆਏ ਸਨ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਨਾਹ ਦੇ ਕੇ ਬਚਾਉਣ ਲਈ ਪੂਰੀ ਵਾਹ ਲਗਾ ਰਹੇ ਸਨ। ਆਪਣੀ ਜਾਨ ਦੀ ਪਰਵਾਹ ਕੀਤੇ ਬਗ਼ੈਰ ਉਨ੍ਹਾਂ ਨੇ ਆਪਣੇ ਸਿੱਖ ਭਰਾਵਾਂ ਦੀ ਮਦਦ ਕੀਤੀ ਸੀ।

ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਸਿੱਖਾਂ ਦਾ ਕਤਲ-ਏ-ਆਮ ਅਰੰਭ ਹੋਇਆ ਤਾਂ ਉਨ੍ਹਾਂ ਨੂੰ ਇਹ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ ਕਿ ਉਨ੍ਹਾਂ ਦਾ ਕੀ ਕਸੂਰ ਸੀ। ਰੇਲ ਗੱਡੀਆਂ, ਬੱਸਾਂ, ਟੈਕਸੀਆਂ ਵਿਚ ਸਫ਼ਰ ਕਰ ਰਹੇ; ਟਰੱਕ, ਬੱਸ, ਆਟੋ, ਰੇਹੜੀ, ਰਿਕਸ਼ਾ ਚਲਾਉਣ ਵਾਲੇ; ਵਿਆਹਾਂ ਦੀ ਤਿਆਰੀ ਕਰ ਰਹੇ; ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸੰਬੰਧੀ ਤਿਆਰੀਆਂ ਵਿਚ ਰੁਝੇ ਹੋਏ; ਹਸਪਤਾਲਾਂ ਵਿਖੇ ਇਲਾਜ ਅਧੀਨ; ਦਿੱਲੀ ਦੀ ਸੈਰ ਕਰਨ ਗਏ ਹੋਏ; ਵਿਦੇਸ਼ਾਂ ਵੱਲ ਸਫ਼ਰ ਦੀ ਤਿਆਰੀ ਕਰ ਰਹੇ; ਬਜ਼ਾਰਾਂ ਵਿਚ ਲੋੜੀਂਦੇ ਘਰੇਲੂ ਸਾਮਾਨ ਦੀ ਖ਼ਰੀਦੋ-ਫ਼ਰੋਖਤ ਕਰਨ ਵਿਚ ਰੁੱਝੇ ਹੋਏ; ਦਫ਼ਤਰਾਂ ਅਤੇ ਦੁਕਾਨਾਂ ਵਿਚ ਕੰਮ ਕਰ ਰਹੇ ਸਿੱਖਾਂ ਨੂੰ ਇਹ ਚਿਤ-ਚੇਤਾ ਵੀ ਨਹੀਂ ਸੀ ਕਿ ਸਿੱਖ ਹੋਣਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਕਸੂਰ ਬਣ ਜਾਵੇਗਾ। ਕੇਸ ਅਤੇ ਦਸਤਾਰ

ਹੀ ਉਨ੍ਹਾਂ ਦੀ ਮੌਤ ਦਾ ਵਾਰੰਟ ਬਣ ਜਾਣਗੇ।

ਜ਼ਕਰੀਆ ਖ਼ਾਨ ਦੇ ਸਮੇਂ ਵੀ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ ਸਨ ਜਿਨ੍ਹਾਂ ਦਾ ਉਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ ਸੀ। ਸਿੱਖਾਂ ਨੇ ਆਪਣੇ ਧਰਮ ਦੇ ਨਾਲ-ਨਾਲ ਦੂਜੇ ਧਰਮਾਂ ਵਾਲਿਆਂ ਦੀ ਵੀ ਰਾਖੀ ਕੀਤੀ ਸੀ। ਹਾਕਮ ਹਿੰਦੂਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਣ ਤੋਂ ਇਸ ਕਰ ਕੇ ਸੰਕੋਚ ਕਰ ਜਾਂਦੇ ਸਨ ਕਿਉਂਕਿ ਸਿੱਖ ਅਜਿਹਾ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲੈਂਦੇ ਸਨ। ਦੁਸ਼ਮਣਾਂ ਅਤੇ ਹਮਲਾਵਰਾਂ ਲਈ ਤਾਂ ਸਿੱਖ ਇਕ ਜੰਗਜੂ ਕੌਮ ਹੈ ਜਿਨ੍ਹਾਂ ਦੇ ਹੁੰਦਿਆਂ ਭਾਰਤ ਵੱਲ ਕੋਈ ਅੱਖ ਚੁੱਕ ਕੇ ਨਹੀਂ ਦੇਖ ਸਕਦਾ ਪਰ ਹੁਣ ਤਾਂ ਇਹ ਉਨ੍ਹਾਂ ਦੇ ਆਪਣੇ ਸਨ ਜਿਨ੍ਹਾਂ ਤੋਂ ਕਦੇ ਵੀ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਹਾਕਮਾਂ ਅਤੇ ਹਮਲਾਵਰਾਂ ਨਾਲ ਜੂਝਦਿਆਂ ਉਹ ਮਾਣ ਮਹਿਸੂਸ ਕਰਦੇ ਸਨ ਪਰ ਹੁਣ ਇਨ੍ਹਾਂ ਨੂੰ ਇਹ ਮੁਲਕ ਪਰਾਇਆ ਲੱਗਣ ਲੱਗ ਪਿਆ ਸੀ। ਜ਼ਿੰਦਗੀ ਦੇ ਇਹ ਦੋਵੇਂ ਦੌਰ ਦਿੱਲੀ ਦੀਆਂ ਖ਼ਬਰਾਂ ਪੜ੍ਹਨ, ਸੁਣਨ ਅਤੇ ਹੰਡਾਉਣ ਵਾਲੇ ਸਿੱਖਾਂ ਦੀਆਂ ਅੱਖਾਂ ਅੱਗੇ ਨਿਰੰਤਰ ਘੁੰਮਣ ਲੱਗੇ ਸਨ। ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸ਼ਕਤੀ ਪ੍ਰਾਪਤ ਕਰ ਕੇ ਸਿੱਖਾਂ ਨੇ ਇਸ ਦੇਸ਼ ਦੇ ਲੋਕਾਂ ਅਤੇ ਮਾਨਵਤਾ ਨੂੰ ਬਚਾਇਆ ਸੀ, ਉਸ ਨੂੰ ਹੀ ਅਗਨ-ਭੇਟ ਕਰਨ ਲੱਗਿਆਂ ਇਕ ਪਲ ਵੀ ਨਹੀਂ ਸੋਚਿਆ ਜਾ ਰਿਹਾ ਸੀ।

ਦਿੱਲੀ ਵਿਖੇ ਹੋਇਆ ਕਤਲ-ਏ-ਆਮ ਰਾਜਧਾਨੀ ਦੀ ਬਹੁਤ ਹੀ ਭਿਆਨਕ ਤਸਵੀਰ ਪੇਸ਼ ਕਰ ਰਿਹਾ ਸੀ। ਸੜੇ ਹੋਏ ਮਕਾਨਾਂ ਅਤੇ ਗੁਰਧਾਮਾਂ ਦੇ ਨਾਲ-ਨਾਲ ਥਾਂ-ਥਾਂ ਖਿੱਲਰੇ ਹੋਏ ਮਾਸ ਦੇ ਲੋਥੜੇ, ਖ਼ੂਨ ਦੇ ਛੱਪੜ, ਮਨੁੱਖੀ ਹੱਡੀਆਂ, ਲੰਮੇ ਵਾਲ, ਗਲੀਆਂ-ਬਜ਼ਾਰਾਂ ਵਿਚ ਸੜਿਹਾਂਦ ਮਾਰਦੀਆਂ ਅੱਧ-ਸੜੀਆਂ ਲਾਸ਼ਾਂ, ਖ਼ੂਨ ਦੇ ਅੱਥਰੂ ਵਹਾ ਰਹੀਆਂ ਬੱਚੀਆਂ ਅਤੇ ਵਿਧਵਾਵਾਂ ਆਦਿ ਅਜਿਹੇ ਭੈਅ-ਭੀਤ ਕਰਨ ਵਾਲੇ ਨਜ਼ਾਰੇ ਦਿੱਲੀ ਦੇ ਕੁਹਜ ਸ਼ਿੰਗਾਰ ਦਾ ਪ੍ਰਗਟਾਵਾ ਕਰ ਰਹੇ ਸਨ। ਘਰ-ਘਰ ਬਣੇ ਹੋਏ ਸ਼ਮਸ਼ਾਨਘਾਟ ਇਸ ਦੇਸ਼ ਦੇ ਮਨੁੱਖੀ ਅਧਿਕਾਰਾਂ ਅਤੇ "ਹਿੰਦੀ ਹੈਂ ਹਮ" ਹੋਣ ਦਾ ਮੂੰਹ ਚਿੜ੍ਹਾ ਰਹੇ ਸਨ।

ਦਿੱਲੀ ਵਿਖੇ ਹੋਇਆ ਕਤਲ-ਏ-ਆਮ ਕੋਈ ਫ਼ਿਰਕੂ ਦੰਗੇ ਨਹੀਂ ਸਨ ਬਲਕਿ ਇਹ ਇਕ ਪਾਰਟੀ ਵੱਲੋਂ ਗੁੰਡਿਆਂ, ਬਦਮਾਸ਼ਾਂ ਅਤੇ ਪੁਲਿਸ ਦੀ ਸਹਾਇਤਾ ਨਾਲ ਸਿੱਖਾਂ ਦੀ ਨਸਲਕੁਸ਼ੀ ਲਈ ਚੁਕਿਆ ਗਿਆ ਯੋਜਨਾਬੱਧ ਕਦਮ ਸੀ। ਇਸ ਸੰਬੰਧੀ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਸਿੱਖਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਉਨ੍ਹਾਂ ਦਾ ਸਾਮਾਨ ਲੁੱਟਿਆ ਜਾਂਦਾ ਸੀ ਅਤੇ ਬਹੁਤ ਸਾਰੀਆਂ ਥਾਵਾਂ 'ਤੇ ਸਿੱਖ ਬੀਬੀਆਂ ਦੇ ਗਹਿਣਿਆਂ, ਨਕਦੀ ਅਤੇ ਹੋਰ ਕੀਮਤੀ ਸਮਾਨ ਵੱਲ ਧਿਆਨ ਵਧੇਰੇ ਦਿੱਤਾ ਜਾਂਦਾ ਸੀ। ਬਹੁਤ ਸਾਰੀਆਂ ਥਾਵਾਂ 'ਤੇ ਸਿੱਖ ਬੀਬੀਆਂ ਦੀ ਹੋਈ ਬੇਪਤੀ 'ਤੇ ਬਲਾਤਕਾਰ ਇਹ ਸਿੱਧ ਕਰਦੇ ਹਨ ਕਿ ਲੋਕਾਂ ਦੇ ਮਨ 'ਤੇ ਵਿਕਾਰੀ ਬਿਰਤੀ ਭਾਰੂ ਸੀ ਜਿਹੜੀ ਕਿ ਫ਼ਸਾਦੀਆਂ ਦੀ ਕਮਜ਼ੋਰ ਮਾਨਸਿਕਤਾ ਅਤੇ ਸਰਕਾਰੀ ਸਰਪ੍ਰਸਤੀ ਦਾ ਪ੍ਰਗਟਾਵਾ ਕਰਦੀ ਹੈ। ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਿਸ ਤਰੀਕੇ ਨਾਲ ਪਾਰਟੀ ਵਰਕਰਾਂ ਅਤੇ

ਫ਼ਸਾਦੀਆਂ ਨੂੰ ਭੜਕਾਇਆ ਗਿਆ ਸੀ ਉਸ ਤੋਂ ਇਹੀ ਜਾਪਦਾ ਹੈ ਕਿ ਸਿੱਖਾਂ ਅਤੇ ਹਿੰਦੂਆਂ ਦੇ ਆਪਸੀ ਟਕਰਾਉ ਨੂੰ ਹਰ ਪੱਧਰ 'ਤੇ ਫ਼ੈਲਾਉਣ ਲਈ ਗਹਿਰ-ਗੰਭੀਰ ਯਤਨ ਕੀਤੇ ਜਾ ਰਹੇ ਸਨ ਅਤੇ ਕੁਝ ਥਾਵਾਂ 'ਤੇ ਉਹ ਸਫ਼ਲ ਵੀ ਹੋ ਗਏ ਸਨ। ਦਿੱਲੀ ਅਤੇ ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਪਸਰਿਆ ਕਤਲ-ਏ-ਆਮ ਫ਼ੌਜ ਦਾ ਕੰਟਰੋਲ ਹੋ ਜਾਣ ਉਪਰੰਤ ਛੇਤੀ ਹੀ ਰੁਕ ਗਿਆ ਸੀ ਅਤੇ ਬਹੁਤ ਸਾਰੇ ਸ਼ਰਨਾਰਥੀ ਕੈਂਪਾਂ ਵਿਚ ਹਿੰਦੂਆਂ ਦੇ ਪਾਰਟੀ-ਮੁਕਤ ਸੂਝਵਾਨ ਭਾਈਚਾਰੇ ਵੱਲੋਂ ਸਿੱਖਾਂ ਪ੍ਰਤੀ ਦਿਖਾਈ ਹਮਦਰਦੀ ਵੀ ਇਹ ਸਾਬਤ ਕਰਨ ਵਿਚ ਸਹਾਈ ਹੁੰਦੀ ਹੈ ਕਿ ਦਿੱਲੀ ਵਿਚ ਯੋਜਨਾਬੱਧ ਢੰਗ ਨਾਲ ਹੋਏ ਕਤਲ-ਏ-ਆਮ ਦੇ ਕਾਰਨ ਧਰਮ ਤੋਂ ਵਧੇਰੇ ਰਾਜਨੀਤਿਕ ਸਨ।

ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਰਾਜਨੀਤਿਕ ਆਗੂ ਆਪਣੀਆਂ ਰੋਟੀਆਂ ਸੇਕ ਰਹੇ ਸਨ, ਨਿਸ਼ਾਨਾ ਕੇਵਲ ਸਿੱਖ ਸਨ। ਲੋਕਾਂ ਨੂੰ ਸਿੱਖਾਂ ਵਿਰੁੱਧ ਭੜਕਾਉਣ ਹਿਤ ਅਫ਼ਵਾਹਾਂ ਦਾ ਬਜ਼ਾਰ ਗਰਮ ਕੀਤਾ ਗਿਆ ਕਿ ਇੰਦਰਾ ਗਾਂਧੀ ਦੇ ਕਤਲ ਉਪਰੰਤ ਸਿੱਖ ਮਠਿਆਈਆਂ ਵੰਡ ਰਹੇ ਹਨ, ਭੰਗੜੇ ਪਾ ਰਹੇ ਹਨ, ਇਨ੍ਹਾਂ ਨੇ ਪਾਣੀ ਵਿਚ ਜ਼ਹਿਰ ਘੋਲ ਦਿੱਤਾ ਹੈ, ਪੰਜਾਬ ਤੋਂ ਆਈ ਇਕ ਰੇਲ ਗੱਡੀ ਵਿਚ ਹਿੰਦੂਆਂ ਦੀਆਂ ਲਾਸ਼ਾਂ ਹਨ ਆਦਿ। ਇਸ ਘਟਨਾ-ਕ੍ਰਮ ਨੇ ਸਿੱਖਾਂ ਅਤੇ ਹਿੰਦੂਆਂ ਵਿਚ ਸਦੀਆਂ ਤੋਂ ਚੱਲੇ ਆ ਰਹੇ ਭਾਈਚਾਰੇ ਅਤੇ ਵਿਸਵਾਸ਼ ਵਿਚ ਤਰੇੜ ਪਾ ਦਿੱਤੀ ਸੀ। ਇਨਸਾਨੀਅਤ ਦੇ ਭਾਵ ਪ੍ਰਗਟ ਕਰਨ ਵਾਲਿਆਂ ਨੂੰ ਉਨ੍ਹਾਂ ਘਟਨਾਵਾਂ ਦਾ ਹੀ ਵਧੇਰੇ ਦੁੱਖ ਹੋਇਆ ਸੀ ਜਿਨ੍ਹਾਂ ਵਿਚ ਗਵਾਂਢੀਆਂ ਨੇ ਆਪਣੇ ਸਿੱਖ ਭਰਾਵਾਂ ਦੇ ਨਾਂ-ਪਤੇ ਦੱਸੇ ਸਨ।

ਨਵੰਬਰ ੧੯੮੪ ਈ. ਦੌਰਾਨ ਵਾਪਰੀਆਂ ਘਟਨਾਵਾਂ ਨੂੰ ਦੇਖ/ਸੁਣ ਕੇ ਦੇਸ਼-ਵਿਦੇਸ਼ ਵਿਚ ਬੈਠਾ ਹੋਇਆ ਹਰ ਇਕ ਸਿੱਖ ਅਤੇ ਮਾਨਵੀ ਹਿਰਦਾ, ਭਾਵੇਂ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਸੁਸਾਇਟੀ ਨਾਲ ਸੰਬੰਧਿਤ ਸੀ, ਰੋ-ਕੁਰਲਾ ਰਿਹਾ ਸੀ। ਦਿੱਲੀ ਵਿਖੇ ਸਿੱਖਾਂ ਦੀ ਨਸਲਕੁਸ਼ੀ ਦੀ ਸਮੁੱਚੀ ਕਾਰਵਾਈ ਸਿੱਖਾਂ ਨੂੰ ਦਬਾਉਣ, ਭਜਾਉਣ ਅਤੇ ਨੀਵਾਂ ਦਿਖਾਉਣ ਵਾਲੀ ਸੀ।

ਨਵੰਬਰ ੧੯੮੪ ਈ. ਦੇ ਕਤਲ-ਏ-ਆਮ ਤੋਂ ਥੋੜ੍ਹੇ ਸਮੇਂ ਪਿੱਛੋਂ ਹੀ ਸ. ਸੁਰਜੀਤ ਸਿੰਘ ਸੋਖੀ ਦੁਆਰਾ ਤਿਆਰ ਕੀਤਾ ਗਿਆ ਇਹ ਖਰੜਾ ਇਤਿਹਾਸ ਦਾ ਅੰਗ ਬਣ ਗਿਆ ਹੈ। ਚਸ਼ਮਦੀਦ ਗਵਾਹਾਂ ਦੇ ਬਿਆਨਾਂ ਅਤੇ ਵਿਖਿਆਨਾਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਇਹ ਦਸਤਾਵੇਜ਼ ਸਮਕਾਲੀ ਪ੍ਰਸਥਿਤੀਆਂ, ਘਟਨਾਵਾਂ, ਸ਼ਖ਼ਸੀਅਤਾਂ, ਰਾਜਨੀਤਿਕ ਆਗੂਆਂ, ਸਮਾਜ-ਸੇਵੀ ਸੰਸਥਾਵਾਂ, ਪੁਲਿਸ ਅਤੇ ਸਿਵਲ ਪ੍ਰਸਾਸ਼ਨ ਆਦਿ ਸੰਬੰਧੀ ਵਿਸਤਾਰ ਪੂਰਵਕ ਚਾਨਣਾ ਪਾਉਣ ਦੇ ਨਾਲ-ਨਾਲ ਬਦਲੀਆਂ ਪ੍ਰਸਥਿਤੀਆਂ ਦੇ ਸਨਮੁਖ ਆਮ ਲੋਕਾਂ ਦੇ ਮਨ ਵਿਚ ਸਿੱਖਾਂ ਪ੍ਰਤੀ ਪੈਦਾ ਹੋਈਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ।

# ਪ੍ਰਿੰ. ਤੇਜਾ ਸਿੰਘ: ਜੀਵਨ ਤੇ ਸ਼ਖ਼ਸੀਅਤ (ਭਾਗ-੨)

*-ਡਾ. ਤੇਜਿੰਦਰ ਪਾਲ ਸਿੰਘ**

ਪ੍ਰਿੰ. ਤੇਜਾ ਸਿੰਘ ਖ਼ਾਲਸਾ ਕਾਲਜ, ਬੰਬਈ ਵਿਖੇ ਕੁਝ ਵਰ੍ਹੇ ਸੇਵਾ ਨਿਭਾਉਣ ਉਪਰੰਤ ਪੰਜਾਬ ਯੂਨੀਵਰਸਿਟੀ, ਸ਼ਿਮਲਾ ਵਿਖੇ ਪਬਲੀਕੇਸ਼ਨ ਬਿਊਰੋ ਦੇ ਸਕੱਤਰ ਨਿਯੁਕਤ ਹੋਏ। ਤਤਕਾਲੀ ਵਾਈਸ ਚਾਂਸਲਰ, ਜਸਟਿਸ ਤੇਜਾ ਸਿੰਘ ਦੀ ਸੁਯੋਗ ਅਗਵਾਈ ਕਾਰਨ ਪ੍ਰਿੰ. ਤੇਜਾ ਸਿੰਘ ਨੇ ਬਿਊਰੋ ਦਾ ਕਾਰਜ-ਭਾਰ ਸੰਭਾਲਦੇ ਹੋਏ ਹਿੰਦੀ ਤੇ ਪੰਜਾਬੀ ਸਾਹਿਤ ਦਾ ਪ੍ਰਮਾਣਿਕ ਇਤਿਹਾਸ ਲਿਖਵਾਇਆ। ਅੰਗਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਵਾਉਣ ਦੇ ਨਾਲ-ਨਾਲ ਹਿੰਦੀ ਤੇ ਪੰਜਾਬੀ ਦੀਆਂ ਪਾਠ ਪੁਸਤਕਾਂ ਵੀ ਤਿਆਰ ਕਰਵਾਈਆਂ। ਇਸ ਨਵੇਂ ਸਥਾਪਿਤ ਹੋਏ ਬਿਊਰੋ ਦੀਆਂ ਮਜ਼ਬੂਤ ਨੀਹਾਂ ਉਸਾਰ ਕੇ ਆਪ ਨੇ ੨ ਜਨਵਰੀ, ੧੯੪੯ ਈ. ਨੂੰ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ। ਸਰਕਾਰ ਨੇ ਆਪ ਨੂੰ ੨੭ ਜੁਲਾਈ, ੧੯੪੯ ਈ. ਨੂੰ ਮਹਿਕਮਾ ਪੰਜਾਬੀ, (ਪੈਪਸੂ) ਪਟਿਆਲਾ ਦਾ ਸਕੱਤਰ ਤੇ ਡਾਇਰੈਕਟਰ ਵੀ ਨਿਯੁਕਤ ਕੀਤਾ।

ਇਨ੍ਹਾਂ ਅਹੁਦਿਆਂ ਉਤੇ ਰਹਿੰਦੇ ਹੋਏ ਆਪ ਨੇ ਪੰਜਾਬੀ ਦੀ ਉੱਨਤੀ ਲਈ ਪੰਜਾਬੀ ਦੇ ਸ਼ਬਦ-ਜੋੜਾਂ ਤੋਂ ਲੈ ਕੇ ਐਮ.ਏ. ਪੰਜਾਬੀ ਤਕ ਦੀ ਪੜ੍ਹਾਈ ਲਈ ਯਾਦਗਾਰੀ ਤੇ ਇਤਿਹਾਸਿਕ ਸੇਵਾ ਨਿਭਾਈ। ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨ ਦੇਣੇ ਵੀ ਸ਼ੁਰੂ ਕੀਤੇ, ਤਾਂ ਜੋ ਉਨ੍ਹਾਂ ਅੰਦਰ ਪੰਜਾਬੀ ਭਾਸ਼ਾ ਦੀ ਵਧ-ਚੜ੍ਹ ਕੇ ਸੇਵਾ ਕਰਨ ਦਾ ਚਾਉ ਪੈਦਾ ਹੋਵੇ।

੨

ਪ੍ਰਿੰ. ਤੇਜਾ ਸਿੰਘ ਕਹਿਣੀ ਤੇ ਕਰਨੀ ਦੇ ਪ੍ਰਪੱਕ ਸਨ। ਉਨ੍ਹਾਂ ਦੇ ਵਿਦਿਆਰਥੀ ਅਤੇ ਅਧਿਆਪਕ ਜੀਵਨ ਦੀ ਤਰ੍ਹਾਂ ਘਰੇਲੂ ਜੀਵਨ ਵੀ ਸ਼ਾਨਦਾਰ ਸੀ। ਅਜੋਕੇ ਤਣਾਅ-ਪੂਰਨ ਘਰੇਲੂ ਮਾਹੌਲ ਦੇ ਵਿਪਰੀਤ ਆਪ ਦਾ ਘਰੇਲੂ ਜੀਵਨ ਬੜਾ ਸਰਲ, ਸਾਦਗੀ ਤੇ ਪਿਆਰ ਭਰਪੂਰ ਸੀ। ਤੇਜਾ ਸਿੰਘ ਨੇ ਇਕ ਸਫ਼ਲ ਘਰੇਲੂ ਜੀਵਨ ਬਤੀਤ ਕੀਤਾ। ਉਨ੍ਹਾਂ ਦਾ ਘਰੋਗੀ ਜੀਵਨ ਪਿਆਰ ਤੇ ਕੁਰਬਾਨੀ ਦਾ ਮਿਸ਼ਰਣ ਹੈ। ਪਿਆਰ ਦੀ ਮੂਰਤ, ਤੇਜਾ ਸਿੰਘ ਨੇ ਆਪਣੇ ਘਰੇਲੂ ਰਿਸ਼ਤਿਆਂ ਨੂੰ ਆਪਣੀ ਸ੍ਵੈ-ਜੀਵਨੀ (ਆਰਸੀ ) ਵਿਚ ਮੂਰਤੀਮਾਨ ਕੀਤਾ ਹੈ। ਆਪ ਦਾ ਬਚਪਨ ਦਾਦਾ, ਪਿਤਾ ਤੇ ਮਾਤਾ ਦੇ ਪਿਆਰ ਨਾਲ ਸੰਵਾਰਿਆ ਤੇ ਸ਼ਿੰਗਾਰਿਆ ਗਿਆ। ਆਪ ਦੀ ਪਤਨੀ ਧੰਨ ਕੌਰ ਨੇ ਲਗਪਗ ੪੫ ਸਾਲ ਆਪ ਦਾ ਸੁਖ-ਦੁਖ ਵਿਚ ਸਾਥ ਨਿਭਾ ਕੇ ਸੁਚੱਜੀ

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ) ਯੂਨੀਵਰਸਿਟੀ ਕਾਲਜ, ਮੀਰਾਂਪੁਰ (ਪਟਿਆਲਾ)। ਮੋ: ੯੯੮੮੦੦੪੭੩੩*

ਪਤਨੀ ਹੋਣ ਦਾ ਮਾਣ ਪ੍ਰਾਪਤ ਕੀਤਾ। ਪ੍ਰਿੰ. ਤੇਜਾ ਸਿੰਘ ਦੁਆਰਾ ਆਪਣੀ ਪਤਨੀ ਦੀ ਉਸਤਤਿ ਵਿਚ ਦਰਜ ਕੀਤੇ ਹੇਠ ਲਿਖੇ ਸ਼ਬਦ ਪਾਠਕਾਂ ਨੂੰ ਸਦਾ ਪ੍ਰੇਰਨਾ ਦਿੰਦੇ ਰਹਿਣਗੇ :

"ਸਭ ਤੋਂ ਵਧੀਆ ਦਾਤ ਘਰ ਕੀ ਗੀਹਨ ਚੰਗੀ ਮਿਲੀ ਹੈ। ਧੰਨ ਕੌਰ ਪੜ੍ਹੀ ਹੋਈ ਨਹੀਂ ਸੀ, ਪਰ ਚੰਗਿਆਂ ਦੀ ਚੰਗੀ ਧੀ ਹੋਣ ਕਰ ਕੇ ਜੀਵਨ-ਜਾਚ ਵਿਚ ਐਮ.ਏ. ਪਾਸ ਸੀ। ਮੇਰੇ ਰਿਸ਼ਤੇ ਉਸ ਨੇ ਸੰਭਾਲੇ, ਮੇਰੇ ਸਮਾਜਕ ਫਰਜ਼ ਉਸ ਨੇ ਨਿਭਾਏ, ਮੇਰੇ ਬੱਚਿਆਂ ਨੂੰ ਬਣਾ ਸੁਆਰ ਕੇ ਚੰਗਾ ਬਣਾਇਆ ਅਤੇ ਸਭ ਤੋਂ ਵਧ ਕੇ ਮੇਰੇ ਜੇਹੇ ਪਿਆਰ ਦੇ ਭੁੱਖੇ ਨੂੰ ਰੱਜਵਾਂ ਪਿਆਰ ਦਿੱਤਾ। ... ਧੰਨ ਕੌਰ ਸੱਚ ਮੁੱਚ ਮੇਰੀ ਜ਼ਮੀਰ ਹੈ, ਮੇਰੀ ਧਰਮ-ਪਤਨੀ ਅਰਥਾਤ ਮੇਰੀ ਧਰਮ ਦੀ ਰੱਖਿਅਕ ਹੈ। ਉਸ ਦੇ ਅੰਦਰ ਇੱਕ ਟਿਕਾਉ ਹੈ ਜੋ ਕਿਸੇ ਨੂੰ ਲੰਮੀਆਂ ਸਾਧਨਾਂ ਕਰ ਕੇ ਮਿਲਦਾ ਹੈ। ਪਿਛਲੇ ੪੫ ਵਰ੍ਹਿਆਂ ਵਿਚ ਮੈਂ ਉਸ ਨੂੰ ਕਦੀ ਕਿਸੇ ਨਾਲ ਲੜਦਿਆਂ ਝਗੜਦਿਆਂ ਨਹੀਂ ਵੇਖਿਆ।"

ਅਜੋਕੀ ਨੌਜਵਾਨ ਪੀੜ੍ਹੀ ਲਈ ਮਾਤਾ ਧੰਨ ਕੌਰ ਦੀ 'ਕਰਨੀ' ਪ੍ਰੇਰਨਾਮਈ ਹੈ, ਕਿਉਂਕਿ ਅਜ ਦੇ ਸਮੇਂ ਵਿਆਹੁਤਾ ਰਿਸ਼ਤਿਆਂ ਕਾਰਨ 'ਪਰਿਵਾਰ' ਬਹੁਤ ਪ੍ਰਭਾਵਿਤ ਹੋ ਰਹੇ ਹਨ। ਇਸ ਦਾ ਇਕ ਮੁੱਖ ਕਾਰਨ ਅਜੋਕੀ ਪੀੜ੍ਹੀ ਦਾ ਗੁਰਬਾਣੀ ਦੇ ਮੂਲ ਉਪਦੇਸ਼ *(ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥)* ਤੋਂ ਟੁੱਟਣਾ ਹੈ। ਗੁਰਮਤਿ ਅਨੁਸਾਰ ਪਤੀ-ਪਤਨੀ ਦਾ ਮੇਲ ਆਤਮਾ-ਪਰਮਾਤਮਾ ਦੇ ਮੇਲ ਦਾ ਸਰੂਪ ਹੈ। ਗੁਰਬਾਣੀ ਵਿਚ ਕਈ ਅਜਿਹੇ ਸੰਕੇਤ ਮਿਲਦੇ ਹਨ ਜਿੱਥੇ ਅਕਾਲ ਪੁਰਖ ਨੂੰ 'ਪਤੀ' ਦੇ ਪ੍ਰਤੀਕ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਲਈ ਇਕ ਸਿੱਖਿਅਕ ਲੜਕੀ ਜਦੋਂ ਵਿਆਹੀ ਜਾਂਦੀ ਹੈ ਤਾਂ ਆਪਣੀਆਂ ਕੁਲਾਂ ਤਾਰ ਜਾਂਦੀ ਹੈ। ਵੈਸੇ ਵੀ ਗੁਰਮਤਿ ਵਿਚਲਾ ਗ੍ਰਹਿਸਥ ਮਾਰਗ ਨਿਵੇਕਲਾ ਹੈ। ਗੁਰਬਾਣੀ ਮਨੁੱਖ ਨੂੰ ਸਮਝਾਉਂਦੀ ਹੈ ਕਿ ਅਸਲ ਪਤੀ ਤਾਂ ਪਰਮਾਤਮਾ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਗੁਣਵੰਤੀ ਇਸਤਰੀ ਵਾਲੇ ਗੁਣ ਧਾਰਨ ਕਰਨੇ ਪੈਂਦੇ ਹਨ:

*ਜਾਇ ਪੁਛਹੁ ਸੁਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥*
*ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥*
*ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੭)*

ਗੁਰਬਾਣੀ ਵਿਚ ਪਤੀ ਨੂੰ ਵੱਸ ਵਿਚ ਕਰਨ ਦੇ ਸੰਕੇਤ ਵੀ ਮਿਲਦੇ ਹਨ। ਜੇਕਰ ਇਕ ਇਸਤਰੀ ਆਪਣੇ ਜੀਵਨ ਵਿਚ ਨਿਮਰਤਾ ਰੱਖੇ ਤਾਂ ਸਹਿਜੇ ਹੀ ਉਸ ਦਾ ਪਤੀ ਉਸ ਦੇ ਵੱਸ ਵਿਚ ਹੋ ਜਾਂਦਾ ਹੈ :

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*

*ਏ ਤੂੰ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਗੁਰਬਾਣੀ ਦੀ ਉਕਤ ਸਿੱਖਿਆ ਦੇ ਆਧਾਰ ਉਤੇ ਮਾਤਾ ਧੰਨ ਕੌਰ ਨੇ ਪ੍ਰਿੰ. ਤੇਜਾ ਸਿੰਘ ਦੀ ਸੇਵਾ ਕੀਤੀ। ਇਸ ਕਾਰਨ ਉਹ ਸਹੀ ਅਰਥਾਂ ਵਿਚ ਧੰਨ ਸਨ।

ਪਰਮਾਤਮਾ ਦੀ ਮਿਹਰ ਸਦਕਾ ਤੇਜਾ ਸਿੰਘ ਦੇ ਘਰ ਤਿੰਨ ਲੜਕੇ ਤੇ ਚਾਰ ਲੜਕੀਆਂ ਨੇ ਮਾਤਾ ਧੰਨ ਕੌਰ ਦੀ ਕੁੱਖ ਨੂੰ ਭਾਗ ਲਾਏ। ਮਾਂ ਬੜੇ ਚਾਵਾਂ ਨਾਲ ਬੱਚੇ ਪਾਲ ਰਹੀ ਸੀ ਕਿ ਇਕ ਦਿਨ ਲੜਕੀ ਮਨਜੀਤ ਕੌਰ (ਮਾਨਾ) ਉਤੇ ਅਚਿੰਤੇ ਬਾਜ ਪੈ ਗਏ, ਉਹ ਕੁਆਰੇ ਹੁੰਦੇ ਹੀ ਅਕਾਲ ਚਲਾਣਾ ਕਰ ਗਈ। ਜਵਾਨ ਧੀ-ਪੁਤ ਚੜ੍ਹਾਈ ਕਰ ਜਾਵੇ ਤਾਂ ਮਾਪਿਆਂ ਲਈ ਇਸ ਤੋਂ ਵੱਡਾ ਦੁਖ ਨਹੀਂ ਹੁੰਦਾ। ਮਾਨਾ ਬੇਸ਼ਕ ਸਰੀਰ ਕਰਕੇ ਪਰਿਵਾਰ ਤੋਂ ਵਿਛੜ ਗਈ, ਪਰੰਤੂ ਉਸ ਦੀ ਯਾਦ ਮਾਤਾ-ਪਿਤਾ ਦੇ ਦਿਲਾਂ ਵਿਚ ਸਦੈਵ ਬਣੀ ਰਹੀ। ਇਸ ਤੱਥ ਦਾ ਪ੍ਰਮਾਣ ਪ੍ਰਿੰ. ਤੇਜਾ ਸਿੰਘ ਦੁਆਰਾ ਆਪਣੀ ਲਾਡਲੀ ਧੀ ਦੀ ਯਾਦ ਵਿਚ ਲਿਖਿਆ 'ਮਾਨਾ' ਲੇਖ ਹੈ। ਤੇਜਾ ਸਿੰਘ ਦੇ ਬਾਕੀ ਸਾਰੇ ਪੁੱਤਰ, ਧੀਆਂ ਤੇ ਜਵਾਈ ਆਪਣੇ ਜੀਵਨ ਵਿਚ ਕਾਮਯਾਬ ਇਨਸਾਨ ਬਣੇ।

੩

ਪ੍ਰਿੰ. ਤੇਜਾ ਸਿੰਘ ਦੀਆਂ ਲਿਖਤਾਂ ਦਾ ਪਾਠਕਾਂ 'ਤੇ ਸਦੀਵ ਕਾਲ ਡੂੰਘਾ ਅਸਰ ਰਹੇਗਾ, ਕਿਉਂਕਿ ਇਹ ਲਿਖਤਾਂ ਫੋਕੇ ਗਿਆਨ ਦਾ ਭੰਡਾਰ ਨਹੀਂ, ਬਲਕਿ ਮਨੁੱਖੀ ਮਨ ਨੂੰ ਟੁੰਬਣ ਤੇ ਜੀਵਨ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਹਨ। ਖਾਸਕਰ, ਅਜੋਕਾ ਮਨੁੱਖ ਜਿਸ ਉਦਾਸੀ ਦੇ ਆਲਮ ਵਿਚ ਆਪਣਾ ਜੀਵਨ ਬਸਰ ਕਰ ਰਿਹਾ ਹੈ, ਅਜਿਹੇ ਤਣਾਅ-ਭਰਪੂਰ ਮਾਹੌਲ ਵਿਚ ਪ੍ਰਿੰ. ਤੇਜਾ ਸਿੰਘ ਦੀਆਂ ਲਿਖਤਾਂ ਜੀਵਨ ਵਿਚ ਇਕ ਉਮੰਗ ਤੇ ਖੇੜਾ ਭਰਦੀਆਂ ਹਨ। ਅੱਜ, ਮਨੁੱਖ ਕੋਲ ਘਰੇਲੂ ਅਥਵਾ ਸਮਾਜਿਕ ਜ਼ਿੰਮੇਵਾਰੀਆਂ ਕਾਰਨ ਆਪਣੇ ਆਪ ਲਈ ਸਮਾਂ ਨਹੀਂ ਰਿਹਾ। ਇਸ ਸੰਦਰਭ ਵਿਚ ਪ੍ਰਿੰ. ਤੇਜਾ ਸਿੰਘ ਦੀ 'ਗੁਸਲਖਾਨਾ' ਵਰਗੀ ਲਿਖਤ ਮਨੁੱਖ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਅਨੁਸਾਰ ਮਨੁੱਖ ਜਿੰਨਾ ਮਰਜ਼ੀ ਆਪਣੇ ਕੰਮਾਂ-ਕਾਰਾਂ ਵਿਚ ਵਿਅਸਤ ਹੋਵੇ, ਗੁਸਲਖਾਨਾ ਅਜਿਹੀ ਥਾਂ ਹੈ ਜਿੱਥੇ ਉਸ ਕੋਲ ਸਮਾਂ ਹੀ ਸਮਾਂ ਹੈ। ਇੱਥੇ ਉਹ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਆਪਣੇ ਇਕੱਲ ਨੂੰ ਮਹਿਸੂਸ ਕਰ ਸਕਦਾ ਹੈ।

ਪ੍ਰਿੰ. ਤੇਜਾ ਸਿੰਘ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਹਨ: *ਗੁਰੂ ਨਾਨਕ ਸਾਹਿਬ ਦਾ ਮਿਸ਼ਨ* (੧੯੧੪); *ਸ਼ਬਦਾਂਤਕ ਲਗਾਂ ਮਾਤਰਾ ਦੇ ਗੁਝੇ ਭੇਦ* (੧੯੨੪); *ਜਪੁ ਜੀ ਸਟੀਕ* (੧੯੨੫); *ਚੋਣਵੀਂ ਪੰਜਾਬੀ ਕਵਿਤਾ* (੧੯੩੩); *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਚਾਰ ਜਿਲਦਾਂ) (੧੯੩੬); *ਆਸਾ ਕੀ ਵਾਰ ਸਟੀਕ* (੧੯੩੮); *ਨਵੀਆਂ ਸੋਚਾਂ* (੧੯੪੨); *ਸਹਿਜ ਸੁਭਾ* (੧੯੪੨); *ਝਨਾ* (੧੯੪੨); *ਪੰਜਾਬੀ ਸ਼ਬਦ ਜੋੜ* (੧੯੪੯); *ਪੰਜਾਬੀ ਇਤਿਹਾਸ (ਪ੍ਰਾਇਮਰੀ)* (੧੯੪੯); *ਸਾਹਿਤ-ਦਰਸ਼ਨ* (੧੯੫੧); *ਸਿੱਖ ਧਰਮ* (੧੯੫੨); *ਸਭਿਆਚਾਰ* (੧੯੫੨); *ਆਰਸੀ* (੧੯੫੨); *ਪੰਜਾਬੀ ਕਿਵੇਂ*

*ਲਿਖੀਏ।* (੧੯੫੪) *ਸਿੱਖ ਇਤਿਹਾਸ ਰੀਡਰ* (ਭਾਗ ਪਹਿਲਾ, ਦੂਜਾ ਤੇ ਤੀਜਾ) (੧੯੩੬); *ਮਹਾਂ ਪੁਰਖ* (ਜੀਵਨੀਆਂ, ਸੰਪਾਦਿਤ) (੧੯੫੬); *ਗੁਸਲਖਾਨਾ ਤੇ ਹੋਰ ਲੇਖ* (੧੯੫੮); *ਘਰ ਦਾ ਪਿਆਰ* (੧੯੫੮); *ਸਰਲ ਪੰਜਾਬੀ ਸ਼ਬਦ-ਕੋਸ਼* (੧੯੬੦); *ਸਬਦਾਂਤਕ ਲਗਾਂ-ਮਾਤ੍ਰਾ ਦੇ ੪੦ ਮੂਲ ਨਿਯਮ* (੧੯੭੭); *ਸਿੱਖ ਇਤਿਹਾਸ* (੧੪੬੯-੧੭੬੫), (੧੯੮੫) ਆਦਿ।

ਇਨ੍ਹਾਂ ਪੰਜਾਬੀ ਰਚਨਾਵਾਂ ਤੋਂ ਬਿਨਾਂ ਪ੍ਰਿੰ. ਤੇਜਾ ਸਿੰਘ ਦੀਆਂ ਅੰਗਰੇਜ਼ੀ ਦੀਆਂ ਪੁਸਤਕਾਂ ਵੀ ਹਨ ਜਿਵੇਂ: *The Jap Ji* (੧੯੧੯); *Growth of Responsibility in Sikhism* (੧੯੧੯); *Gurdwara Reform Movement* (੧੯੨੨); *The Asa-di-Var* (੧੯੨੬); *Sword and Religion* (Amritsar, ੧੯੨੯); *High Roads of Sikh History* (੩ Vol.) (੧੯੩੫); *Sikhism : Its Ideals and Institutions* (੧੯੩੭); *Essays in Sikhism* (੧੯੪੪); *Claims of Panjabi* (੧੯੪੯); *Panjabi Literature* (੧੯੫੦); *A Short History of Sikhs* (in collaboration with Dr. Ganda Singh) (੧੯੫੦); *English-Panjabi Dictionary* (Vol. I) (੧੯੫੩); *Anglo-Panjabi Dictionary* (੧੯੫੫); *Guru Nanak and His Mission* (੧੯੫੬); *Sikhs as Liberators* (੧੯੬੮); *Sikhs and Non-violence* (੧੯੨੨).

ਗੁਰਬਾਣੀ ਦੇ ਟੀਕਿਆਂ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਦੀ ਸੇਵਾ ਵੀ ਆਪ ਜੀ ਦੇ ਹਿੱਸੇ ਆਈ। ਆਪ ਨੇ ਅੰਗਰੇਜ਼ੀ ਉਲਥਿਆਂ ਰਾਹੀਂ ਗੁਰਮਤਿ ਦੀਆਂ ਦੈਵੀ ਝਲਕਾਂ ਅੰਗਰੇਜ਼ੀ ਪੜ੍ਹੇ ਵਿਦਵਾਨਾਂ ਤਕ ਪਹੁੰਚਾਈਆਂ। ਸੁਖਮਨੀ ਸਾਹਿਬ ਦੇ ਅੰਗਰੇਜ਼ੀ ਤਰਜਮੇ (*The Psalm of Peace*) ਤੋਂ ਖੁਸ਼ ਹੋ ਕੇ ਟੈਗੋਰ ਵਰਗੇ ਉੱਚ ਕੋਟੀ ਦੇ ਵਿਦਵਾਨਾਂ ਨੇ ਉਚੇਚੇ ਤੌਰ ਉਤੇ ਪ੍ਰਿੰ. ਤੇਜਾ ਸਿੰਘ ਦਾ ਸਨਮਾਨ ਕੀਤਾ। ਇਸ ਤੋਂ ਬਿਨਾਂ ਪ੍ਰਿੰ. ਤੇਜਾ ਸਿੰਘ ਦਾ ਵਡਮੁੱਲਾ ਕਾਰਜ ਡਾ. ਗੰਡਾ ਸਿੰਘ ਨਾਲ ਮਿਲ ਕੇ ਅੰਗਰੇਜ਼ੀ ਵਿਚ ਲਿਖੀ 'A Short History of Sikhs' ਪੁਸਤਕ ਹੈ, ਜਿਸ ਦਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪੰਜਾਬੀ ਅਨੁਵਾਦ ('ਸੰਖੇਪ ਸਿੱਖ ਇਤਿਹਾਸ') ਪ੍ਰਕਾਸ਼ਿਤ ਕਰਵਾਇਆ ਗਿਆ।

ਕਮਾਲ ਦੀ ਗੱਲ ਤਾਂ ਇਹ ਹੈ ਕਿ ਪ੍ਰਿੰ. ਤੇਜਾ ਸਿੰਘ ਬਿਨਾਂ ਕਿਸੇ ਥਕੇਵੇਂ ਤੇ ਅਕੇਵੇਂ ਦੇ ਘੰਟਿਆਂ ਬੱਧੀ ਇਕ ਥਾਂ ਬੈਠ ਕੇ ਲਿਖਣ ਦੀ ਸਮਰੱਥਾ ਰੱਖਦੇ ਸਨ। ਇਸ ਤੱਥ ਦਾ ਪ੍ਰਮਾਣ ਇਥੋਂ ਮਿਲਦਾ ਹੈ ਕਿ ਉਨ੍ਹਾਂ ਨੇ ਇਕ ਦਿਨ ਆਪਣੇ ਘਰ ਸ. ਗੁਰਮੁਖ ਸਿੰਘ ਮੁਸਾਫਰ ਨਾਲ ਬੈਠ ਕੇ ਰੱਜ ਕੇ ਪ੍ਰਸ਼ਾਦਾ ਛਕਿਆ। ਖਾਣੇ ਦਾ ਸਵਾਦ ਇੰਨਾ ਆਇਆ ਕਿ ਦੋਹਾਂ ਨੇ ਲੋੜ ਤੋਂ ਜ਼ਿਆਦਾ ਛਕ ਲਿਆ। ਗੁਰਮੁਖ ਸਿੰਘ ਨੇ ਪੇਟ ਹੌਲਾ ਕਰਨ ਲਈ ਤੇਜਾ ਸਿੰਘ ਨੂੰ ਸੈਰ 'ਤੇ ਜਾਣ ਲਈ ਕਿਹਾ, ਪਰੰਤੂ ਤੇਜਾ ਸਿੰਘ ਨੇ ਇਹ ਕਹਿ ਕੇ ਸੈਰ

ਉਤੇ ਜਾਣ ਤੋਂ ਜਵਾਬ ਦੇ ਦਿੱਤਾ ਕਿ ਖਾਣਾ ਹਜ਼ਮ ਕਰਨ ਲਈ ਮੈਨੂੰ ਸੈਰ ਦੀ ਨਹੀਂ, ਬਲਕਿ ਲਿਖਣ ਦੀ ਲੋੜ ਹੈ। ਇਸ ਵਾਕਿਆ ਤੋਂ ਪਤਾ ਚਲਦਾ ਹੈ ਕਿ ਤੇਜਾ ਸਿੰਘ ਪੜ੍ਹਨ-ਲਿਖਣ ਪ੍ਰਤਿ ਕਿੰਨੇ ਸੰਜੀਦਾ ਸਨ।

ਪ੍ਰਿੰ. ਤੇਜਾ ਸਿੰਘ ਦੀ ਪ੍ਰਤਿਭਾ ਕੇਵਲ ਪੰਜਾਬੀ ਸਾਹਿਤ ਦੇ ਖੇਤਰ ਵਿਚ ਹੀ ਨਹੀਂ ਪ੍ਰਕਾਸ਼ਮਾਨ ਹੋਈ, ਬਲਕਿ ਉਨ੍ਹਾਂ ਨੇ ਧਰਮ, ਆਲੋਚਨਾ ਤੇ ਇਤਿਹਾਸ ਆਦਿ ਵਿਸ਼ਿਆਂ ਬਾਰੇ ਲਿਖ ਕੇ ਆਪਣੀ ਕਲਮ ਦੀ ਕਰਾਮਾਤ ਦਿਖਾਈ। ਪੰਜਾਬੀ ਨਿਬੰਧ ਲਿਖਣ ਦੀ ਦੁਨੀਆ ਵਿਚ ਆਪ ਦਾ ਸਰਵ-ਉਚ ਸਥਾਨ ਹੈ। ਸ੍ਵੈ-ਜੀਵਨੀ ਅਤੇ ਪੰਜਾਬੀ ਸਭਿਆਚਾਰ ਬਾਰੇ ਤੇਜਾ ਸਿੰਘ ਦੀ ਲੇਖਣੀ ਦੀ ਰੀਸ ਕਰਨੀ ਸੌਖੀ ਨਹੀਂ। ਉਨ੍ਹਾਂ ਦੇ ਜੀਵਨ ਦਾ ਇੱਕੋ-ਇਕ ਮਨੋਰਥ *ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ* ਸੀ।

ਸਿੱਖ ਪੰਥ ਦੀਆਂ ਨਾਮਵਰ ਸ਼ਖ਼ਸੀਅਤਾਂ- ਸ. ਸੁੰਦਰ ਸਿੰਘ ਮਜੀਠੀਆ, ਭਗਤ ਲਛਮਣ ਸਿੰਘ, ਸ. ਖਜ਼ਾਨ ਸਿੰਘ, ਰਾਜਾ ਦਲਜੀਤ ਸਿੰਘ, ਜੋਗਿੰਦਰ ਸਿੰਘ, ਭਾਈ ਅਰਜਨ ਸਿੰਘ ਬਾਗੜੀਆਂ ਅਤੇ ਸ. ਉਮਰਾਓ ਸਿੰਘ ਮਜੀਠੀਆ ਆਦਿ ਪ੍ਰਿੰ. ਤੇਜਾ ਸਿੰਘ ਦੀ ਲੇਖਣੀ ਤੋਂ ਬਹੁਤ ਪ੍ਰਭਾਵਿਤ ਸਨ। ਇਨ੍ਹਾਂ ਤੋਂ ਬਿਨਾਂ ਰਾਬਿੰਦਰ ਨਾਥ ਟੈਗੋਰ ਵੀ ਤੇਜਾ ਸਿੰਘ ਦੀ ਲੇਖਣੀ ਦਾ ਬਹੁਤ ਕਾਇਲ ਸੀ।

੪

ਪ੍ਰਿੰ. ਤੇਜਾ ਸਿੰਘ ਦੀ ਪੰਥਕ ਦੇਣ ਨੂੰ ਕਦੇ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਉਹ ਇਕ ਸਫਲ ਅਧਿਆਪਕ ਤੇ ਪ੍ਰਬੰਧਕ ਹੋਣ ਦੇ ਨਾਲ-ਨਾਲ ਅਸਲ ਧਰਮੀ ਪੁਰਸ਼ ਸਨ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਪੰਥਕ ਕਾਰਜਾਂ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਮਿਸਾਲ ਵਜੋਂ, ਜਦੋਂ ਸਿੰਘ ਸਭਾ ਲਹਿਰ ਦੇ ਪ੍ਰਚਾਰ ਸਦਕਾ ਕਥਿਤ ਦਲਿਤ ਵਰਗ ਨੂੰ ਅੰਮ੍ਰਿਤ ਛਕਾ ਕੇ ਅਭੇਦ ਕੀਤਾ ਜਾਣ ਲੱਗਾ ਤਾਂ ਜਲ੍ਹਿਆਂ ਵਾਲਾ ਬਾਗ, ਸ੍ਰੀ ਅੰਮ੍ਰਿਤਸਰ ਵਿਖੇ ਰੱਖੇ ਇਕ ਧਾਰਮਿਕ ਸਮਾਗਮ ਵਿਚ ਬਹੁਤ ਸਾਰੇ ਰਵਿਦਾਸੀ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ। ਉਪਰੰਤ ਨਵੇਂ ਸਜੇ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਦੇਗ ਲੈ ਅਰਦਾਸ ਕਰਨ ਪਹੁੰਚੇ। ਸਮਾਗਮ ਕਰਵਾਉਣ ਵਾਲੇ ਸੱਜਣਾਂ ਦੀ ਬੇਨਤੀ 'ਤੇ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦੇ ਲੈਕਚਰਾਰ ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰਿੰ. ਤੇਜਾ ਸਿੰਘ ਉਨ੍ਹਾਂ ਨਾਲ ਸ੍ਰੀ ਦਰਬਾਰ ਸਾਹਿਬ ਪਹੁੰਚੇ। ਦਰਬਾਰ ਸਾਹਿਬ ਦੇ ਪੁਜਾਰੀ ਉਸ ਸਮੇਂ ਅਛੂਤ ਜਾਤੀਆਂ ਵਿੱਚੋਂ ਸਜੇ ਸਿੰਘਾਂ ਦੁਆਰਾ ਭੇਟਾ ਕੀਤਾ ਪ੍ਰਸ਼ਾਦ ਪ੍ਰਵਾਨ ਨਹੀਂ ਕਰਦੇ ਸਨ। ਇਸ ਲਈ ਇਹ ਦੋਵੇਂ ਸੱਜਣ ਉਨ੍ਹਾਂ ਪੁਜਾਰੀਆਂ ਨੂੰ ਗੁਰਮਤਿ ਦੀ ਰੌਸ਼ਨੀ ਦੇਣ ਗਏ ਸਨ, ਪਰੰਤੂ ਪੁਜਾਰੀਆਂ ਨੇ ਆਪਣੀ ਰਵਾਇਤ ਅਨੁਸਾਰ ਪ੍ਰਸ਼ਾਦ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਕੁਝ ਸਮਾਂ ਵਿਚਾਰ-ਚਰਚਾ ਕਰਨ ਉਪਰੰਤ ਜਦੋਂ ਪੁਜਾਰੀ ਨਾ ਮੰਨੇ ਤਾਂ ਪੁਜਾਰੀਆਂ ਅਤੇ ਸੰਗਤ ਦੀ ਸਹਿਮਤੀ ਨਾਲ ਕੀਤੇ ਫੈਸਲੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰ ਕੇ ਮੁੱਖ ਵਾਕ ਲਿਆ ਗਿਆ ਤਾਂ ਗੁਰੂ ਸਾਹਿਬ ਨੇ ਆਪਣੀ ਕਲਾ

ਵਰਤਾਈ ਤੇ ਪਾਵਨ ਹੁਕਮ ਬਖਸ਼ਿਸ਼ ਕੀਤਾ : *ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥* ਐਸਾ ਇਲਾਹੀ ਹੁਕਮ ਗੁਰੂ ਸਾਹਿਬ ਨੇ ਬਖਸ਼ਿਆ ਕਿ ਕਿਸੇ ਦੇ ਮਨ ਵਿਚ ਕੋਈ ਸ਼ੰਕਾ ਨਾ ਰਿਹਾ।

੧੯੨੦ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਉਣ ਉਤੇ ਪ੍ਰਿੰ. ਤੇਜਾ ਸਿੰਘ ਵੀ ਕਮੇਟੀ ਵਿਚ ਸ਼ਾਮਲ ਹੋਏ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਰੰਭ ਹੋਈ ਤਾਂ ਆਪ ਨੇ ਖਾਲਸਾ ਕਾਲਜ ਵਿਖੇ ਅਧਿਆਪਨ ਕਰਦੇ ਹੋਏ ਪੜ੍ਹਾਈ ਦੇ ਪੱਧਰ ਉਤੇ ਲਹਿਰ ਦਾ ਪ੍ਰਚਾਰ ਕਰਨ ਦੀ ਵਿਸ਼ੇਸ਼ ਸੇਵਾ ਨਿਭਾਈ। ਪ੍ਰਿੰ. ਤੇਜਾ ਸਿੰਘ ਨੇ ਆਪਣੀ ਦੂਰ-ਦ੍ਰਿਸ਼ਟੀ ਨਾਲ ਅਣਗਿਣਤ ਮਰਜੀਵੜੇ ਪੈਦਾ ਕੀਤੇ, ਜਿਨ੍ਹਾਂ ਗੁਰੂ ਦੇ ਪਿਆਰ ਸਦਕਾ ਆਪਣੇ ਪਿੰਡੇ ਉਤੇ ਡਾਂਗਾਂ ਦੇ ਕਰੜੇ ਵਾਰ ਸਹਾਰੇ ਅਤੇ ਚਲਦੀਆਂ ਗੋਲੀਆਂ ਸਾਹਮਣੇ ਆਪਣੇ ਸੀਨੇ ਚੌੜੇ ਕੀਤੇ। ਅਸਲ ਵਿਚ ਕੋਈ ਵੀ ਲਹਿਰ ਕੇਵਲ ਹਥਿਆਰਾਂ ਦੇ ਬਲਬੂਤੇ ਨਹੀਂ ਜਿੱਤੀ ਜਾ ਸਕਦੀ, ਬਲਕਿ ਉਸ ਦੀ ਜਿੱਤ ਪਿੱਛੇ ਤੇਜਾ ਸਿੰਘ ਵਰਗੇ 'ਦਾਨੇ' ਪੁਰਸ਼ਾਂ ਦਾ ਵੀ ਹੱਥ ਹੁੰਦਾ ਹੈ।

ਇਕ ਸਮਾਂ ਐਸਾ ਵੀ ਆਇਆ ਜਦੋਂ ਆਪ ਨੂੰ ਸਰਕਾਰ ਵਿਰੁੱਧ ਬਗ਼ਾਵਤ ਕਰਨ ਦੇ ਦੋਸ਼ ਵਿਚ ਜੇਲ੍ਹ ਯਾਤਰਾ ਵੀ ਕਰਨੀ ਪਈ। ਜੇਲ੍ਹ ਵਿਚ ਰਹਿੰਦਿਆਂ ਆਪਣਾ ਸਮਾਂ ਸਫਲ ਕਰਨ ਹਿੱਤ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨੀ ਸ਼ੁਰੂ ਕੀਤੀ। ਇਸੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਲਗਾਂ-ਮਾਤਰਾਂ ਬਾਰੇ ਖੋਜ ਕਰ ਕੇ ਸਬਦਾਂਤਕ ਲਗਾਂ ਮਾਤਰਾ ਦੇ ਗੁੱਝੇ ਭੇਦ ਪੁਸਤਕ ਵੀ ਪੰਥ ਦੇ ਝੋਲੀ ਪਾਈ। ਦਰਅਸਲ, ਤੇਜਾ ਸਿੰਘ ਨੇ ਮਹਿਸੂਸ ਕੀਤਾ ਕਿ ਗੁਰਬਾਣੀ ਦੇ ਮਿਲਦੇ ਟੀਕਿਆਂ ਵਿਚ ਟੀਕਾਕਾਰਾਂ ਨੇ ਕਈ ਤਰ੍ਹਾਂ ਦੇ ਵਹਿਮ-ਭਰਮ ਵੀ ਲਿਖੇ ਹੋਏ ਸਨ। ਇੱਥੋਂ ਤਕ ਕਿ ਗੁਰਬਾਣੀ ਦੀ ਕਥਾ ਕਰਨ ਸਮੇਂ ਕਥਾਵਾਚਕਾਂ ਦੁਆਰਾ ਅਨਮਤੀਆਂ ਦੀਆਂ ਕਰਾਮਾਤਾਂ ਅਥਵਾ ਵਹਿਮ-ਭਰਮ ਭਰਪੂਰ ਕਹਾਣੀਆਂ ਸੁਣਾ ਕੇ ਸੰਗਤ ਨੂੰ ਗੁੰਮਰਾਹ ਕੀਤਾ ਜਾ ਰਿਹਾ ਸੀ। ਪੜ੍ਹੇ-ਲਿਖੇ ਵਰਗ ਉਤੇ ਇਸ ਦਾ ਨਿਰਾਸ਼ਾਜਨਕ ਅਸਰ ਹੁੰਦਾ ਦੇਖ ਤੇਜਾ ਸਿੰਘ ਨੇ ਨਵੇਂ ਸਿਰੇ ਤੋਂ ਗੁਰਬਾਣੀ ਦੇ ਅਰਥ, ਸ਼ਬਦਾਰਥ ਦੇ ਰੂਪ ਵਿਚ ਕਰਨੇ ਸ਼ੁਰੂ ਕਰ ਦਿੱਤੇ। ਸੰਪੂਰਨਤਾ ਉਪਰੰਤ ਇਹ ਟੀਕਾ ਗੁਰਸੇਵਕ ਸਭਾ ਦੀ ਸਹਾਇਤਾ ਨਾਲ ਪ੍ਰਕਾਸ਼ਿਤ ਹੋਇਆ। ਟੀਕੇ ਦੀ ਪ੍ਰਕਾਸ਼ਨਾ ਹਿੱਤ ਲੋੜੀਂਦੀ ਮਾਇਆ ਇੱਕਠੀ ਕਰਨ ਲਈ ਤੇਜਾ ਸਿੰਘ ਨੇ ਮਲੇਸ਼ੀਆ ਅਤੇ ਸਿੰਗਾਪੁਰ ਦਾ ਦੌਰਾ ਕੀਤਾ। ਇਨ੍ਹਾਂ ਦੇਸ਼ਾਂ ਵਿਚ ਆਪ ਨੇ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿਚ ਭਾਸ਼ਣ ਕਰ ਕੇ ਵਿਦੇਸ਼ਾਂ ਵਿਚ ਵਸਦੇ ਦੂਜੀ ਕੌਮਾਂ ਦੇ ਲੋਕਾਂ ਉਤੇ ਪਹਿਲੀ ਵਾਰ ਸਿੱਖੀ ਦਾ ਅਮਿਟ ਪ੍ਰਭਾਵ ਪਾਇਆ।

ਸ਼ਬਦਾਰਥ ਦੀ ਤਿਆਰੀ ਨੇ ਤੇਜਾ ਸਿੰਘ ਅੰਦਰ ਗੁਰਬਾਣੀ ਦਾ ਅਥਾਹ ਪ੍ਰੇਮ ਭਰ ਦਿਤਾ। ਭੌਰੇ ਨਿਆਈਂ ਉਹ ਗੁਰਬਾਣੀ ਰੂਪ ਫੁਲ ਵਿੱਚੋਂ ਰਸ ਚੂਸਣ ਲੱਗੇ। ਉਹ ਅਕਸਰ ਕਿਹਾ ਕਰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਰੀ ਐਨਕ ਹੈ, ਮੈਂ ਸਾਰੀ ਦੁਨੀਆ ਨੂੰ

ਏਸ ਐਨਕ ਵਿੱਚੋਂ ਤੱਕਦਾ ਹਾਂ। ਅਸਲ ਵਿਚ ਤੇਜਾ ਸਿੰਘ ਨੇ ਗੁਰਬਾਣੀ ਕੇਵਲ ਮੁਖੋਂ ਪੜ੍ਹੀ ਹੀ ਨਹੀਂ, ਬਲਕਿ ਗੁਰਬਾਣੀ ਨੂੰ ਜੀਵਿਆ ਹੈ। ਇਸ ਲਈ ਉਨ੍ਹਾਂ ਦੇ ਬੋਲਾਂ ਦਾ ਅਸਰ ਸਰੋਤਿਆਂ ਉਤੇ ਹੋਣਾ ਤਾਂ ਸੁਭਾਵਕ ਹੀ ਸੀ। ਉਨ੍ਹਾਂ ਦੀ ਸੰਗਤ ਕਰਨ ਨਾਲ ਨਾਸਤਕ ਬੰਦੇ ਵੀ ਧਰਮੀ ਬਣ, ਗੁਰਬਾਣੀ ਦਾ ਅਨੰਦ ਲੈਣ ਲੱਗ ਜਾਂਦੇ ਸਨ। ਇਸ ਪ੍ਰਥਾਇ ਬਲਵੰਤ ਗਾਰਗੀ ਜੀ ਦੀ ਪ੍ਰਿੰ. ਤੇਜਾ ਸਿੰਘ ਨਾਲ ਮਿਲਣੀ ਨਾਟਕੀ ਅੰਦਾਜ਼ ਵਿਚ ਉਨ੍ਹਾਂ ਦੀ ਆਪਣੀ ਜ਼ੁਬਾਨੀ ਬਿਆਨ ਕਰਨੀ ਦਿਲਚਸਪ ਹੋਵੇਗੀ:

"... ਮੈਂ ਲਾਹੌਰ ਤੋਂ ਦਿੱਲੀ ਆ ਗਿਆ। ਤੇਜਾ ਸਿੰਘ ਪ੍ਰੋਫ਼ੈਸਰ ਤੋਂ ਪ੍ਰਿੰਸੀਪਲ ਬਣ ਗਏ। ਉਹ ਬੰਬਈ ਰਹੇ, ਉਸ ਪਿੱਛੋਂ ਸ਼ਿਮਲੇ, ਤੇ ਫੇਰ ੧੯੪੯ ਵਿਚ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਬਣ ਕੇ ਪਟਿਆਲੇ ਆ ਗਏ। ਮੈਂ ਆਪਣੇ ਦੋਸਤਾਂ ਨੂੰ ਮਿਲਣ ਪਟਿਆਲੇ ਗਿਆ, ਤਾਂ ਪ੍ਰੋਫੈਸਰ ਓਮ ਪ੍ਰਕਾਸ਼ ਸ਼ਰਮਾ ਨੇ ਮੈਨੂੰ ਆਖਿਆ, "ਪ੍ਰਿੰਸੀਪਲ ਤੇਜਾ ਸਿੰਘ ਤੈਨੂੰ ਯਾਦ ਕਰਦੇ ਨੇ। ਸ਼ਾਮ ਨੂੰ ਉਨ੍ਹਾਂ ਦੀ ਕੋਠੀ ਮੈਂ ਉਨ੍ਹਾਂ ਨੂੰ ਮਿਲਣ ਗਿਆ। ਉਹ ਬਾਹਰ ਮੰਜੀ ਉੱਤੇ ਗ੍ਰੰਥੀਆਂ ਵਾਂਙ ਚੌਕੜੀ ਮਾਰੀ ਬੈਠੇ ਸਨ। ਖੂੰਡੀ, ਅਚਕਨ, ਗ਼ਾਇਬ ਸਨ। ਤੇੜ ਖੱਦਰ ਦੀ ਬੁਨੈਣ ਤੇ ਕਛਹਿਰਾ। ਮੈਨੂੰ ਤੱਕ ਕੇ ਉਨ੍ਹਾਂ ਦੀ ਧੀ 'ਮਾਨਾਂ' ਕੁੜਤਾ ਲੈਣ ਲਈ ਦੌੜੀ। ਤੇਜਾ ਸਿੰਘ ਆਖਣ ਲੱਗੇ, "ਕੋਈ ਨਹੀਂ ਕੋਈ ਨਹੀਂ। ਇਹ ਗਾਰਗੀ ਏ, ਇਸ ਤੋਂ ਪਰਦਾ ਨਹੀਂ। ਆ ਜਾਣ ਦਿਓ। ਇਹ ਤਾਂ ਨਾਟਕਕਾਰ ਏ। ਜੇ ਮੈਂ ਅਚਕਨ ਪਾ ਕੇ ਵੀ ਬੈਠਾਂ ਤਦ ਵੀ ਇਹ ਉਸ ਵਿੱਚੋਂ ਮੇਰੀ ਬੁਨੈਣ ਤੱਕ ਲਏਗਾ।"

ਧਰਮ, ਸਾਹਿਤ, ਇਤਿਹਾਸ ਤੇ ਸਭਿਆਚਾਰ ਦੀ ਸੇਵਾ ਕਰਦਿਆਂ ਆਪ ੧੦ ਜਨਵਰੀ, ੧੯੫੮ ਈ. ਨੂੰ ਅਧਰੰਗ ਕਾਰਨ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਜਾਣ ਨਾਲ ਇਕ ਹੋਣਹਾਰ ਅਧਿਆਪਕ ਤੇ ਨਿੱਘੀ ਧਾਰਮਿਕ ਸ਼ਖ਼ਸੀਅਤ ਤੋਂ ਪੰਜਾਬੀ ਪ੍ਰੇਮੀ ਸਦਾ ਲਈ ਵਿਰਵੇ ਹੋ ਗਏ। ਪ੍ਰਿੰ. ਤੇਜਾ ਸਿੰਘ ਜੀ ਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ ਨਾਲ ਸਿੱਖ ਪੰਥ ਨੂੰ ਵੱਡਾ ਘਾਟਾ ਪਿਆ।

ਪ੍ਰਿੰ. ਤੇਜਾ ਸਿੰਘ ਦਾ ਸਮੁੱਚਾ ਜੀਵਨ ਇਕ ਚਾਨਣ-ਮੁਨਾਰੇ ਤੋਂ ਘੱਟ ਨਹੀਂ। ਉਨ੍ਹਾਂ ਦੁਆਰਾ ਪੰਜਾਬੀ ਸਾਹਿਤ ਦੀ ਦੁਨੀਆ ਵਿਚ ਕੀਤੀ ਅਣਥੱਕ ਸੇਵਾ ਦਾ ਕੋਈ ਸਾਨੀ ਨਹੀਂ। ਅੰਮ੍ਰਿਤਾ ਪ੍ਰੀਤਮ ਨੇ ਪ੍ਰਿੰ. ਤੇਜਾ ਸਿੰਘ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਆਪਣੀ ਇਕ ਕਵਿਤਾ ਬੰਦਨਵਾਰ ਵਿਚ ਤੇਜਾ ਸਿੰਘ ਨੂੰ 'ਬੋਲੀ ਦਾ ਆਸ਼ਕ' ਕਹਿ ਕੇ ਵਡਿਆਇਆ ਹੈ। ਇਸੇ ਤਰ੍ਹਾਂ ਵਡੇਰਿਆਂ ਪਾਸੋਂ ਸੁਣਿਆ ਹੈ ਕਿ ਦਲੀਪ ਕੌਰ ਟਿਵਾਣਾ ਦੇ ਮਨ ਵਿਚ ਪ੍ਰਿੰ. ਤੇਜਾ ਸਿੰਘ ਪ੍ਰਥਾਇ ਇੰਨਾ ਪ੍ਰੇਮ ਤੇ ਸਤਿਕਾਰ ਸੀ ਕਿ ਉਹ ਪ੍ਰਿੰ. ਤੇਜਾ ਸਿੰਘ ਜੀ ਦਾ ਆਪਣੀ ਰਸਨਾ ਤੋਂ ਨਾਮ ਲੈਣ ਸਮੇਂ ਸਿਰ ਢੱਕ ਲੈਂਦੀ ਸੀ।

# ਗੁਰਮਤਿ ਵਿਚਾਰਾਂ ਦਾ ਕੇਂਦਰ: ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਹਾਲ

*-ਬਿਕਰਮਜੀਤ ਸਿੰਘ ਜੀਤ**

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਹਰ ਕੋਨਾ ਆਪਣੇ-ਆਪ ਵਿਚ ਇਤਿਹਾਸਿਕ ਅਤੇ ਧਾਰਮਿਕ ਮਹੱਤਤਾ ਰੱਖਦਾ ਹੈ, ਜਿਸ ਕਾਰਨ ਇੱਥੋਂ ਦੀ ਫ਼ਿਜ਼ਾ ਅਤੇ ਛੋਹ ਪ੍ਰਾਪਤ ਕਰਨ ਵਾਲਾ ਹਰ ਜੀਵ 'ਧੰਨ' ਹੋ ਜਾਂਦਾ ਹੈ। ਦੂਜੇ ਪਾਸੇ ਸ੍ਰੀ ਹਰਿਮੰਦਰ ਸਾਹਿਬ ਦਾ ਆਲਾ-ਦੁਆਲਾ ਕਿਸੇ ਉੱਚੇ ਅਰਸ਼ੀ ਅਧਿਆਤਮਿਕ ਮੰਡਲਾਂ ਦੀ ਦਿੱਖ ਪ੍ਰਦਾਨ ਕਰਨ ਵਾਲਾ ਹੈ। ਉਂਝ ਤਾਂ ਭਾਵੇਂ ਲੱਗਭਗ ਹਰੇਕ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਵਿਚਾਰਾਂ, ਕਥਾ-ਸਮਾਗਮਾਂ ਆਦਿ ਲਈ ਦੀਵਾਨ ਹਾਲ ਬਣੇ ਹੋਏ ਹਨ ਪਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਸਥਾਪਿਤ 'ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਹਾਲ' ਦਾ ਨਾਂ ਇਤਿਹਾਸਿਕ ਅਤੇ ਧਾਰਮਿਕ ਪੱਖ ਤੋਂ ਵਿਸ਼ੇਸ਼ ਜ਼ਿਕਰਯੋਗ ਹੈ। ਇਹ ਉਹ ਪਾਵਨ ਪਵਿੱਤਰ ਅਸਥਾਨ ਹੈ, ਜਿੱਥੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਕਿਰਤੀ ਅਤੇ ਅਧਿਆਤਮਿਕਤਾ ਦਾ ਸੁਮੇਲ ਬਾਣੀ 'ਬਾਰਹ ਮਾਹਾ ਮਾਂਝ' ਦਾ ਉਚਾਰਨ ਕਰ ਕੇ ਸਮੁੱਚੀ ਮਾਨਵਤਾ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਦਿੱਤਾ। ਗੁਰੂ ਜੀ ਦੀ ਯਾਦਗਾਰ ਵਜੋਂ ਇਹ ਅਸਥਾਨ ਅੱਜ ਵੀ ਇੱਥੇ ਮੌਜੂਦ ਹੈ ਜਿਸ ਨੂੰ ਮੰਜੀ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਅਸਲ ਵਿਚ ਮੰਜੀ ਸ਼ਬਦ ਤੋਂ ਭਾਵ ਹੈ-ਚਾਰਪਾਈ, ਭਾਵ ਜਿਸ ਉਤੇ ਲੋਕੀਂ ਬੈਠਦੇ ਅਤੇ ਸੌਂਦੇ ਹਨ। ਪਰ ਇਸ ਸ਼ਬਦ ਦਾ ਸਿੱਖ ਧਰਮ ਵਿਚ ਪ੍ਰਯੋਗ ਦਾ ਆਪਣਾ ਇਕ ਵਿਸ਼ੇਸ਼ ਮਹੱਤਵ ਹੈ ਜਦ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਦੂਰ-ਦੁਰਾਡੇ ਵਸਦੇ ਸਿੱਖਾਂ ਵਿਚ ਪ੍ਰਸਪਰ ਸੰਬੰਧ ਬਣਾਈ ਰੱਖਣ ਅਤੇ ਸਿੱਖੀ ਦੇ ਪ੍ਰਚਾਰ ਦੇ ਸਿਲਸਿਲੇ ਵਿਚ ਹੋਰ ਤੇਜ਼ੀ ਲਿਆਉਣ ਲਈ ੨੨ ਗੁਰਸਿੱਖ ਪ੍ਰਚਾਰਕ ਨਿਯੁਕਤ ਕੀਤੇ ਸਨ। ਇਨ੍ਹਾਂ ੨੨ ਪ੍ਰਚਾਰ ਕੇਂਦਰਾਂ ਨੂੰ ਸਿੱਖ ਧਰਮ ਵਿਚ ੨੨ ਮੰਜੀਆਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਮੰਜੀ 'ਤੇ ਬੈਠ ਕੇ ਪ੍ਰਵਚਨ ਕਰਨ ਦੀ ਆਗਿਆ ਕੀਤੀ। ਇਹੀ ਪ੍ਰਚਾਰਕ ਬਾਅਦ ਵਿਚ ੨੨ 'ਮੰਜੀਦਾਰ' ਅਖਵਾਏ।

ਇਸੇ ਤਰ੍ਹਾਂ ਸਿੱਖ ਧਰਮ ਵਿਚ 'ਮੰਜੀ' ਸ਼ਬਦ ਪ੍ਰਯੋਗ ਦੀ ਦੂਜੀ ਪ੍ਰਥਾ ਕਿਸੇ ਗੁਰੂ-ਧਾਮ ਨੂੰ ਮੰਜੀ ਕਹਿਣ ਦੀ ਵੀ ਹੈ। ਇਸ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ

** ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ: ੮੨੨੮-੦੦੩੨੨*

ਚੱਲਦਾ ਹੈ ਕਿ ਗੁਰੂ ਸਾਹਿਬਾਨ ਧਰਮ ਪ੍ਰਚਾਰ ਜਾਂ ਪਰਉਪਕਾਰ ਲਈ ਜਿੱਥੇ ਵੀ ਜਾਂਦੇ ਤਾਂ ਉੱਥੇ ਉਨ੍ਹਾਂ ਦੇ ਬੈਠਣ ਲਈ ਇਕ 'ਥੜ੍ਹਾ' ਜਿਹਾ ਬਣਾ ਦਿੱਤਾ ਜਾਂਦਾ। ਉਸ ਥੜ੍ਹੇ ਦੇ ਇਰਦ-ਗਿਰਦ ਸ਼ਰਧਾਲੂ ਸਿੱਖ ਬੈਠ ਕੇ ਗੁਰੂ ਸਾਹਿਬ ਦੇ ਉਪਦੇਸ਼ ਸਰਵਣ ਕਰਦੇ। ਸਤਿਕਾਰ ਵਜੋਂ ਉਨ੍ਹਾਂ ਥੜ੍ਹਿਆਂ ਨੂੰ 'ਥੜ੍ਹਾ ਸਾਹਿਬ' ਕਿਹਾ ਜਾਣ ਲੱਗਾ। ਮੌਸਮੀ ਮਜਬੂਰੀਆਂ ਜਿਵੇਂ ਮੀਂਹ-ਝੱਖੜ, ਤੇਜ਼ ਧੁੱਪ ਤੇ ਸਰਦੀ-ਗਰਮੀ ਆਦਿ ਕਾਰਨ ਉਨ੍ਹਾਂ 'ਥੜ੍ਹਿਆਂ' ਵਾਲੀ ਜਗ੍ਹਾ 'ਤੇ ਸੰਗਤ ਵੱਲੋਂ ਇਕ ਕੋਠਾ ਜਾਂ ਕਮਰਾ ਬਣਾਇਆ ਜਾਣ ਲੱਗ ਪਿਆ। ਇਹੀ ਕਮਰੇ ਬਾਅਦ ਵਿਚ 'ਮੰਜੀ ਸਾਹਿਬ' ਵਜੋਂ ਪ੍ਰਸਿੱਧ ਹੋਏ। ਇਸੇ ਤਰ੍ਹਾਂ ਹੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿਖੇ ਸਥਿਤ ਗੁਰਦੁਆਰਾ 'ਮੰਜੀ ਸਾਹਿਬ' ਵਾਲਾ ਅਸਥਾਨ ਉਸ ਸਮੇਂ ਹੋਂਦ ਵਿਚ ਆਇਆ ਜਦੋਂ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਕਰਵਾ ਰਹੇ ਸਨ। ਉਸ ਸਮੇਂ ਗੁਰੂ ਜੀ ਇਸ ਅਸਥਾਨ 'ਤੇ 'ਦੀਵਾਨ' ਸਜਾਇਆ ਕਰਦੇ ਸਨ। ਇਸੇ ਅਸਥਾਨ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸੁੰਦਰ ਬਾਗ਼ ਵੀ ਲਗਵਾਇਆ ਸੀ। ਜਿਸ ਨੂੰ "ਗੁਰੂ ਕਾ ਬਾਗ" ਕਰਕੇ ਜਾਣਿਆ ਜਾਂਦਾ ਸੀ। ਮੌਜੂਦਾ ਸਮੇਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਸਥਾਨ ਦੇ ਬਾਹਰ ਵੱਖ-ਵੱਖ ਫੁੱਲਾਂ ਵਾਲੇ ਬੂਟੇ ਲਗਾ ਕੇ ਇਕ ਸੁੰਦਰ ਬਾਗ਼ ਬਣਾਇਆ ਹੋਇਆ ਹੈ। ਜਿਵੇਂ ਕਿ ਹਥਲੇ ਲੇਖ ਦੇ ਅਰੰਭ ਵਿਚ ਦੱਸਿਆ ਗਿਆ ਹੈ ਕਿ ਇਸੇ ਅਸਥਾਨ 'ਤੇ ਗੁਰੂ ਜੀ ਨੇ ਬਾਰਹ ਮਾਹਾ ਮਾਂਝ ਬਾਣੀ ਦਾ ਉਚਾਰਨ ਕੀਤਾ ਸੀ ਜਿਸ ਕਰਕੇ ਇਸ ਅਸਥਾਨ ਦਾ ਮਹੱਤਵ ਹੋਰ ਵਧ ਜਾਂਦਾ ਹੈ।

ਸਿੱਖਾਂ ਉੱਤੇ ਮੁਗ਼ਲਾਂ ਦੇ ਸਖ਼ਤਾਈ ਦੇ ਦੌਰ ਸਮੇਂ ਜਦੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਅਬਦਾਲੀ ਦੀ ਭੇਜੀ ਫੌਜ ਵੱਲੋਂ ਬੇਅਦਬੀ ਕੀਤੀ ਜਾ ਰਹੀ ਸੀ ਤਾਂ ਇਸ ਦੇ ਰੋਸ ਵਜੋਂ ਸਿੱਖ ਪੰਥ ਦੇ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਨਾਲ ਆਏ ਜਿਹੜੇ ਸਿੰਘ ਯੋਧਿਆਂ ਨੇ ਹਮਲਾਵਰਾਂ ਦੀ ਫ਼ੌਜ ਨਾਲ ਟੱਕਰ ਲੈਣ ਸਮੇਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਨ੍ਹਾਂ ਦਾ ਸਮੂਹਿਕ ਅੰਤਿਮ ਸਸਕਾਰ ਵੀ ਇਸੇ ਅਸਥਾਨ 'ਤੇ ਕੀਤਾ ਗਿਆ, ਜਿਨ੍ਹਾਂ ਦਾ ਸ਼ਹੀਦੀ ਥੜ੍ਹਾ (ਸ਼ਹੀਦ ਗੰਜ) ਇਸ ਜਗ੍ਹਾ 'ਤੇ ਅੱਜ ਵੀ ਮੌਜੂਦ ਹੈ। ਉਨ੍ਹਾਂ ਮਹਾਨ ਯੋਧਿਆਂ ਦੇ ਕੁਝ ਨਾਮ ਇਸ ਥੜ੍ਹੇ ਉੱਪਰ ਅੰਕਿਤ ਕੀਤੇ ਗਏ ਹਨ ਜੋ ਕਿ ਇਸ ਪ੍ਰਕਾਰ ਹਨ:-

"ੴ ਵਾਹਿਗੁਰੂ ਜੀ ਕੀ ਫਤੈ

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

**ਸ਼ਹੀਦ ਗੰਜ**

ਏਥੇ ਉਹਨਾਂ ਸੂਰਬੀਰਾਂ ਧਰਮੀ ਯੋਧਿਆਂ ਦਾ ਸਸਕਾਰ ਕੀਤਾ ਗਿਆ ਸੀ ਜਿਨਾਂ

ਨੇ ਮੱਘਰ ੧੮੧੭ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਭੇਜੇ ਹੋਏ ਬਖਸ਼ੀ ਜਹਾਨ ਖ਼ਾਨ ਦੇ ਹੱਥੋਂ ਸ੍ਰੀ ਦਰਬਾਰ ਸਾਹਿਬ ਤੇ ਅੰਮ੍ਰਿਤਿ (ਅੰਮ੍ਰਿਤ) ਸਰੋਵਰ ਦੀ ਹੋ ਰਹੀ ਬੇਅਦਬੀ ਨੂੰ ਰੋਕਨ ਲਈ ਸ੍ਰੀ ਦਮਦਮਾ ਸਾਹਿਬ (ਮਾਲਵਾ) ਤੋਂ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਜਥੇਦਾਰੀ ਹੇਠ ਤਿਆਰੇ ਕੀਤੇ ਅਰ ਰਣ ਵਿਚ ਜੂਝ ਕੇ ਸ਼ਹੀਦ ਹੋਏ ਅਤੇ ਬੇਅਦਬੀ ਨੂੰ ਦੂਰ ਕੀਤਾ। ਉਹਨਾਂ ਧਰਮੀ ਬੀਰਾਂ ਵਿਚੋਂ ਕੁਝ ਕੁ ਦੇ ਪਵਿਤ੍ਰ ਨਾਮ ਇਹ ਹਨ:-

੧. ਬਾਬਾ ਬਲਵੰਤ ਸਿੰਘ ਜੀ ੨. ਬਾਬਾ ਹੀਰਾ ਸਿੰਘ ਜੀ ੩. ਬਾਬਾ ਗੰਡਾ ਸਿੰਘ ਜੀ ੪. ਬਾਬਾ ਲਹਿਣਾ ਸਿੰਘ ੫. ਬਾਬਾ ਰਣ ਸਿੰਘ ਜੀ ੬. ਬਾਬਾ ਗੋਪਾਲ ਸਿੰਘ ਜੀ ੭. ਬਾਬਾ ਭਾਗ ਸਿੰਘ ਜੀ ੮. ਬਾਬਾ ਸਜਨ ਸਿੰਘ ਜੀ ਤੇ ੯. ਬਾਬਾ ਬਹਾਦਰ ਸਿੰਘ ਜੀ।"

ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਵਧਦੀ ਸੰਗਤ ਦੀ ਗਿਣਤੀ ਨੂੰ ਵੇਖ ਕੇ ਅਤੇ ਗੁਰਮਤਿ ਵਿਚਾਰਾਂ ਲਈ ਲੋੜ ਨੂੰ ਮੁੱਖ ਰੱਖਦੇ ਹੋਏ ਸੰਗਤ ਦੇ ਸਹਿਯੋਗ ਨਾਲ ਇਸ ਅਸਥਾਨ ਦੀ ਕਾਰ-ਸੇਵਾ ਕਰ ਕੇ ਬਿਸ਼ਨ ਸਿੰਘ ਜੀ ਅਤੇ ਬਾਬਾ ਕਰਤਾਰ ਸਿੰਘ ਜੀ 'ਠੱਟੇ ਟਿੱਬੇ ਵਾਲਿਆਂ' ਨੇ ਇਕ ੧੪੦ ਫੁੱਟ ਲੰਬਾ ਅਤੇ ੧੦੦ ਫੁੱਟ ਚੌੜਾ ਵਿਸ਼ਾਲ 'ਦੀਵਾਨ ਹਾਲ' ਬਣਾ ਕੇ ਇਕ ੨੦ ਫੁੱਟ ਲੰਮੀ ਤੇ ੧੫ ਫੁੱਟ ਚੌੜੀ ਸਟੇਜ ਬਣਾ ਦਿੱਤੀ। ਇਸ ਦੇ ਚਹੁੰ ਪਾਸੀਂ ੧੫ ਫੁੱਟ ਚੌੜਾ ਬਰਾਂਡਾ ਹੈ। ਸਟੇਜ ਦੇ ਦੋਵੇਂ ਪਾਸੇ ਇਕ-ਇਕ ਕਮਰਾ ਹੈ, ਜਿੱਥੇ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ ਅਤੇ ਦੂਜੇ ਕਮਰੇ ਵਿਚ ਲੋੜੀਂਦਾ ਸਾਮਾਨ ਰੱਖਿਆ ਹੋਇਆ ਹੈ। ਇਸ ਦੇ ਅੰਦਰਲੇ ਪਾਸੇ ਪਹਿਲੀ ਮੰਜ਼ਲ 'ਤੇ ਚਾਰੇ ਪਾਸੇ ਗੈਲਰੀ ਵੀ ਬਣਾਈ ਗਈ ਹੈ ਜਿਸ ਨੂੰ ਸੰਗਤ ਦੀ ਸਹੂਲਤ ਲਈ ਸਮੇਂ-ਸਮੇਂ ਵਰਤਿਆ ਵੀ ਜਾਂਦਾ ਹੈ। ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਹਾਲ ਵਿਖੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਰੋਜ਼ਾਨਾ ਦੇ 'ਮੁੱਖ ਵਾਕ' ਦੀ ਕਥਾ ਅਤੇ ਸ਼ਾਮ ਨੂੰ ਸਿੱਖ ਇਤਿਹਾਸ ਅਤੇ ਗੁਰ ਇਤਿਹਾਸ ਨਾਲ ਸੰਬੰਧਿਤ ਕਥਾ ਦੇ ਦੀਵਾਨ ਸਜਦੇ ਹਨ।

ਇਸ ਰੋਜ਼ਾਨਾ ਦੀ ਮਰਿਆਦਾ ਤੋਂ ਇਲਾਵਾ ਸਿੱਖ ਧਰਮ ਅਤੇ ਪੰਜਾਬ ਦੇ ਇਤਿਹਾਸ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿਚ ਲੱਗੇ ਵੱਖ-ਵੱਖ ਅਕਾਲੀ ਮੋਰਚਿਆਂ, ਪੰਜਾਬੀ ਸੂਬਾ ਮੋਰਚਾ, ਸਿੰਘ ਸਭਾ ਲਹਿਰ ਆਦਿ ਵਰਗੀਆਂ ਪੰਥਕ, ਧਾਰਮਿਕ ਅਤੇ ਰਾਜਸੀ ਗਤੀਵਿਧੀਆਂ ਤਹਿਤ ਸਿੱਖ ਆਗੂਆਂ ਵੱਲੋਂ ਗ੍ਰਿਫਤਾਰੀਆਂ ਦੇਣ ਸਮੇਂ ਇਸੇ ਅਸਥਾਨ 'ਤੇ ਰਣਨੀਤੀਆਂ ਘੜਨ ਲਈ ਇਕੱਠ ਕੀਤੇ ਜਾਂਦੇ ਸਨ। ਇਸ ਲੜੀ ਵਿਚ ਇਸ ਮਹਾਨ ਅਸਥਾਨ ਦੀ ਮਹੱਤਤਾ ਅੱਜ ਵੀ ਬਰਕਰਾਰ ਹੈ।

ਵਰਤਮਾਨ ਸਮੇਂ ਵਿਚ ਇਸ ਅਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਵੱਖ-ਵੱਖ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ, ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ, ਬੰਦੀ-ਛੋੜ ਦਿਵਸ (ਦੀਵਾਲੀ) ਤੋਂ ਇਲਾਵਾ ਭਗਤ ਸਾਹਿਬਾਨ ਨਾਲ ਸੰਬੰਧਿਤ ਦਿਹਾੜੇ, ਗੁਰੂ-ਘਰ ਦੇ ਸਿੱਖਾਂ ਦੇ ਦਿਹਾੜੇ ਤੇ ਸਿੱਖ ਯੋਧਿਆਂ ਦੇ ਸ਼ਹੀਦੀ ਦਿਹਾੜੇ ਸ਼ਾਮਲ ਹਨ। ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਵੱਲੋਂ ਵੱਖ-ਵੱਖ ਸਕੂਲੀ ਬੱਚਿਆਂ ਦੇ ਕੀਰਤਨ, ਕਵਿਤਾ, ਕਵੀਸ਼ਰੀ ਅਤੇ ਭਾਸ਼ਣ ਮੁਕਾਬਲੇ ਆਦਿ ਵੀ ਇਸ ਅਸਥਾਨ 'ਤੇ ਕਰਵਾਏ ਜਾਂਦੇ ਹਨ। ਕੀਰਤਨ ਪਰੰਪਰਾ ਵਿਚ ਰਾਗਾਂ ਨੂੰ ਪ੍ਰਫੁਲਿਤ ਕਰਨ ਲਈ 'ਰਾਗ ਦਰਬਾਰ' ਦਾ ਆਯੋਜਨ ਵੀ ਸਮੇਂ-ਸਮੇਂ ਇਸ ਅਸਥਾਨ 'ਤੇ ਕੀਤਾ ਜਾਂਦਾ ਹੈ। ਇੱਥੇ ਹਰ ਸਾਲ ਨਵਾਂ ਨਾਨਕਸ਼ਾਹੀ ਸੰਮਤ ਚੜ੍ਹਨ ਸਮੇਂ ਵਿਸ਼ੇਸ਼ ਗੁਰਮਤਿ ਸਮਾਗਮ ਵੀ ਕਰਵਾਏ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਰਮੀਆਂ ਵਿਚ ਸੰਗਤ ਦੀ ਸਹੂਲਤ ਲਈ ਇਸ ਅਸਥਾਨ ਨੂੰ ਵਾਤਾ-ਅਨੁਕੂਲ (ਏਅਰ ਕੰਡੀਸ਼ਨਡ) ਕਰ ਦਿੱਤਾ ਗਿਆ ਹੈ।

ਪੰਥ-ਪ੍ਰਸਿੱਧ ਕਥਾਵਾਚਕ ਗਿਆਨੀ ਸੰਤ ਸਿੰਘ ਮਸਕੀਨ ਵੀ ਆਪਣੀ ਹਯਾਤੀ ਦੌਰਾਨ ਇਸੇ ਅਸਥਾਨ 'ਤੇ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ ਤੋਂ ਬੰਦੀ ਛੋੜ ਦਿਵਸ (ਦੀਵਾਲੀ) ਤਕ ਗੁਰਮਤਿ ਕਥਾ ਦੀ ਸੇਵਾ ਵੀ ਨਿਭਾਉਂਦੇ ਰਹੇ ਹਨ। ਸੰਗਤ ਦੀ ਮੰਗ ਨੂੰ ਮੁੱਖ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੋਂ ਆਏ ਰੋਜ਼ਾਨਾ ਦੇ ਮੁੱਖ ਵਾਕ ਦੀ ਕਥਾ ਦਾ ਸਿੱਧਾ ਪ੍ਰਸਾਰਣ ਇਸੇ ਅਸਥਾਨ ਤੋਂ ਸਵੇਰ ਵੇਲੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਤੋਂ ਤੁਰੰਤ ਬਾਅਦ ਹਰ ਰੋਜ਼ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਦੇਸ਼ਾਂ-ਵਿਦੇਸ਼ਾਂ ਵਿਚ ਬੈਠੀ ਨਾਨਕ ਨਾਮਲੇਵਾ ਸੰਗਤ ਭਰਪੂਰ ਲਾਹਾ ਲੈ ਰਹੀ ਹੈ।

## ਸਹਾਇਕ ਸ੍ਰੋਤ ਸੂਚੀ:

੧. *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*: ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ

੨. *ਇਤਿਹਾਸ ਸ੍ਰੀ ਹਰਿਮੰਦਰ ਸਾਹਿਬ* : ਮਹਿੰਦਰ ਸਿੰਘ (ਢਿੱਲੋਂ)

੩. *ਸਿੱਖ ਪੰਥ ਵਿਸ਼ਵ ਕੋਸ਼* : ਡਾ. ਰਤਨ ਸਿੰਘ ਜੱਗੀ

੪. ਸ਼ਹੀਦ ਗੰਜ ਦੇ ਥੜ੍ਹੇ 'ਤੇ ਲੱਗੀ ਇਤਿਹਾਸਿਕ ਸਿਲ੍ਹ

੫. ਮੰਜੀ ਸਾਹਿਬ ਦੇ ਅਸਥਾਨ 'ਤੇ ਲੱਗੀ ਸਿਲ੍ਹ

■

# ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚੇ ਸਮੇਂ ਪੁਲਿਸ ਹਮਲੇ ਦੀ ਗਾਥਾ

*-ਸ. ਹਰਵਿੰਦਰ ਸਿੰਘ ਖਾਲਸਾ**

ਪਰਕਰਮਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜਾ ਕੇ ਪੁਲਿਸ ਨੇ ਅਕਾਲੀ ਪਾਰਟੀ ਦੇ ਹਾਮੀਆਂ ਨੂੰ ਜ਼ੰਜੀਰਾਂ, ਸੀਖਾਂ, ਹਥਕੜੀਆਂ ਵਿਚ ਨੂੜ ਦਿੱਤਾ। ਉਨ੍ਹਾਂ ਦੀ ਤਕਰੀਰ ਦੀ ਆਜ਼ਾਦੀ ਤੇ ਸ਼ਹਿਰੀ ਹੱਕਾਂ ਨੂੰ ਖੋਹ ਲਿਆ। ਪਿਆਰੇ ਗੁਰਧਾਮਾਂ ਦੀ ਬੇਅਦਬੀ, ਗੋਲੀਆਂ, ਟੀਅਰ ਗੈਸਾਂ, ਲਾਠੀਚਾਰਜ ਉਨ੍ਹਾਂ ਅਮਨ-ਪਸੰਦ ਲੋਕਾਂ ਉੱਪਰ ਕਰ ਕੇ ਤੁਹਾਡੀ ਸੱਚਰ ਸਰਕਾਰ ਨੇ ਕੋਈ ਚੰਗਾ ਨਾਂ ਨਹੀਂ ਖੱਟਿਆ।

ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਦਸ ਸਾਥੀਆਂ ਵੱਲੋਂ ੧੦ ਮਈ, ੧੯੫੫ ਈ. ਨੂੰ ਗ੍ਰਿਫ਼ਤਾਰੀਆਂ ਦੇ ਨਾਲ ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ ਸ਼ੁਰੂ ਹੋ ਗਿਆ। ਉਸ ਸਮੇਂ ਪੰਜਾਬ ਦਾ ਮੁੱਖ ਮੰਤਰੀ ਭੀਮ ਸੈਨ ਸੱਚਰ ਸੀ। ਕਾਂਗਰਸੀ ਨੇਤਾ ਸ. ਪਰਤਾਪ ਸਿੰਘ ਕੈਰੋਂ ਨੇ ਦਿੱਲੀ ਦੇ ਕਾਂਗਰਸੀ ਨੇਤਾਵਾਂ ਨੂੰ ਕਿਹਾ ਕਿ ਅਕਾਲੀ ਦਲ ਦੇ ਕੋਲ ਕੋਈ ੧੫੦੦ ਬੰਦੇ ਹਨ ਜੋ ਗ੍ਰਿਫ਼ਤਾਰੀ ਦੇ ਕੇ ਆਪੇ ਚੁੱਪ ਕਰ ਜਾਣਗੇ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੇ ਨਾਲ ਧੜਾ-ਧੜ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ ਅਤੇ ੩੦ ਜੂਨ, ੧੯੫੫ ਈ. ਤਕ ਗ੍ਰਿਫ਼ਤਾਰੀਆਂ ਦੀ ਗਿਣਤੀ ੮੧੬੪ ਤਕ ਪਹੁੰਚ ਗਈ। ਪੰਜਾਬ ਦੀਆਂ ਜੇਲ੍ਹਾਂ ਅਕਾਲੀ ਸਿੰਘਾਂ ਨਾਲ ਭਰ ਗਈਆਂ ਅਤੇ ਪੰਜਾਬ ਵਿਚ ਹਰ ਪਾਸੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਗੂੰਜਣ ਲੱਗੇ। ਮੋਰਚੇ ਦੀ ਚੜ੍ਹਦੀ ਕਲਾ ਅਤੇ ਸਿੰਘਾਂ ਦਾ ਜੋਸ਼ ਵੇਖ ਕੇ ਪੰਜਾਬ ਸਰਕਾਰ ਘਬਰਾ ਗਈ। ਮੁੱਖ ਮੰਤਰੀ ਭੀਮ ਸੈਨ ਸੱਚਰ ਦੀ ਮਾਨਸਿਕ ਸਥਿਤੀ ਡਾਵਾਂਡੋਲ ਹੋ ਗਈ ਪਰ ਮੁੱਖ ਮੰਤਰੀ ਨੇ ਅਕਾਲੀਆਂ ਨੂੰ ਤੇ ਮੋਰਚੇ ਨੂੰ ਕੁਚਲ ਦੇਣ ਦਾ ਫੁੰਕਾਰਾ ਨਾ ਛੱਡਿਆ। ਪੰਜਾਬ ਦਾ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਜਲੰਧਰ ਡਵੀਜ਼ਨ ਦਾ ਡੀ.ਆਈ.ਜੀ. ਪੁਲਿਸ ਮਹਾਸ਼ਾ ਅਸ਼ਵਨੀ ਕੁਮਾਰ ੧ ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਨ। ਉਨ੍ਹਾਂ ਨੇ ਸਥਾਨਕ ਅਫਸਰਾਂ ਨਾਲ ਮਿਲ ਕੇ ਮੀਟਿੰਗ ਕੀਤੀ ਅਤੇ ਅਕਾਲੀ ਦਲ ਦੇ ਮੋਰਚੇ ਨੂੰ ਪੂਰੀ ਸਖਤੀ ਨਾਲ ਦਬਾ ਦੇਣ ਦਾ ਫੈਸਲਾ ਕੀਤਾ। ਡੀ.ਆਈ.ਜੀ. ਅਸ਼ਵਨੀ ਕੁਮਾਰ ਨੇ ਮੁੱਖ ਮੰਤਰੀ ਨੂੰ

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੨੦੧। ਮੋ: +੯੧੯੮੧੫੫-੩੩੭੨੫*

ਕਿਹਾ ਕਿ ਤੁਸੀਂ ਮੈਨੂੰ ੫ ਦਿਨ ਕਾਰਵਾਈ ਕਰਨ ਦੀ ਪੂਰੀ ਇਜਾਜ਼ਤ ਦਿਓ ਤਾਂ ਮੈਂ ਇਸ ਮੋਰਚੇ ਨੂੰ ਕੁਚਲ ਦਿਆਂਗਾ। ਸਰਕਾਰ ਵੱਲੋਂ ਅਸ਼ਵਨੀ ਕੁਮਾਰ ਨੂੰ ਹਰੀ ਝੰਡੀ ਮਿਲਣ 'ਤੇ ਉਸ ਨੇ ੪ ਤੋਂ ੯ ਜੁਲਾਈ ਤਕ ੫ ਦਿਨ ਚੁਣੇ। ਸ੍ਰੀ ਦਰਬਾਰ ਸਾਹਿਬ ਕੰਪਲੈੱਕਸ ਵਿਚ ਕਾਰਵਾਈ ਕਰਨ ਤੋਂ ਪਹਿਲਾਂ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ੨੪ ਬੰਦੂਕਾਂ ਜਬਤ ਕਰ ਲਈਆਂ ਅਤੇ ਲਾਇਸੰਸ ਕੈਂਸਲ ਕਰ ਦਿੱਤੇ। ਅਜ਼ਾਦ ਭਾਰਤ ਵਿਚ ਮਹਾਸ਼ਾ ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਕੀਤੀ ਜਾਣ ਵਾਲੀ ਕਾਰਵਾਈ ਤੋਂ ਪਹਿਲਾਂ ਚਿੱਟ ਕੱਪੜੀ ਪੁਲਿਸ ਦੀਵਾਨ-ਸਥਾਨ ਅਤੇ ਪਰਕਰਮਾ ਵਿਚ ਭੇਜੀ ਗਈ। ਸੰਗਤ ਨੂੰ ਪਤਾ ਲੱਗਣ 'ਤੇ ਸੰਗਤ ਨੇ ਚਿੱਟ ਕੱਪੜੀ ਪੁਲਿਸ ਵਾਲਿਆਂ ਨੂੰ ਫਿਟਕਾਰਾਂ ਪਾਈਆਂ ਅਤੇ ਪਰਕਰਮਾ ਤੋਂ ਬਾਹਰ ਜਾਣ ਲਈ ਮਜ਼ਬੂਰ ਕਰ ਦਿੱਤਾ। ਪਰ ਮਹਾਸ਼ਾ ਅਸ਼ਵਨੀ ਕੁਮਾਰ ਦੀ ਪੁਲਿਸ ਕਾਰਵਾਈ ੩ ਤੇ ੪ ਜੁਲਾਈ ਦੀ ਅੱਧੀ ਰਾਤ ਨੂੰ ਸ਼ੁਰੂ ਹੋਈ। ਪੁਲਿਸ ਦੀਆਂ ਵੱਖ-ਵੱਖ ਟੋਲੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਅੱਛਰ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਮੈਨੇਜਰ ਸਰਦਾਰ ਗੁਰਦਿਆਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰੋ. ਹਰਭਜਨ ਸਿੰਘ ਆਦਿ ਬਿਨਾਂ ਵਰੰਟਾਂ ਤੋਂ ਮਕਾਨਾਂ 'ਤੇ ਛਾਪੇ ਮਾਰ ਕੇ ਗ੍ਰਿਫ਼ਤਾਰ ਕਰ ਲਏ। ਜਦ ਸਿੰਘ ਸਾਹਿਬ ਗਿਆਨੀ ਭੁਪਿੰਦਰ ਜੀ ਦੀ ਗ੍ਰਿਫ਼ਤਾਰੀ ਲਈ ਰਾਤ ਦੇ ਸਾਢੇ ਬਾਰ੍ਹਾਂ ਵਜੇ ਪੁਲਿਸ ਉਨ੍ਹਾਂ ਦੇ ਮਕਾਨ 'ਤੇ ਪਹੁੰਚੀ ਤਾਂ ਉਨ੍ਹਾਂ ਪੁੱਛਿਆ, "ਮੇਰੇ ਵਰੰਟ ਕਿੱਥੇ ਹਨ?" ਉੱਤਰ ਵਿਚ ਪੁਲਿਸ ਪਾਰਟੀ ਦੇ ਇੰਚਾਰਜ ਥਾਣੇਦਾਰ ਨੇ ਕਿਹਾ ਕਿ, "ਮੈਂ ਆਪ ਹੀ ਵਰੰਟ ਹਾਂ।"

ਇਤਿਹਾਸ ਵਿਚ ਪਹਿਲੀ ਵਾਰ ਮੁਗ਼ਲ ਰਾਜ ਸਮੇਂ ਸ੍ਰੀ ਦਰਬਾਰ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੂਜਾ ਸਮਾਂ ਉਹ ਆਇਆ ਜਦੋਂ ਅਸੀਂ ਆਪਣੇ ਆਪ ਨੂੰ ਅਜ਼ਾਦ ਭਾਰਤ ਦੇ ਵਾਸੀ ਆਖਦੇ ਹਾਂ। ਅਜ਼ਾਦ ਭਾਰਤ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਕਾਂਗਰਸ ਸਰਕਾਰ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਡੱਕਣਾ ਜ਼ਰੂਰੀ ਸਮਝਿਆ।

ਮਹਾਸ਼ਾ ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਅਸਲ ਵੱਡੀ ਕਾਰਵਾਈ ਸਵੇਰੇ ੩-੪ ਵਜੇ ਸ਼ੁਰੂ ਹੋਈ ਜਦੋਂ ਹਜ਼ਾਰਾਂ ਪੁਲਸੀਆਂ ਨੇ ਧਾਵਾ ਬੋਲ ਦਿੱਤਾ। ਸ੍ਰੀ ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਇਨ੍ਹਾਂ ਨਾਕਿਆਂ 'ਤੇ ਸਖਤ ਪੁਲਿਸ ਦਾ ਪਹਿਰਾ ਲਗਾ ਕੇ ਸ੍ਰੀ ਗੁਰੂ ਰਾਮਦਾਸ ਸਰਾਂ, ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਫ਼ਤਰ ਸ਼੍ਰੋਮਣੀ ਅਕਾਲੀ ਦਲ ਉੱਪਰ ਇੱਕੋ ਸਮੇਂ ਹਮਲਾ ਕੀਤਾ ਗਿਆ। ਗੁਰੂ ਰਾਮਦਾਸ ਸਰਾਂ ਵਿਚ ਉਸ ਸਮੇਂ ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਅਤੇ ਕੁਝ ਹੋਰ ਥਾਵਾਂ ਦੇ ਸਿੰਘ ਜੋ ਜਥਿਆਂ ਨੂੰ ਲੈ ਕੇ ਆਏ ਸਨ, ਸੁੱਤੇ ਪਏ

ਸਨ। ਇਨ੍ਹਾਂ ਸਾਰਿਆਂ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਸਾਰੇ ਸਿੰਘਾਂ ਨੂੰ ਟਰੱਕਾਂ ਵਿਚ ਬਿਠਾ ਕੇ ਪਹਿਲਾਂ ਕੋਤਵਾਲੀ ਤੇ ਫਿਰ ਜੇਲ੍ਹ ਪਹੁੰਚਾ ਦਿੱਤਾ ਗਿਆ। ਸਰਾਂ ਵਿੱਚੋਂ ਗ੍ਰਿਫ਼ਤਾਰ ਹੋਣ ਵਾਲਿਆਂ ਵਿਚ ਪੈਪਸੂ ਰਿਆਸਤੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਜਿੰਦਰ ਸਿੰਘ, ਦਿੱਲੀ ਦੇ ਜਥੇਦਾਰ ਸ. ਅਵਤਾਰ ਸਿੰਘ (ਕੋਹਲੀ) ਅਤੇ ਸ਼ਾਹਦਰੇ ਦੇ ਸ. ਹੁਕਮ ਸਿੰਘ ਜੀ ਵੀ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚੋਂ ਮਾਸਟਰ ਤਾਰਾ ਸਿੰਘ ਦੇ ਕੁੜਮ ਸ. ਬਖਸ਼ੀਸ਼ ਸਿੰਘ, ਸ. ਹਰਨਾਮ ਸਿੰਘ 'ਨਿਰਾਸ' ਗੁਜਰਖਾਨੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿਰਕਰਦਾ ਨੇਤਾ ਸ. ਸਤਿਬੀਰ ਸਿੰਘ (ਪ੍ਰਿੰ.) ਐਮ.ਏ. ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੇ ਸ. ਸਤਿਬੀਰ ਸਿੰਘ ਦੇ ਸਾਰੇ ਕਾਗਜ਼-ਪੱਤਰ ਕਬਜ਼ੇ ਵਿਚ ਕਰ ਲਏ, ਪੁਲਿਸ ਵੱਲੋਂ ਸਾਰੇ ਕਾਗਜ਼-ਪੱਤਰਾਂ ਦੀ ਕਈ ਦਿਨ ਪੁਣ-ਛਾਣ ਹੁੰਦੀ ਰਹੀ ਪਰ ਪੁਲਿਸ ਦੇ ਹੱਥ ਕੁਝ ਵੀ ਨਾ ਆਇਆ।

ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਜਿੰਨੇ ਵੀ ਸੇਵਾਦਾਰ ਸਨ, ਪੁਲਿਸ ਨੇ ਸਾਰੇ ਗ੍ਰਿਫ਼ਤਾਰ ਕਰ ਲਏ। ਦਫ਼ਤਰ ਤੇ ਦਫ਼ਤਰ ਦੀਆਂ ਸਾਰੀਆਂ ਅਲਮਾਰੀਆਂ ਦੇ ਤਾਲੇ ਤੋੜ ਕੇ ਫੋਲਾ-ਫਰਾਲੀ ਕੀਤੀ ਗਈ। ਪੁਲਿਸ ਨੇ ਗੁਰੂ ਰਾਮਦਾਸ ਸਰਾਂ ਵਿਚ ਜਥਿਆਂ ਦੇ ਮੈਂਬਰਾਂ ਤੋਂ ਬਿਨਾਂ ਤੇ ਸਾਰੇ ਯਾਤਰੂਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਿਸ ਵਿਚ ਸ. ਗੁਰਬਚਨ ਸਿੰਘ ਕਲਸੀਆਂ ਵੀ ਸਨ। ਪੁਲਿਸ ਨੇ ਪੁੱਛ-ਪੜਤਾਲ ਕਰ ਕੇ ਉਨ੍ਹਾਂ ਯਾਤਰੂਆਂ ਅਤੇ ਸ. ਗੁਰਬਚਨ ਸਿੰਘ ਕਲਸੀਆਂ ਨੂੰ ਵੀ ਛੱਡ ਦਿਤਾ। ਜਦ ਕਿ ਗੁਰਬਚਨ ਸਿੰਘ ਕਲਸੀਆਂ ਮੋਰਚੇ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਸਨ। ਪੁਲਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਵਾ ਹਰਕਿਸ਼ਨ ਸਿੰਘ ਤੇ ਹੁਕਮ ਸਿੰਘ ਜੀ ਜੋ ਉੱਥੇ ਹੀ ਸਨ, ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕੀਤਾ। ਮਹਾਸ਼ਾ ਅਸ਼ਵਨੀ ਕੁਮਾਰ ਨੇ ਇਹ ਪੁਲਿਸ ਕਾਰਵਾਈ ਇਸ ਲਈ ਕੀਤੀ ਕਿ ਸ੍ਰੀ ਅੰਮ੍ਰਿਤਸਰ ਜਥਿਆਂ ਵਿਚ ਜਾਣ ਵਾਲੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਤੇ ਘੱਟੋ-ਘਟ ਤੇ ਉਸ ਦਿਨ ਕੋਈ ਸਿੰਘ ਗ੍ਰਿਫ਼ਤਾਰੀ ਦੇਣ ਲਈ ਨਹੀਂ ਜਾਵੇਗਾ ਤੇ ਫਿਰ ਮੋਰਚੇ ਨੂੰ ਕੁਚਲ ਦੇਣ ਦਾ ਐਲਾਨ ਕਰ ਦਿੱਤਾ ਜਾਵੇਗਾ। ਉਹ ਇਸ ਗੱਲ ਨੂੰ ਸਮਝਦਾ ਸੀ ਕਿ ਜਦ ਤਕ ਦੀਵਾਨ ਨੂੰ ਨਾ ਰੋਕਿਆ ਜਾਵੇ ਮੋਰਚੇ ਨੂੰ ਫੇਲ ਨਹੀਂ ਕੀਤਾ ਜਾ ਸਕਦਾ। ਇਸ ਲਈ ਉਸ ਨੇ ਅਗਲਾ ਕਦਮ ਮੰਜੀ ਸਾਹਿਬ ਤੇ ਦੀਵਾਨ ਅਸਥਾਨ 'ਤੇ ਕਬਜ਼ਾ ਕਰਨ ਲਈ ਪੁਲਿਸ ਕਾਰਵਾਈ ਨੂੰ ਅੱਗੇ ਵਧਾਉਣਾ ਸ਼ੁਰੂ ਕੀਤਾ। ਸਿਖਰ ਦੁਪਹਿਰੇ ਡਾਂਗਾਂ, ਬੰਦੂਕਾਂ, ਪਸਤੌਲਾਂ ਅਤੇ ਟੀਅਰ ਗੈਸ ਨਾਲ ਲੈ ਕੇ ਪੁਲਿਸ ਦੇ ਹਜ਼ਾਰਾਂ ਆਦਮੀ ਧਾਵਾ ਕਰਨ ਲਈ ਪਹੁੰਚ ਗਏ। ਲਾਊਡ ਸਪੀਕਰ 'ਤੇ ਐਲਾਨ ਕਰ ਦਿੱਤਾ ਗਿਆ ਕਿ ਮੰਜੀ ਸਾਹਿਬ 'ਤੇ ਦਫ਼ਾ-੧੪੪ ਲੱਗੀ ਹੋਈ ਹੈ, ਇਸ ਲਈ ਇਸ ਥਾਂ ਦੀਵਾਨ ਨਹੀਂ ਹੋਣ ਦਿੱਤਾ ਜਾਵੇਗਾ। ਸਿੱਖ ਸੰਗਤ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋ ਚੁਕੀ ਸੀ। ਸੰਗਤ ਵਿਚ ਪੁਲਿਸ ਦੀ ਇਸ ਕਾਰਵਾਈ ਵਿਰੁੱਧ

ਗੁੱਸੇ ਦੀ ਲਹਿਰ ਸੀ। ਸ. ਹੁਕਮ ਸਿੰਘ ਦੇ ਕਹਿਣ 'ਤੇ ਸਿੱਖ ਸੰਗਤ ਸ਼ਾਂਤੀ ਨਾਲ ਸ਼ਬਦ ਪੜ੍ਹੀ ਜਾ ਰਹੀ ਸੀ। ਇੰਨੇ ਨੂੰ ਫੌਜ ਦੇ ਇਕ ਦਸਤੇ ਨੇ ਆ ਕੇ ਗੁਰੂ ਰਾਮਦਾਸ ਸਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਾਹਮਣੇ ਸੜਕ ਉਤੇ ਫ਼ਲੈਗ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਸ਼ਾਂਤ ਸੁਭਾਅ ਬਾਵਾ ਹਰਕਿਸ਼ਨ ਸਿੰਘ ਗੁੱਸੇ ਵਿਚ ਆ ਗਏ ਅਤੇ ਜੈਕਾਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਨਾਲ ਸੰਗਤ ਵੀ ਜੋਸ਼ ਵਿਚ ਆ ਗਈ। ਹਾਲਾਤ ਵਿਗੜਦੇ ਦੇਖ ਕੇ ਫੌਜ ਨੂੰ ਵਾਪਸ ਭੇਜਿਆ ਪਰ ਪੁਲਿਸ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਸਾਰਾ ਰਾਹ ਸਿੰਘਾਂ-ਸਿੰਘਣੀਆਂ ਨੇ ਰੋਕਿਆ ਹੋਇਆ ਸੀ। ਸੰਗਤਾਂ ਸ਼ਾਂਤਮਈ ਰਹਿੰਦੀਆਂ ਹੋਈਆਂ ਹਰ ਮੁਕਾਬਲਾ ਕਰਨ ਲਈ ਤਿਆਰ ਸਨ। ਪੁਲਿਸ ਨੇ ਅੱਥਰੂ ਗੈਸ ਤੇ ਡਾਂਗਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ। ਪੁਲਿਸ ਮੰਜੀ ਸਾਹਿਬ ਤੇ ਦੀਵਾਨ ਅਸਥਾਨ ਉਤੇ ਪਹੁੰਚ ਗਈ ਅਤੇ ਅੰਧਾ-ਧੁੰਦ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਸੰਗਤ ਵਿਚ ਕਈ ਸਿੰਘ ਜ਼ਖ਼ਮੀ ਹੋ ਗਏ। ਪੁਲਿਸ ਅੱਗੇ ਵੱਧਦੀ ਗਈ। ਦਰਬਾਰ ਸਾਹਿਬ ਦੀ ਪਰਕਰਮਾ ਵਿਚ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਗੈਸ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੇਠਲੀ ਤੇ ਉਪਰਲੀ ਮੰਜ਼ਿਲ ਵਿਚ ਵੀ ਪੁੱਜ ਗਈ ਜਿਸ ਦਿਨ ਕੀਰਤਨ ਅਤੇ ਅਖੰਡ ਪਾਠ ਸਾਹਿਬ ਕਰਨ ਵਾਲੇ ਸਿੰਘਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਪੁਲਿਸ ਵੱਲੋਂ ਚਲਾਈਆਂ ਗੋਲੀਆਂ ਦੀ ਮਾਰ ਸ੍ਰੀ ਅਕਾਲ ਤਖਤ ਸਾਹਿਬ ਤਕ ਗਈ।

ਮਹਾਸ਼ਾ ਅਸ਼ਵਨੀ ਕੁਮਾਰ ਡੀ. ਆਈ. ਜੀ. ਵੱਲੋਂ ਕੀਤੇ ਤਸ਼ੱਦਦ ਨਾਲ ਸਿੱਖ ਜਗਤ ਤੜਫ ਉਠਿਆ ਅਤੇ ਇਸ ਸਮੇਂ ਕਾਂਗਰਸੀ ਸਿੱਖ ਵੀ ਰੋਣ ਤੋਂ ਨਹੀਂ ਰਹਿ ਸਕੇ। ਪੁਲਿਸ ਨੇ ਮੰਜੀ ਸਾਹਿਬ, ਲੰਗਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ ਕਰ ਲਿਆ ਅਤੇ ਪਰਕਰਮਾ ਵਿਚ ਜਾਣ ਵਾਲਾ ਦਰਵਾਜ਼ਾ ਬੰਦ ਕਰ ਦਿੱਤਾ। ਇੰਨਾ ਤਸ਼ੱਦਦ ਕਰਨ ਦੇ ਬਾਵਜੂਦ ਪੁਲਿਸ ਗ੍ਰਿਫ਼ਤਾਰੀਆਂ ਦੇਣ ਵਾਲਿਆਂ ਨੂੰ ਨਾ ਰੋਕ ਸਕੀ। ਨੌਜਵਾਨ ਵੀਰ ਜੈਕਾਰੇ ਛੱਡ ਰਹੇ ਸਨ ਤਾਂ ਉਥੇ ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਬੂਟਾ ਸਿੰਘ ਅਤੇ ਜਥੇਦਾਰ ਤਾਰਾ ਸਿੰਘ ਠੇਠਰ ਪਹੁੰਚ ਗਏ। ਉਸ ਦਿਨ ੬੩ ਨੌਜਵਾਨਾਂ ਨੇ ਗ੍ਰਿਫਤਾਰੀ ਦਿੱਤੀ। ਸਰਕਾਰ ਵੱਲੋਂ ਅਖਬਾਰਾਂ ਵਿਚ ਮੋਰਚੇ ਸੰਬੰਧੀ ਖ਼ਬਰਾਂ ਛਾਪਣ 'ਤੇ ਪਾਬੰਦੀ ਲਗਾਈ ਗਈ। ਮਹਾਸ਼ਾ ਅਸ਼ਵਨੀ ਕੁਮਾਰ ਡੀ.ਆਈ.ਜੀ. ਅਤੇ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਦੀ ਯੋਜਨਾ ਠੁੱਸ ਹੋ ਗਈ। ਮੋਰਚਾ ਨਿਰਵਿਘਨ ਜਾਰੀ ਰਿਹਾ ਅਤੇ ੫ ਜੁਲਾਈ, ੧੯੫੫ ਈ. ਨੂੰ ਸ. ਪੂਰਨ ਸਿੰਘ ਅੰਮ੍ਰਿਤਸਰ ਦੀ ਜਥੇਦਾਰੀ ਹੇਠ ੫੨ ਸਿੰਘਾਂ ਨੇ ੬ ਜੁਲਾਈ ਨੂੰ ਡਾਕਟਰ ਨਰਿੰਜਨ ਸਿੰਘ ਅਤੇ ਭਾਗ ਸਿੰਘ ਦੀ ਅਗਵਾਈ ਵਿਚ ੪੪ ਸਿੰਘਾਂ ਨੇ ੭ ਜੁਲਾਈ ਨੂੰ ਸ. ਹਜ਼ਾਰਾ ਸਿੰਘ ਹੁਸ਼ਿਆਰਪੁਰੀ ਦੀ ਜਥੇਦਾਰੀ ਹੇਠ ੫੬ ਸਿੰਘਾਂ ਨੇ ੮ ਜੁਲਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਚੰਦ ਸਿੰਘ ਦੀ ਅਗਵਾਈ ਵਿਚ ੫੩ ਸਿੰਘਾਂ ਨੇ ਗ੍ਰਿਫਤਾਰੀ ਦਿੱਤੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ੯ ਜੁਲਾਈ ਨੂੰ ਪਹਿਲਾਂ ਹੀ ਮਾਈ ਭਾਗੋ ਦਿਨ

ਮਨਾਉਣ ਦਾ ਐਲਾਨ ਕੀਤਾ ਜਾ ਚੁਕਿਆ ਸੀ। ਇਸ ਦਿਨ ਬੀਬੀ ਗੁਰਦਿਆਲ ਕੌਰ ਕਲਕੱਤਾ ਦੀ ਅਗਵਾਈ ਵਿਚ ੧੩੯ ਬੀਬੀਆਂ ਦਾ ਜਥਾ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਹੋਇਆ ਸ਼ਹਿਰ ਵਿਚ ਇੱਕ ਕਿਲੋਮੀਟਰ ਦਾ ਗੇੜਾ ਲਗਾ ਕੇ ਵਾਪਸ ਆ ਗਿਆ, ਪੁਲਿਸ ਨੇ ਜਥੇ ਨੂੰ ਗ੍ਰਿਫ਼ਤਾਰ ਨਾ ਕੀਤਾ।

ਡੀ. ਆਈ. ਜੀ. ਅਸ਼ਵਨੀ ਕੁਮਾਰ ਨੇ ਮੁੱਖ ਮੰਤਰੀ ਭੀਮ ਸੈਨ ਸੱਚਰ ਤੋਂ ਪੰਜ ਦਿਨ ਦਾ ਸਮਾਂ ਮੰਗਿਆ ਸੀ। ਅਸ਼ਵਨੀ ਕੁਮਾਰ ਨੇ ੪ ਜੁਲਾਈ ਨੂੰ ਆਪਣੀ ਪੁਲਿਸ ਦੀ ਸਾਰੀ ਤਾਕਤ ਵਰਤ ਕੇ ਭਿਆਨਕ ਅੱਤਿਆਚਾਰ ਜਿਸ ਮਕਸਦ ਲਈ ਕੀਤੇ ਸਨ, ਉਹ ਪੂਰਾ ਨਾ ਹੋ ਸਕਿਆ। ਉਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਅਥਵਾ ਦੀਵਾਨ ਅਸਥਾਨ 'ਤੇ ਕਬਜ਼ਾ ਕਰ ਕੇ ਅਤੇ ਦਰਬਾਰ ਸਾਹਿਬ ਦੀ ਨਾਕਾਬੰਦੀ ਕਰ ਕੇ ਉਹ ਮੋਰਚੇ ਨੂੰ ਫੇਲ੍ਹ ਕਰਨ ਵਿਚ ਕਾਮਯਾਬ ਹੋ ਜਾਏਗਾ। ਇਸ ਲਈ ਉਸ ਨੇ ਪੁਲਿਸ ਐਕਸ਼ਨ ਦੇ ਨਾਲ ਹੀ ਮੰਜੀ ਸਾਹਿਬ ਵਿਚ ਛਾਉਣੀ ਪਾ ਲਈ। ਸ੍ਰੀ ਗੁਰੂ ਰਾਮਦਾਸ ਲੰਗਰ, ਪ੍ਰਕਾਸ਼ ਅਸਥਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਤਿਆਗ੍ਰਹੀਆਂ ਲਈ ਜਾਰੀ ਕੀਤੇ ਲੰਗਰ ਉਪਰ ਕਬਜ਼ਾ ਕਰ ਲਿਆ। ਪੁਲਿਸ ਉੱਥੋਂ ਆਟਾ, ਦਾਲਾਂ, ਘਿਓ ਤੇ ਬਰਤਨ ਚੁੱਕ ਕੇ ਲੈ ਗਈ। ਪੁਲਿਸ ਦੀ ਮਾਰ ਤੋਂ ਬਾਬਾ ਅਟੱਲ ਤੇ ਕੌਲਸਰ ਦੀ ਪਵਿੱਤਰਤਾ ਵੀ ਬਚ ਨਾ ਸਕੀ। ਬਾ-ਵਰਦੀ ਪੁਲਿਸ ਬਾਬਾ ਅਟੱਲ ਸਾਹਿਬ ਦੇ ਸਿਖਰ 'ਤੇ ਜਾ ਪਹੁੰਚੀ ਅਤੇ ਕੌਲਸਰ ਦੀਆਂ ਪਰਕਰਮਾ ਵਿਚ ਪੁਲਿਸ ਹਰਲ-ਹਰਲ ਕਰ ਕੇ ਫਿਰਦੀ ਹੋਈ ਵਿਖਾਈ ਦੇਣ ਲੱਗੀ।

ਸਭ ਤੋਂ ਕਮੀਨੀ ਹਰਕਤ ਪੁਲਿਸ ਨੇ ੪ ਜੁਲਾਈ ਤੋਂ ਇਹ ਕਰਨੀ ਸ਼ੁਰੂ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਕੜਾਹ ਪ੍ਰਸ਼ਾਦ ਅਤੇ ਰੋਟੀਆਂ ਲੈ ਜਾਣ ਦੀ ਮਨਾਹੀ ਕਰ ਦਿੱਤੀ। ਰੋਟੀਆਂ ਤੇ ਪ੍ਰਸ਼ਾਦ ਲੈ ਜਾਣ ਵਾਲੇ ਵੀਰਾਂ, ਭੈਣਾਂ, ਬੀਬੀਆਂ ਨੂੰ ਪੁਲਿਸ ਰੋਕਦੀ, ਉਨ੍ਹਾਂ ਤੋਂ ਰੋਟੀਆਂ ਤੇ ਪ੍ਰਸ਼ਾਦ ਖੋਹ ਲੈਂਦੀ, ਉਨ੍ਹਾਂ ਦੀ ਬੇਇੱਜ਼ਤੀ ਕਰਦੇ ਫਿਰ ਫੜ੍ਹ ਕੇ ਕੋਤਵਾਲੀ ਲੈ ਜਾਂਦੇ। ਇਨ੍ਹਾਂ ਰੁਕਾਵਟਾਂ ਅਤੇ ਘਟੀਆ ਹਰਕਤਾਂ ਦੇ ਬਾਵਜੂਦ, ਸੰਗਤ ਵਲੋਂ ਲਿਆਂਦੇ ਗਏ ਪ੍ਰਸ਼ਾਦਿਆਂ ਦਾ ਢੇਰ ਲੱਗ ਗਿਆ। ਸੰਗਤ ਵੱਲੋਂ ਲੋੜ ਤੋਂ ਵੱਧ ਪ੍ਰਸ਼ਾਦੇ ਆਉਣ ਕਰਕੇ ਪ੍ਰਬੰਧਕਾਂ ਵੱਲੋਂ ਸੰਗਤ ਨੂੰ ਬੇਨਤੀ ਕਰਨੀ ਪਈ ਕਿ ਸੰਗਤ ਹੋਰ ਪ੍ਰਸ਼ਾਦੇ ਨਾ ਲਿਆਵੇ ਪੁਲਿਸ ਵਲੋਂ ਸੰਗਤ ਦੁਆਰਾ ਲਿਆਂਦੇ ਪ੍ਰਸ਼ਾਦੇ ਰੋਕਣ ਦੀ ਇਹ ਕਮੀਨੀ ਹਰਕਤ ਚਾਰ-ਪੰਜ ਦਿਨ ਜਾਰੀ ਰਹੀ।

ਅਸ਼ਵਨੀ ਕੁਮਾਰ ਆਪਣੇ ਮਕਸਦ ਵਿਚ ਫੇਲ ਹੋ ਗਿਆ। ਸਿੰਘਾਂ ਦੇ ਜਥੇ ਨਿਰੰਤਰ ਗ੍ਰਿਫ਼ਤਾਰੀ ਲਈ ਜਾਂਦੇ ਰਹੇ। ਇਸ ਘਟਨਾ ਨਾਲ ਸੰਗਤ ਵਿਚ ਹੋਰ ਜੋਸ਼ ਵੱਧ ਗਿਆ। ਅਸ਼ਵਨੀ ਕੁਮਾਰ ਤੇ ਉਸ ਦੇ ਸਾਥੀਆਂ ਨੂੰ ਪਤਾ ਤਾਂ ਲੱਗ ਗਿਆ ਸੀ ਕਿ ਸਖਤੀ ਨਾਲ ਮੋਰਚਾ ਕੁਚਲਿਆ ਨਹੀਂ ਜਾ ਸਕਦਾ। ਇਨ੍ਹਾਂ ਘਟਨਾਵਾਂ ਨਾਲ ਭੀਮ ਸੈਨ ਸੱਚਰ ਸਰਕਾਰ ਦੀ ਪੁਜ਼ੀਸ਼ਨ ਖਰਾਬ ਹੋਈ। ਜਥੇ ਲਗਾਤਾਰ ਗ੍ਰਿਫ਼ਤਾਰੀ ਲਈ ਜਾ ਰਹੇ ਸਨ। ਸ.

ਗੁਰਬਚਨ ਸਿੰਘ ਫ਼ਤਹਿਗੜ੍ਹ ਦੀ ਅਗਵਾਈ ਹੇਠ ੨੫੦ ਵਲੰਟੀਅਰ ਤਿਆਰ-ਬਰ-ਤਿਆਰ ਹੋ ਕੇ ਮੋਰਚੇ ਦੇ ਮੈਦਾਨ ਵਿਚ ਨਿਕਲੇ। ਜਥਾ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਮੱਥਾ ਟੇਕ ਕੇ ਸਿਰੋਪੇ ਲੈਣ ਉਪਰੰਤ ਮੰਜੀ ਸਾਹਿਬ ਪਹੁੰਚਿਆ। ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗਿਆਨ ਸਿੰਘ ਰਾੜੇਵਾਲਾ ਸਨ। ਜਥਾ ਤੁਰਨ ਤੋਂ ਪਹਿਲਾਂ ਸ਼ਾਮ ਨੂੰ ਛੇ ਵਜੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਾ ਫ਼ੋਨ ਆਇਆ ਕਿ ਮੈਂ ਆ ਕੇ ਆਪ ਜੀ (ਰਾੜੇਵਾਲਾ) ਨੂੰ ਮਿਲਣਾ ਚਾਹੁੰਦਾ ਹਾਂ। ਇਸ ਤੋਂ ਪਿੱਛੋਂ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਸ੍ਰੀ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਪਹੁੰਚੇ ਅਤੇ ਦੱਸਿਆ ਕਿ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਕਹਿਣ ਦੇ ਨਾਅਰੇ 'ਤੇ ਲਗਾਈ ਪਾਬੰਦੀ ਵਾਪਸ ਲੈ ਲਈ ਹੈ। ਸ. ਗਿਆਨ ਸਿੰਘ ਰਾੜੇਵਾਲਾ ਨੇ ਮੰਜੀ ਸਾਹਿਬ ਸੰਗਤ ਦੇ ਇਕੱਠ ਵਿਚ ਆ ਕੇ ਐਲਾਨ ਕੀਤਾ ਕਿ ਸਰਕਾਰ ਨੇ ਨਾਅਰੇ ਤੋਂ ਪਾਬੰਦੀ ਵਾਪਸ ਲੈ ਲਈ ਹੈ ਅਤੇ ਮੋਰਚਾ ਫਤਿਹ ਹੋ ਗਿਆ ਹੈ। ਇਸ ਮੋਰਚੇ ਵਿਚ ੧੨੦੦੦ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਮਹਾਸ਼ਾ ਅਸ਼ਵਨੀ ਕੁਮਾਰ ਵੱਲੋਂ ਪੁਲਿਸ ਨਾਲ ਕੀਤੇ ਹਮਲੇ ਤੋਂ ਬਾਅਦ ਜਿੱਥੇ ਸਮੁੱਚਾ ਸਿੱਖ ਜਗਤ ਤੜਫ ਉੱਠਿਆ ਉਥੇ ਸਾਧੂ ਸਮਾਜ ਵਿੱਚੋਂ ਸੰਤ ਭਗਵਾਨ ਸਿੰਘ ਰੇਰੂ ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਰਾੜਾ ਸਾਹਿਬ, ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ, ਸੰਤ ਈਸ਼ਰ ਸਿੰਘ ਕਲੇਰਾਂ ਵਾਲੇ ਸੰਤ ਨੰਦ ਸਿੰਘ, ਸੰਤ ਗੁਰਬਚਨ ਸਿੰਘ ਬਾਹੋਮਾਜਰਾ, ਸੰਤ ਰਤਨ ਸਿੰਘ ਰਾਮਪੁਰ, ਸੰਤ ਗੁਰਦਿਆਲ ਬੋਪਾਰਾਏ, ਸੰਤ ਬਲਬੀਰ ਸਿੰਘ ਛੰਨਾਂਵਾਲੇ, ਸੰਤ ਕੇਹਰ ਸਿੰਘ ਸੁਆਮੀ, ਸੰਤ ਮਨੀ ਸਿੰਘ ਭੈਰੋ ਮੁੰਨਾਂ, ਜਥਾ ਮਸਤੂਆਣਾ, ਸੰਤ ਵਿਸਾਖਾ ਸਿੰਘ ਕਿਸ਼ਨਪੁਰਾ, ਸੰਤ ਗਿਆਨੀ ਮੱਖਣ ਸਿੰਘ ਲਾਇਲਪੁਰੀਏ ਆਦਿ ਸੰਤਾਂ ਨੇ ਮੋਰਚੇ ਵਿਚ ਜਾਣ ਦਾ ਐਲਾਨ ਕੀਤਾ।

ਭੀਮ ਸੈਨ ਸੱਚਰ ਦੀ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਹਮਲੇ ਦੇ ਨਾਲ ਸਮੁੱਚਾ ਸਿੱਖ ਜਗਤ ਤੜਫ ਉਠਿਆ ਅਤੇ ਸਰਕਾਰ ਵਿਰੁੱਧ ਗੁੱਸੇ ਦੀ ਲਹਿਰ ਚੱਲ ਪਈ। ਵਿਦੇਸ਼ਾਂ ਵਿਚ ਵੱਸਣ ਵਾਲੇ ਸਿੱਖਾਂ ਨੇ ਰੋਸ ਪ੍ਰਗਟ ਕੀਤਾ। ਉਨ੍ਹਾਂ ਦਿਨਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਿਦੇਸ਼ ਯਾਤਰਾ 'ਤੇ ਸਨ। ਉਸ ਸਮੇਂ ਵਿਦੇਸ਼ਾਂ ਵਿਚ ਸਿੱਖਾਂ ਅਤੇ ਪੰਜਾਬੀਆਂ ਵੱਲੋਂ ਜੋ ਪੰਜਾਬੀ ਅਖ਼ਬਾਰ, ਰਸਾਲੇ ਛਪਦੇ ਸਨ, ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਹਮਲੇ ਬਾਰੇ ਕਾਫੀ ਕੁਝ ਲਿਖਿਆ। ਪ੍ਰਦੇਸੀ ਗੁਰਦੁਆਰਿਆਂ ਦੇ ਇਤਿਹਾਸ ਵਿਚ ਲਿਖਦੇ ਹੋਏ ਕਿਹਾ ਕਿ, "ਪੰਜਾਬ ਦੀ ਸਰਕਾਰ ਪੰਜਾਬ ਦੀ ਫ਼ਿਜ਼ਾ ਗੰਦੀ ਕਰ ਕੇ ਪੰਜਾਬ ਦੀ ਅਣਖੀਲੀ ਬਹਾਦਰ ਸਿੱਖ ਕੌਮ ਦੀਆਂ ਅੰਧਾ-ਧੁੰਦ ਗ੍ਰਿਫਤਾਰੀਆਂ ਕਰ ਕੇ ਜੇਲ੍ਹ ਵਿਚ ਸੁੱਟ ਰਹੀ ਹੈ ਅਤੇ ਕਈ ਲੋਕੀਂ ਸ਼ਾਇਦ ਆਪ ਦਾ ਹੋਰ ਸਤਿਕਾਰ ਵੀ ਗੁਆ ਬੈਠਦੇ ਜੇ ਆਪ ਭਾਰਤ ਵਿਚ ਤੁਰੰਤ ਫੇਰੀ ਨਾ ਪਾਂਦੇ।"

ਉਨ੍ਹਾਂ ਨੇ ਲਿਖਿਆ ਕਿ "ਪੰਜਾਬ ਦੀ ਸੱਚਰ ਸਰਕਾਰ ਨੇ ਪ੍ਰਦੇਸ਼ ਵਾਸੀ ਸਿੱਖਾਂ ਨੂੰ

ਖਾਸ ਤੌਰ 'ਤੇ ਨਰਾਜ਼ ਕਰ ਦਿੱਤਾ ਸੀ। ਪੰਡਤ ਜੀ, ਇਹ ਉਹ ਹੀ ਇਕੱਲੀ ਕੌਮ ਹੈ ਜਿਨ੍ਹਾਂ ਨੇ ਦੂਜੀ ਵੱਡੀ ਲੜਾਈ ਤੋਂ ਪਹਿਲਾਂ ਅੰਗਰੇਜ਼ੀ ਸਾਮਰਾਜ ਦੀਆਂ ਘੁਰਕੀਆਂ ਦੀ ਪਰਵਾਹ ਨਾ ਕਰ ਕੇ ਤੁਹਾਡਾ ਸ਼ਾਨਦਾਰ ਸੁਆਗਤ ਕੁਆਲਾ-ਲੰਪੁਰ ਵਿਚ ਕੀਤਾ ਸੀ। ਤੁਸੀਂ ਮਲਾਇਆ ਨਿਵਾਸੀ ਸਿੱਖਾਂ ਬਾਬਤ ਪ੍ਰਸੰਸਾ ਭਰੇ ਸ਼ਬਦ ਆਪਣੀ ਤਕਰੀਰ ਵਿਚ ਵਰਤੇ ਸਨ।"

"ਪੰਡਤ ਜੀ! ਏਸ਼ੀਆ ਵਿਚ ਕੀ ਅਤੇ ਕਸ਼ਮੀਰ ਵਿਚ ਕੀ, ਪੰਜਾਬ ਵਿਚ ਕੀ ਇਨ੍ਹਾਂ ਵੀਰਾਂ ਦੀ ਬਹਾਦਰੀ ਦਾ ਸਦਕਾ, ਅੱਜ ਅਜ਼ਾਦੀ ਦੇਵੀ ਨੇ ਤੁਹਾਡੇ ਚਰਨ ਚੁੰਮੇ ਹਨ ਅਤੇ ਤੁਹਾਡੇ ਹੱਥ ਦੇਸ਼ ਦੀ ਵਾਗਡੋਰ ਆਈ ਹੈ। ਇਨ੍ਹਾਂ ਘਰੋਂ ਬੇਘਰ ਹੋਇਆਂ ਨੂੰ ਕੁਰਬਾਨੀ ਦੀ ਆਹੁਤੀ ਦੇਣ ਵਾਲਿਆਂ ਨੂੰ ਤੁਹਾਡੀ ਕਾਂਗਰਸ ਨੇ ਅੱਜ ਨਰਾਜ਼ ਕਰ ਲਿਆ ਹੈ।"

ਪਰਕਰਮਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜਾ ਕੇ ਪੁਲਿਸ ਨੇ ਅਕਾਲੀ ਪਾਰਟੀ ਦੇ ਹਾਮੀਆਂ ਨੂੰ ਜ਼ੰਜੀਰਾਂ, ਸੀਖਾਂ, ਹਥਕੜੀਆਂ ਵਿਚ ਨੂੜ ਦਿੱਤਾ। ਉਨ੍ਹਾਂ ਦੀ ਤਕਰੀਰ ਦੀ ਆਜ਼ਾਦੀ ਤੇ ਸ਼ਹਿਰੀ ਹੱਕਾਂ ਨੂੰ ਖੋਹ ਲਿਆ। ਪਿਆਰੇ ਗੁਰਧਾਮਾਂ ਦੀ ਬੇਅਦਬੀ, ਗੋਲੀਆਂ, ਟੀਅਰ ਗੈਸਾਂ, ਲਾਠੀਚਾਰਜ ਉਨ੍ਹਾਂ ਅਮਨ-ਪਸੰਦ ਲੋਕਾਂ ਉੱਪਰ ਕਰ ਕੇ ਤੁਹਾਡੀ ਸੱਚਰ ਸਰਕਾਰ ਨੇ ਕੋਈ ਚੰਗਾ ਨਾਂ ਨਹੀਂ ਖੱਟਿਆ।

ਪ੍ਰਦੇਸ਼ੀ ਸਿੱਖ ਤੁਹਾਡੇ ਦੌਰੇ ਪੁਰ ਹੈਰਾਨੀ ਪ੍ਰਗਟ ਕਰ ਰਹੇ ਸਨ ਅਤੇ ਥਾਂ-ਥਾਂ ਤੋਂ ਤੁਹਾਡੀ ਆਪਣੀ ਸਰਕਾਰ ਨੂੰ ਤਾਰਾਂ 'ਤੇ ਤਾਰਾਂ ਖੜਕਾ ਰਹੇ ਸਨ ਅਤੇ ਦੋ ਮਹੀਨੇ ਇਹ ਲੋਕ ਆਪਣੇ ਵੀਰਾਂ ਨੂੰ ਜੇਲ੍ਹਾਂ ਵਿਚ ਤਰਕੀਂਦਾ ਤੱਕਦੇ ਰਹੇ ਅਤੇ ਜਦ ਤੁਹਾਡੀ ਸੱਚਰ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਮੰਜੀ ਸਾਹਿਬ ਦੇ ਧਾਰਮਿਕ ਅਸਥਾਨ ਵਿਚ ਪੁਲਿਸ ਦੀ ਤਾਕਤ ਵਰਤੀ ਤਾਂ ਇਨ੍ਹਾਂ ਪ੍ਰਦੇਸ਼ੀ ਸਿੱਖਾਂ ਦਾ ਖੂਨ ਹੋਰ ਵੀ ਖੋਲਣ ਲੱਗਾ ਅਤੇ ਧੜਾ ਧੜ ਪ੍ਰਦੇਸ਼ਾਂ ਵਿੱਚੋਂ ਵੀ ਦੇਸ਼ਵਾਸੀ ਖਾਲਸੇ ਦੇ ਲਈ ਮਦਦ ਦੇ ਅਮਲੀ ਸਾਧਨ ਸੋਚੇ ਜਾਣ ਲੱਗੇ।

"ਪੰਜਾਬੀ ਸੂਬਾ ਜ਼ਿੰਦਾਬਾਦ" ਕੋਈ ਐਟਮ ਬੰਬ ਨਹੀਂ ਸੀ, ਜਿਸ ਨਾਲ ਸੱਚਰ ਸਰਕਾਰ ਨੂੰ ਪੰਜਾਬ ਦਾ ਅਮਨ ਭੰਗ ਹੋਣ ਦੀ ਸੰਭਾਵਨਾ ਜਾਗ ਉੱਠੀ ਸੀ। ਅਕਾਲੀ ਮੋਰਚੇ ਦੀ ਲਹਿਰ ਦਿਨ ਬ-ਦਿਨ ਜ਼ੋਰ ਪਕੜਦੀ ਜਾ ਰਹੀ ਸੀ। ਜੇ ਥੋੜਾ ਕੁ ਅਰਸਾ ਸੱਚਰ ਸਰਕਾਰ ਹੋਰ ਨਾਂ ਝੁਕਦੀ ਤਾਂ ਪ੍ਰਦੇਸ਼ਾਂ ਵਿੱਚੋਂ ਵੀ ਸ਼ਾਇਦ ਅਕਾਲੀ ਮੋਰਚੇ ਦੀ ਮਦਦ ਲਈ ਜਥੇ ਜਾਣੇ ਸ਼ੁਰੂ ਹੋ ਜਾਂਦੇ।

ਮਲਾਇਆ, ਸਿਆਮ , ਬਰ੍ਹਮਾ ਦੇ ਸਮੂਹ ਪ੍ਰਦੇਸੀ ਸਿੱਖਾਂ ਦੀ ਅਵਾਜ਼ ਇੱਕ ਸੀ ਅਤੇ ਉਹ ਪੰਜਾਬ ਦੀ ਆਨ-ਸ਼ਾਨ ਨੂੰ ਕਲੰਕਿਤ ਨਹੀਂ ਵੇਖਣਾ ਚਾਹੁੰਦੇ ਸਨ। ਇਸ ਲੱਕ-ਤੋੜਵੀਂ ਹਾਰ ਨੇ ਸੱਚਰ ਸਰਕਾਰ ਦੇ ਕੰਨ ਖੋਲ੍ਹ ਦਿੱਤੇ ਹੋਣਗੇ। ਜੇਲ੍ਹਾਂ, ਹੱਥ-ਕੜੀਆਂ, ਟੀਅਰ ਗੈਸਾਂ, ਗੋਲੀਆਂ, ਬੰਦੂਕਾਂ ਦੇ ਨਿਸ਼ਾਨੇ ਖਾਲਸਈ ਸ਼ਾਨ ਨੂੰ ਨਹੀਂ ਡੁਲਾ ਸਕਦੇ।

ਬਰਤਾਨਵੀ ਸਾਮਰਾਜ ਤੇ ਆਪ ਦੀ ਕਾਂਗਰਸ ਸਰਕਾਰ ਵਿਚ ਕੀ ਫਰਕ ਹੋਇਆ ਜਿਹੜੇ ਤੁਹਾਡੀ ਅਜ਼ਾਦੀ ਲਈ ਪਿਆਰੇ ਗੁਰਧਾਮਾਂ ਨੂੰ ਛੱਡ ਕੇ ਆ ਗਏ, ਜਾਨ-ਮਾਲ

ਇੱਜ਼ਤ, ਬਹੂ ਬੇਟੀਆਂ ਵੀ ਇਸ ਅਜ਼ਾਦੀ ਦੀ ਭੇਂਟ ਚੜ੍ਹਾ ਆਏ। ਉਨ੍ਹਾਂ ਨੂੰ ਤੁਸਾਂ ਇਸ ਦਾ ਇਵਜ਼ਾਨਾ ਕੈਦ ਹੀ ਦੇਣੀ ਸੀ ਅਤੇ ਹਕੂਮਤ ਦੇ ਨਸ਼ੇ ਵਿਚ ਇਨ੍ਹਾਂ ਦੀ ਦਿਲ ਪੀੜਾ ਸੁਣਨ ਲਈ ਤੁਹਾਡੇ ਪਾਸ ਸਮਾਂ ਨਹੀਂ ਸੀ। ਇਨ੍ਹਾਂ ਦੀ ਬੋਲੀ, ਕਲਚਰ, ਸੱਭਿਆਚਾਰ, ਗ੍ਰੰਥ, ਗੁਰਦੁਆਰੇ, ਸਿੱਖ ਜਥੇਬੰਦੀ ਤੁਹਾਡੇ ਕਈ ਕਾਂਗਰਸੀ ਖਿਆਲਾਂ ਵਾਲੇ ਲੋਕਾਂ ਨਹੀਂ ਸੁਖਾ ਸਕਦੇ ਹਨ, ਤੁਸੀ ਸਿੱਖਾਂ ਨੂੰ ਨਰਾਜ਼ ਕਰ ਰਹੇ ਸੀ।

ਇਸ ਅਕਾਲੀ ਮੋਰਚੇ ਦੀ ਕਾਮਯਾਬੀ ਨੇ ਪ੍ਰਦੇਸ਼ੀ ਖਾਲਸੇ ਨੂੰ ਚੌਕੰਨਾ ਕਰ ਦਿੱਤਾ ਹੈ ਕਿ 'ਪੰਜਾਬੀ ਸੂਬਾ' ਅਵੱਸ਼ਯ ਬਣੇਗਾ ਅਤੇ ਇਸ ਤੋਂ ਬਿਨਾਂ ਪੰਜਾਬੀ ਬੋਲਦੇ ਲੋਕਾਂ ਦੀ ਹਸਤੀ ਨੂੰ ਖ਼ਤਰਾ ਹੈ ਅਤੇ ਪੰਜਾਬੀ ਸੂਬੇ ਦੀ ਕਾਇਮੀ ਲਈ ਇਨ੍ਹਾਂ ਹੁਣ ਤੋਂ ਹੀ ਆਪਣੀ ਆਵਾਜ਼ ਤੁਹਾਡੇ ਕੰਨਾਂ ਤਕ ਪਹੁੰਚਾ ਦਿੱਤੀ ਹੈ ਹਾਲਾਂਕਿ ਅਮਰੀਕਾ, ਕਨੇਡਾ, ਆਸਟਰੇਲੀਆ, ਅਫਰੀਕਾ ਆਦਿ ਮੁਲਕਾਂ ਦੇ ਵਸਨੀਕ ਸਿੱਖਾਂ ਨੇ ਆਪਣੇ ਪਿਆਰੇ ਪੰਜਾਬ ਦੀ ਖੁਸ਼ਹਾਲੀ ਲਈ ਪੰਜਾਬੀ ਸੂਬੇ ਦੇ ਹੱਕ ਵਿਚ ਮਤੇ (ਰੈਜ਼ੂਲੇਸ਼ਨ) ਪਾਸ ਕਰ ਕੇ ਆਪ ਦੇ ਪਾਸ ਨਕਲਾਂ ਪੁਚਾ ਦਿੱਤੀਆਂ ਹਨ।

ਅਜ਼ਾਦ ਭਾਰਤ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਜ਼ਿੰਦਾਬਾਦ ਦਾ ਪਹਿਲਾ ਮੋਰਚਾ ਸੀ ਜਿਸ ਵਿਚ ਸਮੁੱਚੇ ਸਿੱਖ ਜਗਤ ਨੇ ਪੂਰੀ ਦਿਲਚਸਪੀ ਦਿਖਾਈ। ਇਸ ਮੋਰਚੇ ਵਿਚ ਪੰਜਾਬ ਅਸੈਂਬਲੀ ਦੇ ਸਾਰੇ ੧੫ ਮੈਂਬਰ, ਪੈਪਸੂ ਅਸੈਂਬਲੀ ਦੇ ੮ ਮੈਂਬਰ, ਲੋਕ ਸਭਾ ਦੇ ੨ ਮੈਂਬਰ ਪੰਜਾਬ ਕੌਂਸਲ ਦੇ ਤਿੰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੧੧ ਮੈਂਬਰ, ੪ ਸਕੱਤਰ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਸ੍ਰੀ ਅਕਾਲ ਤਖਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬਾਨ ਨੇ ਵੀ ਜੇਲ੍ਹ ਯਾਤਰਾ ਕੀਤੀ। ਇਸ ਮੋਰਚੇ ਵਿਚ ਵਿਉਪਾਰੀ, ਦੁਕਾਨਦਾਰ ਨੌਜਵਾਨ ਵਿਦਿਆਰਥੀ, ਭੈਣਾਂ, ਬੀਬੀਆਂ, ਭੁਝੰਗੀਆਂ ਨੇ ਹੱਸ-ਹੱਸ ਕੇ ਗ੍ਰਿਫ਼ਤਾਰੀ, ਦਿੱਤੀ। ਕੌਮ ਵਿਚ ਜਜ਼ਬਾ ਇੰਨਾ ਜ਼ਿਆਦਾ ਸੀ ਕਿ ਕੌਮ ਨੇ ਕੁਰਬਾਨੀ ਕਰਨ ਦੀ ਕੋਈ ਕਸਰ ਨਾ ਛੱਡੀ, ਸਿੰਘਾਂ ਦੀਆਂ ਜ਼ਮੀਨਾਂ, ਮਕਾਨ, ਸਾਮਾਨ ਕੁਰਕ ਹੋਇਆ। ਪਰਵਾਰ ਆਪਣੇ ਛੋਟੇ-ਛੋਟੇ ਬੱਚੇ ਬੱਚਿਆਂ ਨੂੰ ਨਾਲ ਲੈ ਕੇ ਜੇਲ੍ਹਾਂ ਵਿਚ ਜਾ ਬੈਠੇ। ਉਸ ਸਮੇਂ ਪੰਥਕ ਜਜ਼ਬੇ ਅੱਗੇ ਸਰਕਾਰ ਝੁਕੀ ਅਤੇ ਅਖੀਰ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ੧੦ ਅਕਤੂਬਰ, ੧੯੫੫ ਈ. ਨੂੰ ਮੰਜੀ ਸਾਹਿਬ ਆ ਕੇ ਮੁਆਫੀ ਮੰਗੀ। ਪੰਜਾਬੀ ਸੂਬਾ ਜ਼ਿੰਦਾਬਾਦ ਦਾ ਮੋਰਚੇ ਫਤਿਹ ਹੋਣ ਨਾਲ ਹਰ ਪਾਸੇ ਪੰਜਾਬੀ ਸੂਬੇ ਦੀ ਮੰਗ ਜ਼ੋਰ ਫੜ੍ਹ ਗਈ।

# ਅਨੰਦ ਸੰਸਕਾਰ ਦੀ ਉਲੰਘਣਾ ਹੈ ਸਮਲਿੰਗੀ ਅਨੰਦ ਕਾਰਜ

*-ਸ. ਮਨਪ੍ਰੀਤ ਸਿੰਘ ਬਾਜ**

ਜਿੱਥੇ ਵੱਖ-ਵੱਖ ਦੇਸ਼ਾਂ ਵਿਚ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦਿਵਾਉਣ ਸੰਬੰਧੀ ਲਗਾਤਾਰ ਚਰਚਾ ਚੱਲ ਰਹੀ ਹੈ, ਉੱਥੇ ਹੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਜਰਮਨੀ ਅਤੇ ਨਿਊਜ਼ੀਲੈਂਡ ਆਦਿ ਕਰੀਬ ੩੦ ਦੇਸ਼ਾਂ ਜਿੱਥੇ ਸਿੱਖਾਂ ਦੀ ਵੀ ਵਧੇਰੇ ਵੱਸੋਂ ਹੈ, ਵਿਚ ਕਾਨੂੰਨੀ ਮਾਨਤਾ ਦਿੱਤੀ ਜਾ ਚੁੱਕੀ ਹੈ। ਕੁਝ ਸਾਲ ਪਹਿਲਾਂ ਇੰਗਲੈਂਡ ਦੇ ਗੁਰਦੁਆਰਾ ਸਾਹਿਬ ਵਿਖੇ ਉੱਥੋਂ ਦੇ ਵਸਨੀਕ ਸਿੱਖਾਂ ਦਰਮਿਆਨ ਸਮਲਿੰਗੀ ਅਨੰਦ ਕਾਰਜ ਨੂੰ ਲੈ ਕੇ ਵਿਵਾਦ ਭਖਿਆ। ਸੰਨ ੨੦੧੭ ਵਿਚ ਆਸਟਰੇਲੀਆ ਸਰਕਾਰ ਨੇ ਸਮਲਿੰਗੀ ਵਿਆਹ ਨੂੰ ਮਾਨਤਾ ਦੇਣ ਸੰਬੰਧੀ ਉੱਥੋਂ ਦੇ ਵਸਨੀਕਾਂ (ਸਮੇਤ ਸਿੱਖਾਂ) ਕੋਲੋਂ ਰਾਇ ਮੰਗੀ ਸੀ, ਜਿਸ ਬਾਰੇ ਉੱਥੋਂ ਦੇ ਸਿੱਖਾਂ ਵਿਚ ਆਪਸੀ ਮਤਭੇਦ ਪੈਦਾ ਹੋ ਗਿਆ ਜਿਸ ਨਾਲ ਕੌਮੀ ਪਾੜਾ ਵੀ ਵਧਿਆ। ਸਿੱਖ ਸਮਾਜ ਅੰਦਰ ਅਜਿਹਾ ਮੱਤਭੇਦ ਹਰੇਕ ਦੇਸ਼ ਵਿਚ ਦੇਖਣ ਨੂੰ ਮਿਲਿਆ। ਵਿਦੇਸ਼ਾਂ ਵਿਚ ਕਈ ਸਿੱਖਾਂ ਵੱਲੋਂ ਸਮਲਿੰਗੀ ਅਨੰਦ ਕਾਰਜ ਕਰਵਾਏ ਗਏ ਜਿਸ ਦਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਖ਼ਤ ਨੋਟਿਸ ਲਿਆ ਗਿਆ। ਸਮਲਿੰਗੀ ਅਨੰਦ ਕਾਰਜ ਦਾ ਵਿਵਾਦ ਜਿੱਥੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਅੰਦਰ ਆਪਸੀ ਮਤ ਭੇਦ ਦਾ ਕਾਰਨ ਬਣ ਚੁੱਕਾ ਹੈ, ਉੱਥੇ ਹੀ ਕੁਝ ਲੋਕਾਂ ਵੱਲੋਂ ਇਸ ਮੁੱਦੇ ਨੂੰ ਉਛਾਲ ਕੇ ਸਿੱਖ ਧਰਮ ਨੂੰ ਬਦਨਾਮ ਕਰਨ ਦੀ ਕੋਝੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

ਸਮਲਿੰਗੀ ਅਨੰਦ ਕਾਰਜ ਦੇਸ਼-ਵਿਦੇਸ਼ ਦੇ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ ਕਿਉਂਕਿ ਸਿੱਖ ਧਰਮ ਅੰਦਰ ਵਿਆਹ ਦੀ ਰਸਮ ਧਾਰਮਿਕ ਵਿਧੀ 'ਅਨੰਦ ਸੰਸਕਾਰ' ਰਾਹੀਂ ਨਿਭਾਈ ਜਾਂਦੀ ਹੈ, ਜਿਸ ਕਾਰਨ ਇਹ ਧਾਰਮਿਕ ਮਸਲਾ ਬਣ ਗਿਆ ਹੈ। ਇਸ ਦਾ ਹੱਲ ਕੇਵਲ ਗੁਰਮਤਿ ਦੀ ਰੋਸ਼ਨੀ ਵਿੱਚੋਂ ਹੀ ਲੱਭਿਆ ਜਾ ਸਕਦਾ ਹੈ।

ਸੰਨ ੨੦੦੫ ਵਿਚ ਇਹ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਾ ਤਾਂ ਉਸ ਸਮੇਂ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੇ ਸਮਲਿੰਗੀ ਅਨੰਦ ਕਾਰਜ ਕਰਨ/ਕਰਵਾਉਣ ਵਾਲਿਆਂ ਸੰਬੰਧੀ ਸਖਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨੰਬਰ ਅ.ਤ./ਸੰਦੇਸ਼/੦੦੫ ਮਿਤੀ ੧੬-੦੧-੨੦੦੫ ਰਾਹੀਂ ਸੰਦੇਸ਼ ਜਾਰੀ ਕਰ ਕੇ ਸਮੂਹ ਸਿੱਖ ਸੰਗਤਾਂ ਨੂੰ ਵਿਦਿਤ ਕੀਤਾ ਗਿਆ ਕਿ

*ਈਮੇਲ ਪਤਾ: baaz332211@gmail.com ਮੋ.੯੫੩੦੭-੪੪੧੨੭*

ਸਮਲਿੰਗੀ ਅਨੰਦ ਕਾਰਜ ਗੁਰਮਤਿ ਸਿਧਾਂਤਾਂ ਦੇ ਉਲਟ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਲਿਖਿਆ ਕਿਤਾਬਚਾ 'ਸਮਲਿੰਗੀ ਵਿਆਹ-ਇਕ ਵਿਨਾਸ਼ਕਾਰੀ ਪ੍ਰਵਿਰਤੀ' ਜੋ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਵੱਲੋਂ ਛਾਪਿਆ ਗਿਆ ਹੈ, ਵਿਚ ਵੀ ਇਸ ਬਾਬਤ ਵਿਸਥਾਰ ਸਹਿਤ ਸਾਵਧਾਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਪਿਛਲੇ ਦਿਨੀਂ ਬਠਿੰਡਾ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਸਮਲਿੰਗੀ ਅਨੰਦ ਕਾਰਜ ਕਰਵਾਇਆ ਗਿਆ। ਇਸ ਮਾਮਲੇ ਸਬੰਧੀ ਮਿਤੀ ੧੯ ਅਕਤੂਬਰ, ੨੦੨੩ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਸਖ਼ਤ ਫੈਸਲਾ ਲੈਂਦਿਆਂ ਉਸ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸਦਾ ਲਈ ਅਯੋਗ ਕਰਾਰ ਦੇ ਦਿੱਤਾ ਗਿਆ ਭਾਵ ਉਸ ਕਮੇਟੀ ਦੇ ਮੈਂਬਰ ਦੁਬਾਰਾ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਨਹੀਂ ਆ ਸਕਦੇ। ਇਸਦੇ ਨਾਲ ਹੀ ਮੁੱਖ ਗ੍ਰੰਥੀ, ਗ੍ਰੰਥੀ, ਰਾਗੀ ਤੇ ਤਬਲਾਵਾਦਕ ਨੂੰ ਪੰਜ ਸਾਲਾਂ ਲਈ ਬਲੈਕ ਲਿਸਟ ਕਰ ਦਿੱਤਾ ਗਿਆ ਭਾਵ ਉਹ ਕਿਸੇ ਵੀ ਗੁਰਦੁਆਰਾ ਸਾਹਿਬ ਜਾਂ ਧਾਰਮਿਕ ਸਮਾਗਮ ਵਿਚ ਸੇਵਾ/ਡਿਊਟੀ ਨਹੀਂ ਕਰਨਗੇ। ਦੋਸ਼ੀਆਂ ਖਿਲਾਫ ਇਹ ਫੈਸਲਾ 'ਸਿੱਖ ਰਹਿਤ ਮਰਯਾਦਾ' ਦੀ ਉਲੰਘਣਾ ਕਰਨ ਦੇ ਦੋਸ਼ ਵਜੋਂ ਲਿਆ ਗਿਆ।

ਦੇਸ਼-ਵਿਦੇਸ਼ਾਂ ਵਿਚ ਸਮਲਿੰਗੀ ਅਨੰਦ ਕਾਰਜ ਕਰਵਾਉਣ ਦੇ ਹੱਕ ਵਿਚ ਲਗਾਤਾਰ ਆਵਾਜ਼ ਉੱਠ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਅੰਦਰ ਕੇਵਲ ਇਸਤਰੀ ਅਤੇ ਪੁਰਸ਼ ਦੇ ਆਪਸੀ ਅਨੰਦ ਕਾਰਜ (ਵਿਆਹ) ਸਬੰਧੀ ਹੀ ਵਿਧੀ-ਵਿਧਾਨ ਭਾਵ 'ਅਨੰਦ ਸੰਸਕਾਰ' ਦਰਜ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਸਤਰੀ ਅਤੇ ਪੁਰਸ਼ ਅਨੰਦ ਕਾਰਜ ਰਾਹੀਂ ਪਤੀ-ਪਤਨੀ ਬਣਦੇ ਹਨ। ਜਿਸ ਨਾਲ ਦੋ ਪਰਵਾਰਾਂ ਅਤੇ ਸਾਕ-ਸੰਬੰਧੀਆਂ ਦਾ ਰਿਸ਼ਤਾ ਵੀ ਜੁੜਦਾ ਹੈ ਜੋ ਆਪਸੀ ਮਿਲਵਰਤਨ ਰਾਹੀਂ ਸੱਭਿਅਕ ਸਮਾਜ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ।

ਸਮਲਿੰਗੀ ਅਨੰਦ ਕਾਰਜ ਦੀ ਹਿਮਾਇਤ ਕਰਨ ਵਾਲੇ ਅਨੰਦ ਕਾਰਜ ਸਮੇਂ ਗਾਇਨ ਕੀਤੀ ਜਾਂਦੀ 'ਲਾਵਾਂ' ਦੀ ਬਾਣੀ ਨੂੰ ਆਤਮਾਵਾਂ ਦਾ ਵਿਆਹ ਦੱਸ ਕੇ ਇਸਨੂੰ ਇਸਤਰੀ ਅਤੇ ਪੁਰਸ਼ ਦੇ ਵਿਆਹ ਤੋਂ ਨਿਖੇੜਦੇ ਹਨ ਅਤੇ ਕਹਿੰਦੇ ਹਨ ਕਿ ਆਤਮਾ ਕੁਝ ਵੀ ਕਰਨ ਲਈ ਆਜ਼ਾਦ ਹੁੰਦੀ ਹੈ। ਜੇਕਰ ਅਜਿਹਾ ਮੰਨ ਲਿਆ ਜਾਵੇ ਤਾਂ ਫਿਰ ਵਿਆਹ ਲਈ ਜੀਵ ਦੇ ਸਰੀਰ ਦੀ ਮਹੱਤਤਾ ਹੀ ਨਹੀਂ ਰਹਿ ਜਾਂਦੀ, ਤਾਂ ਫਿਰ ਆਤਮਾ ਦੇ ਵਿਆਹ ਦੇ ਤਰਕ ਨੂੰ ਆਧਾਰ ਬਣਾ ਕੇ ਇਹ ਲੋਕ

ਕੱਲ੍ਹ ਨੂੰ ਆਪਣੇ ਜਾਨਵਰਾਂ ਨਾਲ ਵਿਆਹ ਰਚਾਉਣ ਦੀ ਮੰਗ ਵੀ ਉਠਾ ਸਕਦੇ ਹਨ। ਕਿਸੇ ਵੀ ਸਮਾਜਕ ਰਿਸ਼ਤੇ ਦੇ ਵਿਆਹ ਦੀ ਮੰਗ ਵੀ ਇਸੇ ਤਰਕ ਦੇ ਆਧਾਰ 'ਤੇ ਉੱਠਣ ਦਾ ਸ਼ੰਕਾ ਹੈ, ਕਿਉਂਕਿ ਸਮਲਿੰਗੀ ਵਿਆਹ ਪਿੱਛੇ ਨਿਰੋਲ ਕਾਮੁਕ ਭਾਵਨਾ ਦਾ ਆਧਾਰ ਹੈ ਅਤੇ ਸਰੀਰਕ ਖਿੱਚ ਕਿਸੇ ਵੱਲ ਵੀ ਹੋ ਸਕਦੀ ਹੈ। ਗੁਰਬਾਣੀ ਦੇ ਅਰਥ ਆਪਣੇ ਸੁਆਰਥ ਅਨੁਸਾਰ ਤੋੜ-ਮਰੋੜ ਕੇ ਪੇਸ਼ ਕਰਨੇ ਪਾਪ ਹਨ। ਇਸ ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਪਰਮਾਤਮਾ ਨੇ ਇਸਤਰੀ ਅਤੇ ਪੁਰਸ਼ ਦੀ ਸਰੀਰਕ ਬਣਤਰ, ਸਰੀਰਕ ਲੋੜਾਂ ਅਤੇ ਸਰੀਰਕ ਸਮਰੱਥਾ ਵੱਖਰੀ-ਵੱਖਰੀ ਬਣਾਈ ਹੈ। ਵਿਆਹ ਕੇਵਲ ਮਨੁੱਖਾਂ ਲਈ ਨੀਯਤ ਕੀਤਾ ਗਿਆ ਹੈ। ਗੁਰਬਾਣੀ ਅਨੁਸਾਰ ਜੀਵ-ਆਤਮਾ ਦਾ ਉਦੇਸ਼ ਕੇਵਲ ਭਗਤੀ ਕਰਨਾ ਹੈ, ਨਾ ਕਿ ਵਿਆਹ ਕਰਨਾ।

ਗੁਰਬਾਣੀ ਅਨੁਸਾਰ ਸਾਰੇ ਸੰਸਾਰ ਦੇ ਜੀਵ 'ਇਸਤਰੀ ਰੂਪ' ਹਨ ਅਤੇ ਪਰਮਾਤਮਾ ਉਨ੍ਹਾਂ ਲਈ 'ਪਤੀ ਰੂਪ' ਹੈ। ਭਾਵ ਪਰਮਾਤਮਾ ਨੂੰ ਸਮੁੱਚੇ ਸੰਸਾਰ ਦਾ 'ਕਰਤਾ ਪੁਰਖ' ਜਾਣ ਕੇ ਧਿਆਉਣਾ ਹੈ। ਗੁਰਬਾਣੀ ਅੰਦਰ ਜੀਵ ਆਤਮਾ ਦੇ 'ਇਸਤਰੀ ਰੂਪ' ਅਤੇ ਪਰਮਾਤਮਾ ਦੇ 'ਪਤੀ ਰੂਪ' ਦੀ ਜੋ ਗੱਲ ਕੀਤੀ ਗਈ ਹੈ, ਉਹ ਵਿਸਮਾਦ ਦੀ ਅਵਸਥਾ ਹੈ। ਬ੍ਰਹਮਗਿਆਨ ਦੀ ਉਸ ਅਵਸਥਾ ਵਿਚ ਮਨੁੱਖ ਦਾ ਇਸਤਰੀ ਜਾਂ ਪੁਰਸ਼ ਹੋਣ ਦਾ ਅਹਿਸਾਸ ਖਤਮ ਹੋ ਜਾਂਦਾ ਹੈ। ਇਸੇ ਨੂੰ ਪ੍ਰਭੂ-ਮਿਲਾਪ ਭਾਵ ਆਤਮਾ ਦਾ ਪਰਮਾਤਮਾ ਵਿਚ ਲੀਨ ਹੋ ਜਾਣਾ ਕਹਿੰਦੇ ਹਨ। ਗੁਰੂ ਸਾਹਿਬ ਨੇ ਸਿੱਖ ਧਰਮ ਵਿਚ ਵਿਆਹ ਦੀ ਰਸਮ ਨੂੰ ਅਨੰਦ ਕਾਰਜ ਰਾਹੀਂ ਅਧਿਆਤਮਕਤਾ ਨਾਲ ਜੋੜਿਆ ਹੈ। ਲਾਵਾਂ ਦੀ ਬਾਣੀ ਇਸਤਰੀ ਅਤੇ ਪੁਰਸ਼ ਨੂੰ ਇਸੇ ਅਵਸਥਾ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣਾ ਦ੍ਰਿੜ੍ਹ ਕਰਵਾਉਂਦੀ ਹੈ।

ਲਾਵਾਂ ਦੀ ਬਾਣੀ ਸਾਵਧਾਨ ਕਰਦੀ ਹੈ ਕਿ ਕਿਤੇ ਦੰਪਤੀ ਇਹ ਨਾ ਸਮਝ ਲਵੇ ਕਿ ਧਰਮ ਅਨੁਸਾਰ ਵਿਆਹ ਕਰਵਾਉਣ ਦਾ ਉਦੇਸ਼ ਕੇਵਲ ਇਕੱਠੇ ਰਹਿਣ ਭਾਵ ਗ੍ਰਿਹਸਥ ਦੀ ਆਗਿਆ ਮਿਲ ਜਾਣਾ ਹੀ ਹੈ ਅਤੇ ਉਹ ਆਪਣੇ ਅਮੋਲਕ ਮਨੁੱਖਾ ਜਨਮ ਦੇ ਪ੍ਰਭੂ-ਭਗਤੀ ਕਰਨ ਦੇ ਉਦੇਸ਼ ਤੋਂ ਭਟਕ ਨਾ ਜਾਣ। ਇਸ ਲਈ ਲਾਵਾਂ ਦੀ ਬਾਣੀ ਵਿਚ ਇਸਤਰੀ-ਪੁਰਸ਼ ਨੂੰ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਗ੍ਰਿਹਸਥ ਵਿਚ ਵਿਚਰਦਿਆਂ ਓਸ ਪਰਮਾਤਮਾ ਦੀ ਭਗਤੀ ਕਰਨ ਦਾ ਨਿਸ਼ਾਨਾ ਸਦਾ ਆਪਣੇ ਚਿੱਤ ਵਿਚ ਰੱਖਣਾ ਹੈ। ਕਿਉਂਕਿ ਕਾਮ ਵਾਸ਼ਨਾ ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਹੈ, ਜੋ ਮਨੁੱਖੀ ਮਨ ਨੂੰ ਭੋਗ-ਵਿਲਾਸ ਦੀ ਲਾਲਸਾ ਵਿਚ ਭਟਕਾਈ ਰੱਖਦੀ ਹੈ। ਇਸ ਲਈ ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਦੌਰਾਨ ਆਪਣੇ ਸਾਰੇ ਕਾਰ-ਵਿਹਾਰ ਕਰਦਿਆਂ ਪਰਮਾਤਮਾ ਦੀ ਭਗਤੀ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਭਾਵ ਪਰਮਾਤਮਾ ਨੂੰ ਪਾਉਣ ਦੇ ਉਦੇਸ਼ ਨਾਲ ਵਿਆਹੁਤਾ

ਜ਼ਿੰਦਗੀ ਜਿਊਣੀ ਹੈ।

ਗੁਰੂ ਸਾਹਿਬ ਨੇ ਇਸਤਰੀ ਅਤੇ ਪੁਰਸ਼ ਦੇ ਪਤੀ-ਪਤਨੀ ਬਣਨ ਉਪਰੰਤ ਰਿਸ਼ਤੇ ਵਿਚ ਇਮਾਨਦਾਰ ਬਣੇ ਰਹਿਣ ਬਾਬਤ ਫੁਰਮਾਇਆ ਹੈ-*ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ-*ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥* ਭਾਈ ਗੁਰਦਾਸ ਜੀ ਫੁਰਮਾਉਂਦੇ ਹਨ- *ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।* ਅਤੇ *ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।* ਉਪਰੋਕਤ ਹਿਦਾਇਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਉਪਦੇਸ਼ ਇਸਤਰੀ ਅਤੇ ਪੁਰਸ਼ ਦੇ ਵਿਆਹ ਬਾਰੇ ਹਨ। ਇੱਥੇ ਸਪੱਸ਼ਟ ਰੂਪ ਵਿਚ ਇਸਤਰੀ ਅਤੇ ਮਰਦ ਬਾਰੇ ਲਿਖਿਆ ਗਿਆ ਹੈ ਨਾ ਕਿ ਆਤਮਾਵਾਂ ਬਾਰੇ।

ਇਹ ਤਰਕ ਦੇਣਾ ਗ਼ਲਤ ਹੈ ਕਿ ਧਰਮ ਦਾ ਵਿਰੋਧ ਸਮਲਿੰਗੀ ਅਨੰਦ ਕਾਰਜ ਨਾਲ ਇਸ ਕਰਕੇ ਹੈ ਕਿ ਧਰਮੀ ਲੋਕ ਸਮਝਦੇ ਹਨ ਕਿ ਕਾਮ ਭੋਗਣਾ ਕੇਵਲ ਅਬਾਦੀ ਵਧਾਉਣ ਲਈ ਹੈ, ਸਰੀਰਕ ਅਨੰਦ ਲਈ ਨਹੀਂ ਜਦਕਿ ਕਾਮ ਭੋਗਣਾ ਕੁਦਰਤੀ ਰੂਪ ਵਿਚ ਮਨੁੱਖੀ ਵਿਵਹਾਰ ਦਾ ਹਿੱਸਾ ਹੈ। ਅਸਲ ਵਿਚ ਸਿੱਖ ਧਰਮ ਅੰਦਰ ਵਿਆਹ ਦੀ ਰਸਮ ਨੂੰ 'ਕਾਮ ਵਾਸ਼ਨਾ' ਦੀ ਪੂਰਤੀ ਲਈ ਨਹੀਂ ਬਣਾਇਆ ਗਿਆ। ਮਨੁੱਖੀ ਸੁਭਾਅ ਅੰਦਰ ਕੁਦਰਤੀ ਰੂਪ ਵਿਚ ਮੁੱਖ ਪੰਜ ਤ੍ਰਿਸ਼ਨਾਵਾਂ ਪਾਈਆਂ ਜਾਂਦੀਆਂ ਹਨ- ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਅਤੇ ਸਿੱਖ ਧਰਮ ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਵੀ ਪੂਰਤੀ ਦਾ ਹਾਮੀ ਨਹੀਂ। ਬਲਕਿ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਗੁਰਬਾਣੀ ਅੰਦਰ ਮਨੁੱਖ ਦੇ ਵੈਰੀ ਕਿਹਾ ਗਿਆ ਹੈ। ਜ਼ਰੂਰੀ ਤੌਰ 'ਤੇ ਪਤੀ-ਪਤਨੀ ਨੂੰ ਇੱਕ-ਦੂਜੇ ਪ੍ਰਤੀ ਇਮਾਨਦਾਰ ਰਹਿਣ ਦੀ ਪੁਰਜ਼ੋਰ ਹਿਦਾਇਤ ਕੀਤੀ ਗਈ ਹੈ ਕਿਉਂਕਿ ਧਰਮ ਦੀਆਂ ਸਿੱਖਿਆਵਾਂ ਮਨੁੱਖ ਨੂੰ ਬੇਈਮਾਨੀ, ਧੋਖੇਬਾਜ਼ੀ, ਫਰੇਬ, ਬਦਇਖਲਾਕੀ ਆਦਿ ਤੋਂ ਵਰਜਦੀਆਂ ਹਨ। ਕਾਮ ਵਾਸ਼ਨਾ ਵਿਚ ਅੰਨ੍ਹਾ ਹੋਇਆ ਮਨੁੱਖ ਆਪਣੇ ਜੀਵਨਸਾਥੀ ਨਾਲ ਤਾਂ ਧੋਖਾ ਕਰਦਾ ਹੀ ਹੈ ਨਾਲ ਹੀ ਅਧਰਮ ਦੇ ਰਾਹ 'ਤੇ ਵੀ ਚੱਲ ਪੈਂਦਾ ਹੈ। ਇਸੇ ਲਈ ਪੰਚ ਦੁਸ਼ਟਾਂ ਵਿਚੋਂ ਕਾਮ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਫੁਰਮਾਨ ਹਨ:

*-ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੨)*
*-ਪਾਪੀ ਹੀਐ ਮੈ ਕਾਮੁ ਬਸਾਇ॥*
*ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

*-ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੦)*

ਉਕਤ ਪੰਕਤੀਆਂ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਅੰਦਰ ਕਾਮ ਨੂੰ ਮਨੁੱਖ ਦਾ ਵੱਡਾ ਦੁਸ਼ਮਣ ਮੰਨਿਆ ਗਿਆ ਹੈ ਅਤੇ ਇਨ੍ਹਾਂ ਪੰਜੇ ਵਿਕਾਰਾਂ ਨੂੰ ਮਾਰ ਕੇ, ਜਿੱਤ ਕੇ, ਕਾਬੂ ਕਰ ਕੇ ਅਧਿਆਤਮਕ ਮੰਡਲ ਵਿਚ ਪ੍ਰਵੇਸ਼ ਕਰਨਾ ਹੀ ਸਿੱਖ ਦੀ ਜ਼ਿੰਦਗੀ ਦਾ ਇੱਕ-ਮਾਤਰ ਉਦੇਸ਼ ਹੈ।

ਕੁਝ ਕੁ ਦਾ ਕਹਿਣਾ ਹੈ ਕਿ ਜੇਕਰ ਸਮਲਿੰਗੀ ਵਿਆਹ ਗ਼ਲਤ ਹੁੰਦਾ ਤਾਂ ਗੁਰੂ ਸਾਹਿਬ ਨੇ ਇਸ ਬਾਰੇ ਕਿਉਂ ਨਹੀਂ ਲਿਖਿਆ? ਇਸ ਤਰ੍ਹਾਂ ਤਾਂ ਹਰੇਕ ਧਰਮ ਅਤੇ ਸੱਭਿਅਕ ਸਮਾਜ ਅਨੁਸਾਰ ਪਰਿਵਾਰਕ ਰਿਸ਼ਤਿਆਂ ਵਿਚ ਸਰੀਰਕ ਸੰਬੰਧ ਬਣਾਉਣੇ ਪਾਪ ਹਨ, ਪਰੰਤੂ ਜੋ ਗੱਲਾਂ ਆਪ-ਮੁਹਾਰੇ ਸਪੱਸ਼ਟਤਾ ਰੱਖਦੀਆਂ ਹੋਣ ਉਨ੍ਹਾਂ ਬਾਰੇ ਲਿਖਣ ਦੀ ਭਲਾ ਕੀ ਲੋੜ? ਅਨੰਦ ਕਾਰਜ ਗੁਰੂ ਸਾਹਿਬਾਨ ਵੱਲੋਂ ਹੋਂਦ ਵਿਚ ਲਿਆਂਦਾ ਗਿਆ ਅਤੇ ਅਨੇਕਾਂ ਵਿਆਹ ਗੁਰੂ ਸਾਹਿਬਾਨ ਦੇ ਸਮੇਂ ਅਨੰਦ ਕਾਰਜ ਰਾਹੀਂ ਹੁੰਦੇ ਰਹੇ। ਦਸ ਪਾਤਸ਼ਾਹੀਆਂ ਦਾ ਸਰੀਰਕ ਰੂਪ ਵਿਚ ਗੁਰਿਆਈ ਦਾ ਸਮਾਂ ੨੦੦ ਸਾਲਾਂ ਤੋਂ ਵੱਧ ਹੈ ਅਤੇ ਇੰਨੇ ਲੰਮੇ ਸਮੇਂ ਦੌਰਾਨ ਗੁਰੂ ਸਾਹਿਬਾਨ ਨੇ ਸਮਾਜ ਅੰਦਰੋਂ ਅਨੇਕਾਂ ਕੁਰੀਤੀਆਂ ਖਤਮ ਕੀਤੀਆਂ ਸਨ। ਸਮਲਿੰਗੀ ਵਿਆਹ ਨੂੰ ਕਿਸੇ ਵੀ ਧਰਮ ਨੇ ਪ੍ਰਵਾਨ ਨਹੀਂ ਕੀਤਾ, ਜੇਕਰ ਗੁਰੂ ਸਾਹਿਬ ਇਸ ਨੂੰ ਕੋਈ ਸਮਾਜਿਕ ਕੁਰੀਤੀ ਸਮਝਦੇ ਹੁੰਦੇ ਤਾਂ ਉਹ ਇਸ ਕੁਰੀਤੀ ਨੂੰ ਵੀ ਮਿਟਾ ਦਿੰਦੇ, ਪਰੰਤੂ ਉਨ੍ਹਾਂ ਅਜਿਹਾ ਨਹੀਂ ਕੀਤਾ। ਇਸ ਤੋਂ ਇਲਾਵਾ ਗੁਰ-ਇਤਿਹਾਸ ਅਤੇ ਸਿੱਖ-ਇਤਿਹਾਸ ਅੰਦਰ ਸਮਲਿੰਗੀ ਅਨੰਦ ਕਾਰਜ ਦੀ ਇੱਕ ਵੀ ਉਦਾਹਰਨ ਨਹੀਂ ਮਿਲਦੀ।

ਸਮਲਿੰਗੀ ਵਿਆਹ ਨੂੰ ਪ੍ਰਵਾਨਗੀ ਮਿਲਣ ਨਾਲ ਭਵਿੱਖ ਵਿਚ ਸਮਲਿੰਗਿਕ ਲੋਕ, ਮਾਤਾ-ਪਿਤਾ ਬਣਨ ਲਈ ਕੁਦਰਤ ਨਾਲ ਛੇੜਛਾੜ ਕਰਨ ਵੱਲ ਵੀ ਤੁਰ ਪੈਣਗੇ ਕਿਉਂਕਿ ਵਿਗਿਆਨ ਨੇ ਕਈ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਬੱਚਾ ਗੋਦ ਲੈਣ ਦੀ ਮੰਗ ਵੀ ਉਠੇਗੀ, ਸ਼ਾਇਦ ਮੰਨੀ ਵੀ ਜਾਵੇ। ਗੋਦ ਲਏ ਗਏ ਬੱਚਿਆਂ ਦੀ ਮਾਨਸਿਕਤਾ ਕਿੱਧਰ ਨੂੰ ਜਾਵੇਗੀ? ਉਹ ਸਮਾਜ ਵਿਚ ਕਿਸ ਤਰ੍ਹਾਂ ਘੁਲ-ਮਿਲ ਸਕਣਗੇ? ਭਾਵੇਂ ਸਮਲਿੰਗਕਾਂ ਵੱਲੋਂ ਗੋਦ ਲਏ ਗਏ ਬੱਚੇ ਸਮਲਿੰਗਕ ਨਾ ਵੀ ਹੋਣ ਤਾਂ ਵੀ ਆਮ ਲੋਕ ਉਨ੍ਹਾਂ ਨਾਲ ਕਿਵੇਂ ਮਿਲਵਰਤਨ ਕਰਨਗੇ ਜੇਕਰ ਉਹ ਬੱਚੇ ਅਜਿਹੇ ਪਰਿਵਾਰ ਨਾਲ ਸੰਬੰਧਤ ਹੋਣਗੇ ਜੋ ਆਮ ਮਨੁੱਖੀ ਮਾਨਸਿਕਤਾ ਦੇ ਵਿਪਰੀਤ ਅਤੇ ਕਾਮੁਕਤਾ ਦੇ ਆਧਾਰ ਉੱਪਰ ਬਣਿਆ ਹੋਵੇਗਾ। ਕਿਤੇ ਸਮਾਜ ਕਾਨੂੰਨੀ ਤੌਰ 'ਤੇ ਵਿਭਚਾਰ ਦੀ ਬਿਮਾਰੀ ਦਾ ਸ਼ਿਕਾਰ ਨਾ ਹੋ ਜਾਵੇ ਕਿਉਂਕਿ ਸਮਲਿੰਗੀ ਵਿਆਹ ਦੀ

ਮੰਗ ਦਾ ਆਧਾਰ ਕਾਮੁਕਤਾ ਹੈ।

ਪਸ਼ੂ, ਜਾਨਵਰ ਤੇ ਪੰਛੀ ਜਿਨ੍ਹਾਂ ਵਿਚ ਸੋਚਣ ਸ਼ਕਤੀ ਨਹੀਂ, ਦਿਮਾਗ ਵੀ ਚੇਤੰਨ ਨਹੀਂ, ਪਰੰਤੂ ਕੁਦਰਤੀ ਵਰਤਾਰੇ ਅਨੁਸਾਰ ਇਨ੍ਹਾਂ ਅੰਦਰ ਵੀ ਨਰ ਤੇ ਮਾਦੇ ਦਾ ਮਿਲਾਪ ਹੈ। ਜੇਕਰ ਸਮਲਿੰਗੀ ਵਿਆਹ ਨੂੰ ਸਮਾਜ ਲਈ ਸਹੀ ਠਹਿਰਾਇਆ ਜਾਵੇ ਤਾਂ ਇਹ ਕੁਦਰਤ ਵੱਲੋਂ ਨੀਯਤ ਕੀਤੀ ਗਈ 'ਨਰ' ਤੇ 'ਮਾਦੇ' ਦੀ ਲੋੜ ਅਤੇ ਮਹੱਤਤਾ ਨੂੰ ਗ਼ਲਤ ਦਰਸਾਏਗਾ। ਇਸ ਤਰ੍ਹਾਂ ਪਰਿਵਾਰ ਬਣਾਉਣ ਦੀ ਮਹੱਤਤਾ ਘੱਟ ਹੋ ਜਾਵੇਗੀ ਜੋ ਸਮਾਜਕ ਢਾਂਚੇ ਦਾ ਧੁਰਾ ਹੁੰਦੀ ਹੈ। ਇਨਸਾਨ ਧਰਤੀ ਉੱਪਰ ਜਨਮ ਲੈਂਦਾ ਹੈ ਅਤੇ ਮਰ ਜਾਂਦਾ ਹੈ, ਪਰੰਤੂ ਧਰਮ ਅਤੇ ਕੁਦਰਤ ਦੇ ਨਿਯਮ ਇਨਸਾਨ ਦੀ ਹੋਂਦ ਜਾਂ ਅਣਹੋਂਦ ਨਾਲ ਨਹੀਂ ਬਦਲ ਸਕਦੇ।

ਸਮਲਿੰਗੀ ਵਿਆਹ ਨੂੰ ਮਨੁੱਖੀ ਅਧਿਕਾਰ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਜੋ ਇਸ ਨੂੰ ਧਰਮ ਉਪਰ ਥੋਪਿਆ ਜਾ ਸਕੇ। ਇਤਿਹਾਸ ਨੂੰ ਵਾਚਿਆਂ ਪਤਾ ਚੱਲਦਾ ਹੈ ਕਿ ਸਮਾਜ ਨੂੰ ਇਹ ਮਨੁੱਖੀ ਅਧਿਕਾਰ ਧਰਮ ਨੇ ਹੀ ਪ੍ਰਦਾਨ ਕੀਤੇ ਹਨ। ਧਰਮ ਤੋਂ ਪਹਿਲਾਂ ਸਮਾਜ ਅੰਦਰ ਅਧਰਮ, ਪਾਪ, ਜ਼ੁਲਮ, ਵਾਸ਼ਨਾਵਾਂ, ਕੁਰੀਤੀਆਂ ਦਾ ਬੋਲਬਾਲਾ ਸੀ। ਧਰਮ ਤੋਂ ਪਹਿਲਾਂ ਦੇ ਹਾਲਾਤਾਂ ਬਾਰੇ ਦੱਸਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ- *ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥* ਅਜੋਕੇ ਸੱਭਿਅਕ ਸਮਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦਾ ਖੁੱਲ੍ਹ ਕੇ ਘਾਣ ਕੀਤਾ ਜਾਂਦਾ ਸੀ। ਤਕੜੇ ਲੋਕਾਂ ਵੱਲੋਂ ਗਰੀਬ ਜਾਂ ਕਮਜ਼ੋਰ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਨਾਲ ਹਰ ਤਰ੍ਹਾਂ ਦੇ ਅਣਮਨੁੱਖੀ ਤਸ਼ੱਦਦ ਅਤੇ ਕੁਕਰਮ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਦੀ ਜ਼ਿੰਦਗੀ ਨਰਕ ਦੇ ਤੁਲ ਬਣਾ ਦਿੱਤੀ ਜਾਂਦੀ ਸੀ। ਇਨ੍ਹਾਂ ਕੁਕਰਮਾਂ ਪਿੱਛੇ ਕਾਮ ਦੀ ਵਾਸ਼ਨਾ ਪ੍ਰਚੰਡ ਸੀ। ਕਾਮ-ਵੱਸ ਹੀ ਰਾਜਿਆਂ ਵੱਲੋਂ ਸੈਂਕੜੇ ਰਾਣੀਆਂ ਰੱਖੀਆਂ ਜਾਂਦੀਆਂ ਸਨ ਅਤੇ ਇਸਤਰੀਆਂ ਨਾਲ ਬਲਾਤਕਾਰ ਹੋਣੇ ਆਮ ਗੱਲ ਸੀ, ਜੋ ਕਾਮੁਕ ਮਾਨਸਿਕਤਾ ਦੀ ਸਿਖ਼ਰ ਵਿੱਚੋਂ ਉਪਜਿਆ ਵਰਤਾਰਾ ਸੀ। ਸਮਾਜ ਅੰਦਰ ਅਸੱਭਿਅਕ ਮਾਨਸਿਕਤਾ ਵਾਲੇ ਲੋਕ ਵੀ ਪੈਦਾ ਹੁੰਦੇ ਰਹਿੰਦੇ ਹਨ। ਜਿਨ੍ਹਾਂ ਦਾ ਦਿਮਾਗ਼ ਕਿਸੇ ਕੁਕਰਮ ਨੂੰ ਕਰਨ ਲਈ ਸਦਾ ਵਿਚਲਿਤ ਰਹਿੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ- *ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥ ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥...* ਅਤੇ *ਕਾਮਿ ਕਰੋਧਿ ਨਗਰੁ ਬਹੁ ਭਰਿਆ...* ਅਨੇਕਾਂ ਉਦਾਹਰਣਾਂ ਮੁਤਾਬਕ ਸਦੀਆਂ ਤੋਂ ਮਨੁੱਖਾਂ ਅੰਦਰ ਅਸੱਭਿਅਕ ਪ੍ਰਵਿਰਤੀਆਂ ਜਨਮ ਲੈਂਦੀਆਂ ਆ ਰਹੀਆਂ ਹਨ। ਕਾਮ ਵਾਸ਼ਨਾ ਜਿਸ ਹੱਦ ਤਕ

ਮੰਦੇ ਖਿਆਲਾਂ ਅਤੇ ਕੁਕਰਮਾਂ ਤਕ ਪਹੁੰਚਾ ਸਕਦੀ ਹੈ ਉਹ ਮਨੁੱਖੀ ਸੋਚ ਤੋਂ ਬਹੁਤ ਪਰ੍ਹੇ ਹੈ।

ਕਾਮੁਕਤਾ ਨਾਲ ਸੰਬੰਧਤ ਕਈ ਤਰ੍ਹਾਂ ਦੀਆਂ ਮਾਨਸਿਕਤਾਵਾਂ/ਲਿੰਗ-ਭੇਦ ਪਛਾਣਾਂ/ਮਨੋਬਿਰਤੀਆਂ ਆਦਿ ਵਾਲੇ ਮਨੁੱਖ ਪੈਦਾ ਹੁੰਦੇ ਰਹਿੰਦੇ ਹਨ।*

ਪਰੰਤੂ ਪ੍ਰਾਚੀਨ ਸਮੇਂ ਤੋਂ ਧਰਮ ਅਧੀਨ ਸਮਾਜ ਦੇ ਬਣਾਏ ਗਏ ਨਿਯਮਾਂ ਅਨੁਸਾਰ ਇਸਤਰੀ-ਪੁਰਸ਼ ਤੋਂ ਇਲਾਵਾ ਬਾਕੀ ਲੋਕ ਸੱਭਿਅਕ ਸਮਾਜ ਅੰਦਰ ਵਿਆਹ ਕਰਨ ਲਈ ਪ੍ਰਵਾਨ ਨਹੀਂ ਹੋਏ ਭਾਵ ਕੇਵਲ ਮਰਦ ਅਤੇ ਇਸਤਰੀ ਦਾ ਆਪਸੀ ਵਿਆਹ ਪ੍ਰਵਾਨ ਕੀਤਾ ਗਿਆ ਹੈ। ਸੰਸਾਰ ਅੰਦਰ ਵੱਖਰੇ-ਵੱਖਰੇ ਮਨੁੱਖ, ਵੱਖਰੀਆਂ-ਵੱਖਰੀਆਂ ਮਾਨਸਿਕਤਾਵਾਂ ਅਤੇ ਵਿਚਾਰਧਾਰਾਵਾਂ ਜਨਮ ਲੈਂਦੀਆਂ ਰਹਿੰਦੀਆਂ ਹਨ ਪ੍ਰੰਤੂ ਗ਼ੈਰ-ਪ੍ਰਵਾਨਿਤ ਸੰਬੰਧਾਂ ਲਈ ਕਦੇ ਵੀ ਧਰਮ ਨੇ ਆਪਣੇ ਨਿਯਮ ਨਹੀਂ ਬਦਲੇ ਅਤੇ ਨਾ ਹੀ ਬਦਲੇ ਜਾ ਸਕਦੇ ਹਨ। ਲੋਕਾਂ ਵੱਲੋਂ ਘੜੀਆਂ ਵਿਚਾਰਧਾਰਾਵਾਂ ਅਤੇ ਬਿਰਤੀਆਂ ਦੇ ਪ੍ਰਭਾਵ ਹੇਠ ਸਿੱਖ ਧਰਮ ਦੇ ਨਿਯਮਾਂ ਵਿਚ ਬਦਲਾਅ ਨਹੀਂ ਕੀਤਾ ਜਾ ਸਕਦਾ, ਬਲਕਿ ਧਰਮ ਆਪਣੀਆਂ ਸਿੱਖਿਆਵਾਂ ਰਾਹੀਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਦਾ ਹੈ। ਜੇਕਰ ਸਮਾਜ ਨੂੰ ਧਰਮ ਦੇ ਪ੍ਰਭਾਵ ਹੇਠੋਂ ਕੱਢ ਦਿੱਤਾ ਜਾਵੇ ਤਾਂ ਸਮਾਜ ਮੁੜ ਸਦੀਆਂ ਪਹਿਲੋਂ ਵਾਲੀ ਦਰਿੰਦਗੀ, ਵਹਿਸ਼ੀ ਤੇ ਵਾਸ਼ਨਾਵਾਂ ਭਰੀ ਦਲਦਲ ਵਿਚ ਗ੍ਰਸਤ ਹੋ ਜਾਵੇਗਾ।

ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਨੂੰ ਅਕਾਲ ਪੁਰਖ ਦੀ ਭਗਤੀ ਦਾ ਮਾਰਗ ਦਿਖਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਤਾਂ ਜੋ ਸਿੱਖ ਆਪਣਾ ਜੀਵਨ ਸਫਲਾ ਕਰ ਸਕੇ, ਨਾ ਕਿ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆ ਕੇ ਸਿੱਖ ਆਪਣੇ ਮੂਲ ਤੋਂ ਪਰ੍ਹੇ ਚਲਾ ਜਾਵੇ। ਸਿੱਖ ਧਰਮ ਦੀ ਨਿਰਮਲਤਾ, ਮਨੁੱਖਤਾਵਾਦੀ ਸਿਧਾਂਤਾਂ ਅਤੇ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਦਿਆਲਤਾ ਨੂੰ ਸਹਾਰਾ ਬਣਾ ਕੇ ਪੱਛਮੀ ਸੱਭਿਅਤਾ ਨੂੰ ਸਿੱਖੀ ਵਿਚ ਰਲਾਉਣ ਦੀ ਕੋਸ਼ਿਸ਼ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਸਿੱਖ ਧਰਮ ਇੱਕ ਵੱਖਰਾ ਧਰਮ ਹੋਣ ਕਾਰਨ ਗੁਰੂ ਸਾਹਿਬ ਨੇ ਸਿੱਖ ਵਿਆਹ ਲਈ ਵੱਖਰੀ ਵਿਧੀ 'ਅਨੰਦ ਸੰਸਕਾਰ' ਕਾਇਮ ਕੀਤੀ। ਪੱਛਮੀ ਪ੍ਰਭਾਵ ਨੇ ਕੁਝ ਸਿੱਖਾਂ ਦਾ ਬ੍ਰੇਨਵਾਸ਼ (Brainwash) ਕਰ ਦਿੱਤਾ ਹੈ। ਇਨ੍ਹਾਂ ਨੂੰ ਸਮਝ ਹੀ ਨਹੀਂ ਕਿ ਅਨੰਦ ਕਾਰਜ ਦਾ ਮਹੱਤਵ ਕੀ ਹੈ।

ਪੱਛਮੀ ਵਿਚਾਰਧਾਰਾ ਦੇ ਅਧੀਨ ਸਮਲਿੰਗੀ ਅਨੰਦ ਕਾਰਜ ਨੂੰ ਬਰਾਬਰਤਾ ਤੇ ਅਜ਼ਾਦੀ ਦੇ ਅਧਿਕਾਰ ਨਾਲ ਜੋੜ ਕੇ ਸਿੱਖੀ ਰਹੁ-ਰੀਤਾਂ ਉੱਪਰ ਹਮਲਾ ਕੀਤਾ ਜਾ ਰਿਹਾ ਹੈ। ਜਦਕਿ ਬਰਾਬਰਤਾ ਤੇ ਅਜ਼ਾਦੀ ਦਾ ਨਿੱਘ ਸਮਾਜ ਦੇ ਨਿਯਮਾਂ ਦੇ ਦਾਇਰੇ ਅੰਦਰ ਰਹਿ ਕੇ ਹੀ ਮਾਨਣਾ ਪੈਂਦਾ ਹੈ। ਇਹ ਅਧਿਕਾਰ ਸਮਾਜ ਵੱਲੋਂ ਹੀ ਪ੍ਰਦਾਨ ਕੀਤੇ ਗਏ ਹਨ ਅਤੇ ਸਮਾਜਿਕ ਨਿਯਮ ਹੀ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਦੇ

ਹਨ। ਧਰਮ ਤੇ ਸਮਾਜ ਦੇ ਨਿਯਮਾਂ ਤੋਂ ਬਾਹਰ ਕੋਈ ਵੀ ਬਰਾਬਰਤਾ ਤੇ ਅਜ਼ਾਦੀ ਦੀ ਹੋਂਦ ਨਹੀਂ ਹੁੰਦੀ। ਜਿਨ੍ਹਾਂ ਨੂੰ ਪੱਛਮੀ ਦੇਸ਼ਾਂ ਦੀ ਵਿਚਾਰਧਾਰਾ ਸਹੀ ਜਾਪਦੀ ਹੈ ਉਹ ਵਿਆਹ ਵੀ ਪੱਛਮੀ ਦੇਸ਼ਾਂ ਦੀ ਰੀਤ ਅਨੁਸਾਰ ਕਿਉਂ ਨਹੀਂ ਕਰਵਾ ਲੈਂਦੇ? ਜੇਕਰ ਸਮਲਿੰਗੀ ਲੋਕ ਧਰਮ ਦੇ ਨਿਯਮਾਂ ਦਾ ਦਾਇਰਾ ਟੱਪ ਸਕਦੇ ਹਨ ਤਾਂ ਫਿਰ ਧਰਮ ਰਾਹੀਂ ਵਿਆਹ ਕਰਵਾਉਣ ਦੀ ਲੋੜ ਹੀ ਕੀ ਹੈ? ਸਮਲਿੰਗੀ ਲੋਕਾਂ ਨਾਲ ਕਿਸੇ ਦਾ ਕੋਈ ਵੈਰ ਨਹੀਂ। ਉਹ ਆਪਣੀ ਨਿੱਜੀ ਜ਼ਿੰਦਗੀ ਵਿਚ ਜੋ ਮਰਜ਼ੀ ਕਰਨ ਕਿਸੇ ਨੂੰ ਭਲਾ ਕੀ ਇਤਰਾਜ਼। ਪਰੰਤੂ ਸਿੱਖ ਧਰਮ ਵਿਚ ਬਰਾਬਰਤਾ ਤੇ ਅਜ਼ਾਦੀ ਦੇ ਨਾਮ 'ਤੇ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਕਦਾਚਿਤ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਸਮਲਿੰਗੀ ਵਿਆਹ ਦਾ ਪ੍ਰਚਾਰ ਤੇ ਹਿਮਾਇਤ ਕਰਨ ਵਾਲਿਆਂ ਵਿਚ ਵੱਡੀ ਗਿਣਤੀ ਵਿਚ ਨਾਸਤਕ ਲੋਕਾਂ ਦੀ ਭੀੜ ਹੈ। ਲੰਮੇ ਸਮੇਂ ਤੋਂ ਨਾਸਤਕ ਲੋਕਾਂ ਵੱਲੋਂ ਕਿਸੇ ਨਾ ਕਿਸੇ ਰੂਪ ਵਿਚ ਪਰਮਾਤਮਾ ਦੀ ਹੋਂਦ ਉੱਪਰ ਸਵਾਲ ਖੜ੍ਹੇ ਕੀਤੇ ਜਾਂਦੇ ਹਨ ਅਤੇ ਅਜੀਬੋ-ਗਰੀਬ ਤਰਕ ਦੇ ਕੇ ਧਰਮ ਦੀਆਂ ਸਿੱਖਿਆਵਾਂ ਨੂੰ ਗਲਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬੋਲਣ ਦੀ ਅਜ਼ਾਦੀ ਦਾ ਦੁਰਉਪਯੋਗ ਕਰਦਿਆਂ ਨਾਸਤਕ ਲੋਕ ਖੁੱਲ੍ਹ ਕੇ ਪਰਮਾਤਮਾ ਤੇ ਧਰਮ ਦੇ ਵਿਰੁੱਧ ਬੋਲ ਰਹੇ ਹਨ। ਇਸੇ ਪ੍ਰਭਾਵ ਹੇਠ ਸੰਸਾਰ ਭਰ ਵਿਚ ਖਾਸਕਰ ਪੱਛਮੀ ਦੇਸ਼ਾਂ ਵਿਚ ਨਾਸਤਕ ਲੋਕਾਂ ਦੀ ਗਿਣਤੀ ਵਧੀ ਹੈ। ਸਮਾਜ ਅੰਦਰ ਆਸਤਕ ਅਤੇ ਨਾਸਤਕ ਦੋਵੇਂ ਤਰ੍ਹਾਂ ਦੇ ਲੋਕ ਅਰੰਭ ਤੋਂ ਹੀ ਪੈਦਾ ਹੁੰਦੇ ਆ ਰਹੇ ਹਨ ਪਰੰਤੂ ਸਮਾਜ ਨੂੰ ਸੱਭਿਅਕ ਬਣਾਉਣ ਵਿਚ ਕੇਵਲ ਆਸਤਕ ਲੋਕਾਂ ਦਾ ਯੋਗਦਾਨ ਰਿਹਾ ਹੈ, ਜਿਨ੍ਹਾਂ ਨੇ ਧਰਮ ਤੋਂ ਮਾਰਗ-ਦਰਸ਼ਨ ਲੈ ਕੇ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਯਮਾਂ ਦਾ ਨਿਰਮਾਣ ਕੀਤਾ। ਇਹ ਸੱਭਿਅਕ ਸਮਾਜ ਹੀ ਹੈ ਜੋ ਇਨਸਾਨ ਅਤੇ ਜਾਨਵਰ ਵਿਚ ਫਰਕ ਨੂੰ ਦਰਸਾਉਂਦਾ ਤੇ ਨਿਖੇੜਦਾ ਹੈ। ਧਰਮ ਅਧੀਨ ਬਣਿਆ ਸੱਭਿਅਕ ਸਮਾਜ ਵਹਿਸ਼ੀ ਮਾਨਸਿਕਤਾ ਕੋਲੋਂ ਮਾਸੂਮ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ।

ਸੱਭਿਅਕ ਸਮਾਜ ਵਿਚ 'ਵਿਆਹ' ਦੀ ਪਰੰਪਰਾ ਪਰਿਵਾਰ ਨੂੰ ਅੱਗੇ ਵਧਾਉਣ, ਸੰਤਾਨ ਪ੍ਰਾਪਤ ਕਰਨ ਲਈ ਜਾਂ ਕਹਿ ਲਉ ਕਿ ਮਨੁੱਖੀ ਨਸਲ ਨੂੰ ਇਸ ਧਰਤੀ ਤੋਂ ਖਤਮ ਹੋਣ ਤੋਂ ਬਚਾਉਣ ਲਈ ਹੋਂਦ ਵਿਚ ਆਈ। ਸਮਾਜ ਦੀਆਂ ਕਦਰਾਂ-ਕੀਮਤਾਂ ਜਾਂ ਰੀਤਾਂ ਅਨੁਸਾਰ ਕਿਸੇ ਗ਼ੈਰ-ਰਿਸ਼ਤੇਦਾਰ ਨਾਲ ਪਰਿਵਾਰ ਅੱਗੇ ਵਧਾਉਣ ਤੋਂ ਪਹਿਲਾਂ ਇੱਕ ਰਿਸ਼ਤਾ ਕਾਇਮ ਕਰਨ ਲਈ 'ਵਿਆਹ' ਦੀ ਰਸਮ ਕਾਇਮ ਕੀਤੀ ਗਈ। ਜੋ ਸਦੀਆਂ ਤੋਂ ਹਰ ਧਰਮ ਦੇ ਲੋਕਾਂ ਅੰਦਰ ਪ੍ਰਵਾਨ ਹੈ। ਭਾਵੇਂ ਹਰ ਧਰਮ ਦੇ ਰੀਤੀ-ਰਿਵਾਜ਼ ਤੇ ਸਿੱਖਿਆਵਾਂ ਵੱਖ-ਵੱਖ ਹਨ ਪਰ 'ਵਿਆਹ' ਦੀ ਰਸਮ ਨੂੰ ਲਗਪਗ ਸਭ ਧਰਮਾਂ ਨੇ ਪ੍ਰਵਾਨ ਕੀਤਾ, ਕਿਉਂਕਿ ਸੰਤਾਨ ਪ੍ਰਾਪਤੀ ਲਈ ਇਹੀ

ਇੱਕ ਸੱਭਿਅਕ ਢੰਗ ਹੈ।

ਜੇਕਰ ਕੋਈ ਸਮਲਿੰਗਿਕ ਆਪਸ ਵਿਚ ਵਿਆਹ ਕਰਵਾ ਲੈਣ ਤਾਂ ਇਸ ਨਾਲ ਸੰਤਾਨ ਦੀ ਪ੍ਰਾਪਤੀ ਨਹੀਂ ਹੁੰਦੀ ਜਾਂ ਮਨੁੱਖੀ ਪ੍ਰਜਾਤੀ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ, ਇਸ ਕਰਕੇ ਇਸਨੂੰ 'ਵਿਆਹ' ਨਹੀਂ ਮੰਨਿਆ ਜਾ ਸਕਦਾ। ਸਮਲਿੰਗੀ ਵਿਆਹ ਦੀ ਮੰਗ ਮਨੁੱਖੀ ਨਸਲ ਦੇ ਵਿਕਾਸ ਲਈ ਬਣੀ 'ਵਿਆਹ ਦੀ ਰਸਮ' ਦੇ ਉਦੇਸ਼ ਉੱਪਰ ਖਰੀ ਨਹੀਂ ਉਤਰਦੀ। ਸਮਲਿੰਗੀ ਵਿਆਹ ਨੂੰ ਮਾਨਤਾ ਦੇਣ ਨਾਲ ਜਿੱਥੇ ਵਿਆਹ ਦੇ ਸੰਸਕਾਰ ਦੀ ਉਲੰਘਣਾ ਹੋਵੇਗੀ, ਉਥੇ ਹੀ ਸਿੱਖ ਰਹਿਤ ਮਰਯਾਦਾ ਦੀ ਵੀ ਉਲੰਘਣਾ ਹੋਵੇਗੀ। ਇਸ ਨਾਲ ਪਰਿਵਾਰ ਅਤੇ ਸਮਾਜਕ ਰਿਸ਼ਤਿਆਂ ਦੀ ਮਹੱਤਤਾ ਘੱਟ ਹੋ ਜਾਵੇਗੀ ਕਿਉਂਕਿ ਵਿਆਹ ਨਾਲ ਪਰਿਵਾਰ ਅਤੇ ਪਰਿਵਾਰਾਂ ਨਾਲ ਸਮਾਜ ਬਣਦਾ ਹੈ। ਸਮਲਿੰਗੀ (ਲੈਸਬਿਅਨ ਜਾਂ ਗੇ) ਹੋਣਾ ਕੋਈ ਅਪਰਾਧ ਨਹੀਂ ਪਰੰਤੂ ਸਮਲਿੰਗੀ ਵਿਆਹ ਕੁਦਰਤੀ ਰੂਪ ਵਿਚ ਪਰਿਵਾਰ ਨੂੰ ਨਹੀਂ ਵਧਾ ਸਕਦਾ ਇਸ ਲਈ ਸਮਲਿੰਗੀ ਵਿਆਹ ਦੀ ਸਮਾਜ ਨੂੰ ਕੋਈ ਦੇਣ ਨਹੀਂ ਹੋ ਸਕਦੀ। ਇਸ ਕਰਕੇ ਸਮਲਿੰਗੀ ਸੰਬੰਧ ਨੂੰ ਵਿਆਹ ਦੀ ਸੰਗਿਆ ਦੇਣਾ ਗ਼ਲਤ ਹੈ।

ਕਈ ਸਦੀਆਂ ਪਸ਼ੂ-ਬਿਰਤੀ ਵਾਲੀ ਜ਼ਿੰਦਗੀ ਜਿਊਣ ਤੋਂ ਬਾਅਦ ਮਨੁੱਖ ਨੇ ਧਰਮ ਦੀ ਰੋਸ਼ਨੀ ਹੇਠ ਸੱਭਿਅਕ ਸਮਾਜ ਦੀ ਸਿਰਜਣਾ ਲਈ ਨਿਯਮ ਬਣਾਏ ਅਤੇ ਲਾਗੂ ਕੀਤੇ, ਜਿਨ੍ਹਾਂ ਵਿੱਚੋਂ ਵਿਆਹ ਦੀ ਰਸਮ ਇੱਕ ਪ੍ਰਮੁੱਖ ਨਿਯਮ ਹੈ। ਇਨ੍ਹਾਂ ਨਿਯਮਾਂ ਦੀ ਬਦੌਲਤ ਮਨੁੱਖ ਪਸ਼ੂ ਬਿਰਤੀ ਤੋਂ ਉੱਪਰ ਉੱਠ ਕੇ ਅਜੋਕੀ ਸੱਭਿਅਕ ਜ਼ਿੰਦਗੀ ਜਿਊਣ ਦੇ ਕਾਬਲ ਹੋ ਸਕਿਆ ਹੈ। ਇਹ ਨਿਯਮ ਵੱਡੇ ਪੱਧਰ 'ਤੇ ਜਿੱਥੇ ਇਸਤਰੀਆਂ ਨੂੰ ਮਰਦਾਂ ਦੀ ਕਾਮ ਵਾਸ਼ਨਾ ਦੇ ਸ਼ਿਕਾਰ ਹੋਣ ਤੋਂ ਬਚਾਉਣ ਵਿਚ ਸਹਾਈ ਹੋਏ, ਉੱਥੇ ਹੀ ਮਰਦ-ਜ਼ਾਤ ਨੂੰ ਵੀ ਕੁਕਰਮੀਆਂ ਦਾ ਸ਼ਿਕਾਰ ਬਣਨ ਤੋਂ ਬਚਾਉਂਦੇ ਹਨ। ਇਨ੍ਹਾਂ ਸਮਾਜਿਕ ਨਿਯਮਾਂ ਸਦਕਾ ਹੀ ਮਨੁੱਖੀ ਜ਼ਿੰਦਗੀ ਅਤੇ ਪ੍ਰਜਾਤੀ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਨਿਯਮਾਂ ਦੇ ਦਾਇਰੇ ਅੰਦਰ ਰਹਿ ਕੇ ਹੀ ਨਰੋਏ ਸਮਾਜ ਦੀ ਸਿਰਜਣਾ ਹੁੰਦੀ ਹੈ। ਵਿਭਚਾਰ ਦੀ ਪੂਰਤੀ ਲਈ ਇਨ੍ਹਾਂ ਨਿਯਮਾਂ ਅੰਦਰ ਭੰਨ-ਤੋੜ ਕਰਨ ਨਾਲ ਸਮਾਜ ਦਾ ਢਾਂਚਾ ਨਰੋਇਆ ਨਹੀਂ ਰਹਿ ਸਕੇਗਾ।

ਸਿੱਖ ਧਰਮ ਅੰਦਰ ਕਿਸੇ ਪ੍ਰਤੀ ਨਫਰਤ ਕਰਨੀ ਨਹੀਂ ਸਿਖਾਈ ਜਾਂਦੀ ਬਲਕਿ ਸਭਨਾਂ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਇਸ ਲੇਖ ਦਾ ਮਨੋਰਥ ਕੇਵਲ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਧਰਮ ਦੇ ਨਿਯਮਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਦੀ ਪ੍ਰੋੜ੍ਹਤਾ ਕਰਨਾ ਹੈ। ਅਜੋਕਾ ਸੱਭਿਅਕ ਸਮਾਜ, ਧਰਮ ਦੀ ਹੀ ਉਪਜ ਹੈ। ਜਿਸ ਦੀਆਂ ਕਦਰਾਂ-ਕੀਮਤਾਂ ਦੀ ਹੋਂਦ ਧਰਮ ਦੇ ਦਾਇਰੇ ਤੋਂ ਬਾਹਰ ਨਹੀਂ ਹੋ ਸਕਦੀ ਕਿਉਂਕਿ ਧਰਮਾਂ ਦੀਆਂ ਸਿੱਖਿਆਵਾਂ ਨੇ ਹੀ ਮਨੁੱਖ ਨੂੰ ਆਪਸੀ ਸਹਿਹੋਂਦ, ਭਾਈਚਾਰਕ ਸਾਂਝ, ਮਨੁੱਖੀ

ਅਧਿਕਾਰ ਅਤੇ ਆਪਸੀ ਮਿਲਵਰਤਨ ਦੇ ਨਿਯਮ ਪ੍ਰਦਾਨ ਕੀਤੇ ਹਨ। ਆਦਿ ਕਾਲ ਤੋਂ ਹੀ ਸਮਾਜ ਕਦੇ ਕਿਸੇ ਵਿਸ਼ੇਸ਼ ਨਸਲ ਦਾ ਗੁਲਾਮ ਨਹੀਂ ਰਿਹਾ ਅਤੇ ਨਾ ਹੀ ਸਮਾਜ ਕਿਸੇ ਵਿਸ਼ੇਸ਼ ਨਸਲ ਦੀ ਦੇਣ ਹੁੰਦਾ ਹੈ। ਇਸ ਲਈ ਸਮਾਜਿਕ ਸੰਤੁਲਨ ਨੂੰ ਧਿਆਨ ਵਿਚ ਰੱਖਦਿਆਂ ਧਾਰਮਿਕ ਪਾੜਾ ਵਧਾਉਣ ਦੀ ਬਜਾਏ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਰਹੁ-ਰੀਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਗੁਰ-ਇਤਿਹਾਸ, ਸਿੱਖ-ਇਤਿਹਾਸ ਤੇ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿਚ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਦਿਆਂ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ।

*** ਫੁੱਟ ਨੋਟ**

(੧) ਹੀਟਰੋਸੈਕਸੁਅਲ (Hetero Sexual): ਉਹ ਲੋਕ ਜੋ ਵਿਪਰੀਤ ਲਿੰਗ ਨਾਲ ਸੰਬੰਧ ਬਣਾਉਂਦੇ ਹਨ, ਭਾਵ ਇਸਤਰੀ ਅਤੇ ਮਰਦ ਦਾ ਇੱਕ-ਦੂਜੇ ਨਾਲ ਸੰਬੰਧ। (੨) ਗੇ (Gay): ਉਹ ਮਰਦ ਜੋ ਦੂਜੇ ਮਰਦ ਨਾਲ ਸੰਬੰਧ ਬਣਾਉਂਦਾ ਹੈ। (੩) ਲੈਸਬਿਅਨ (Lesbian): ਉਹ ਇਸਤਰੀ ਜੋ ਦੂਜੀ ਇਸਤਰੀ ਨਾਲ ਸੰਬੰਧ ਬਣਾਉਂਦੀ ਹੈ। ਗੇ ਅਤੇ ਲੈਸਬਿਅਨ ਨੂੰ ਹੋਮੋਸੈਕਸੂਅਲ (HomoSexual) ਭਾਵ ਸਮਲਿੰਗੀ ਕਿਹਾ ਜਾਂਦਾ ਹੈ। (੪) ਬਾਈਸੈਕਸੂਅਲ (Bi-Sexual): ਉਹ ਲੋਕ ਜੋ ਦੋਵੇਂ ਲਿੰਗਾਂ ਪ੍ਰਤੀ ਆਕਰਸ਼ਿਤ ਹੁੰਦੇ ਹਨ, ਭਾਵ ਇੱਕ ਇਸਤਰੀ ਕਿਸੇ ਮਰਦ ਅਤੇ ਇਸਤਰੀ ਦੋਨਾਂ ਨਾਲ ਸੰਬੰਧ ਬਣਾਉਂਦੀ ਹੈ ਅਤੇ ਮਰਦ ਕਿਸੇ ਇਸਤਰੀ ਅਤੇ ਮਰਦ ਦੋਨਾਂ ਨਾਲ ਸੰਬੰਧ ਬਣਾਉਂਦਾ ਹੈ। (੫) ਮੋਨੋਗੈਮਸ (Monogamous): ਉਹ ਵਿਅਕਤੀ ਜੋ ਕੇਵਲ ਇੱਕ ਜੀਵਨਸਾਥੀ ਨਾਲ ਵਿਆਹੁਤਾ ਜ਼ਿੰਦਗੀ ਜਿਊਂਦਾ ਹੈ। (੬) ਪੋਲੀਗੈਮੀ (Polygamy): ਉਹ ਵਿਅਕਤੀ ਜੋ ਇੱਕ ਤੋਂ ਵੱਧ ਜੀਵਨਸਾਥੀਆਂ ਨਾਲ ਵਿਆਹੁਤਾ ਜ਼ਿੰਦਗੀ ਜਿਊਂਦਾ ਹੈ। (੭) ਓਪਨ ਮੈਰਿਜ (Open Marriage): ਉਹ ਮਰਦ ਜਾਂ ਔਰਤ ਜੋ ਵਿਆਹੁਤਾ ਹੁੰਦਿਆਂ ਹੋਇਆਂ ਖੁੱਲ੍ਹੇਆਮ ਕਿਸੇ ਦੂਜੇ ਨਾਲ ਵੀ ਸੰਬੰਧ ਬਣਾਵੇ ਅਤੇ ਉਸ ਦੇ ਜੀਵਨ ਸਾਥੀ ਨੂੰ ਕੋਈ ਇਤਰਾਜ਼ ਨਾ ਹੋਵੇ। (੮) ਟਰਾਂਸਜੈਂਡਰ (Transgender): ਉਹ ਵਿਅਕਤੀ ਜਿਸਦੀ ਨਿੱਜੀ ਪਛਾਣ ਅਤੇ ਲਿੰਗ ਦੀ ਭਾਵਨਾ ਉਸਦੇ ਜਨਮ ਲਿੰਗ ਨਾਲ ਮੇਲ ਨਹੀਂ ਖਾਂਦੀ ਅਤੇ ਜੋ ਲੋਕ ਡਾਕਟਰੀ ਸਹਾਇਤਾ ਨਾਲ ਇੱਕ ਤੋਂ ਦੂਜੇ ਲਿੰਗ ਵਿਚ ਤਬਦੀਲੀ ਕਰਦੇ ਹਨ। (੯) ਸੁਡੋਹਰਮਾਫ੍ਰੋਡਿਟਿਜ਼ਮ (Pseudohermaphroditism): ਉਹ ਵਿਅਕਤੀ ਜਿਸਦੀ ਬਾਹਰੀ ਜਣਨ-ਅੰਗ ਆਪਣੀ ਲਿੰਗ ਪਛਾਣ ਦੇ ਨਾਲ-ਨਾਲ ਦੂਜੇ/ਵਿਪਰੀਤ ਲਿੰਗ ਦੇ ਵਰਗਾ ਹੋਵੇ। (੧੦) ਬੇਸਟੀਐਲਟੀ (Bestiality): ਉਹ ਲੋਕ ਜੋ ਜਾਨਵਰਾਂ ਨਾਲ ਕਾਮ ਭੋਗਦੇ ਹਨ। (੧੧) ਪੀਡੋਫਾਈਲ (Pedophile): ਉਹ ਲੋਕ ਜੋ ਛੋਟੇ-ਛੋਟੇ ਬੱਚਿਆਂ ਪ੍ਰਤੀ ਕਾਮੁਕ ਮਾਨਸਿਕਤਾ ਰੱਖਦੇ ਹਨ। (੧੨) ਹਾਈਪਰਸੈਕਸੁਐਲਿਟੀ (HyperSexuality): ਜੋ ਵਿਅਕਤੀ ਕਿਸੇ ਦੇ ਹੱਥ ਜਾਂ ਪੈਰ ਦੇਖ ਕੇ, ਆਵਾਜ਼ ਸੁਣ ਕੇ, ਕਿਸੇ ਦੀ ਬਾਂਹ ਦੇਖ ਕੇ ਆਦਿ ਨਾਲ ਕਾਮੁਕ ਹੋ ਜਾਂਦਾ ਹੈ। ਕਈ ਲੋਕ ਬਜ਼ੁਰਗਾਂ ਪ੍ਰਤੀ ਕਾਮੁਕਤਾ ਰੱਖਦੇ ਹਨ। ਕਈਆਂ ਦੀ ਮਾਨਸਿਕਤਾ ਇਸਤਰੀ ਦੀ ਇੱਜ਼ਤ ਲੁੱਟਣ ਵਾਲੀ ਹੁੰਦੀ ਹੈ। ਅਜਿਹੇ ਮਨੁੱਖਾਂ ਬਾਰੇ ਪੱਛਮੀ ਦੇਸ਼ਾਂ ਅੰਦਰ ਸ਼੍ਰੇਣੀਬੱਧ ਰੂਪ ਵਿਚ ਪਛਾਣ ਕੀਤੀ ਗਈ ਹੈ। ਇਸ ਤੋਂ ਇਲਾਵਾ ਏਸੈਕਸੁਅਲ (ASexual), ਡੇਮੀਸੈਕਸੁਅਲ (DemiSexual), ਗ੍ਰੇਸੈਕਸੁਅਲ (GreySexual) ਆਦਿ ਵੀ ਸੁਣਨ ਵਿਚ ਆ ਰਹੀਆਂ ਹਨ।

■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸੰਬੰਧੀ ਕੁਝ ਅਨਮੋਲ ਵੀਚਾਰ

*-ਭਾਈ ਰੇਸ਼ਮ ਸਿੰਘ**

**੧.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਸੰਸਾਰ ਦੇ ਸਭ ਧਾਰਮਿਕ ਥਾਵਾਂ ਵਿੱਚੋਂ ਸ੍ਰੇਸ਼ਟ ਹੈ।

**੨.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਜਿਹੜਾ ਸਿੱਖ ਆਪਣੀ ਜਾਨ ਤੋਂ ਵੀ ਪਿਆਰਾ ਸਮਝਦਾ ਹੈ, ਗੁਰੂ ਐਸੇ ਸਿੱਖ ਲਈ ਸੱਚਖੰਡ ਦੇ ਦਰਵਾਜ਼ੇ ਹੀ ਖੋਲ ਦਿੰਦਾ ਹੈ।

**੩.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੱਖ ਬੈਠੇ ਹੋਏ ਹਨ।

**੪.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਹਰ ਰੋਜ਼ ਭਾਵਨਾ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਵਾਲਾ ਸਿੱਖ ਜਦੋਂ ਅੰਤ ਸਮੇਂ ਰੱਬੀ ਦਰਗਾਹ ਵਿਚ ਜਾਂਦਾ ਹੈ ਤਾਂ ਉਸਦੀ ਰੂਹ ਨੂੰ ਧਰਮਰਾਜ ਵੀ ਉੱਠ ਕੇ ਨਮਸਕਾਰ ਕਰਦਾ ਹੈ।

**੫.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਜੋ ਹਰ ਵਕਤ ਗੁਰਬਾਣੀ ਦਾ ਕੀਰਤਨ ਹੋ ਰਿਹਾ ਹੈ ਮਾਨੋ ਕਿ ਹਰ ਵੇਲੇ ਰੱਬੀ ਨਾਮ ਦੀ ਵਰਖਾ ਹੋ ਰਹੀ ਹੈ।

**੬.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਭਗਤੀ ਅਤੇ ਸ਼ਕਤੀ ਦਾ ਉਹ ਕੇਂਦਰ ਹੈ, ਜਿੱਥੋਂ ਸਮੇਂ-ਸਮੇਂ 'ਤੇ ਬਹੁਤ ਹੀ ਬ੍ਰਹਮ ਗਿਆਨੀ, ਸੰਤ, ਭਗਤ ਅਤੇ ਸਿੰਘ, ਸੂਰਮੇ ਪੈਦਾ ਹੋਏ ਹਨ।

**੭.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਭਾਵਨਾ ਅਤੇ ਪਿਆਰ ਨਾਲ ਇਸ਼ਨਾਨ ਕੀਤਿਆਂ, ਪ੍ਰਾਣੀ ਦੇ ਸਭ ਦੁੱਖ, ਕਸ਼ਟ ਅਤੇ ਰੋਗ ਦੂਰ ਹੋ ਜਾਂਦੇ ਹਨ।

**੮.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਵਿਚ ਰਹਿਮਤਾਂ, ਬਖ਼ਸ਼ਿਸ਼ਾਂ ਅਤੇ ਬਰਕਤਾਂ ਭੱਜੀਆਂ ਹੀ ਫਿਰਦੀਆਂ ਹਨ, ਸਿਮਰਨ ਸਾਧਨਾ ਕਰਨ ਵਾਲੇ ਸਿੱਖ ਦੇ ਇਹ ਪਿੱਛੇ ਲੱਗ ਜਾਂਦੀਆਂ ਹਨ।

**੯.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਤੋਂ ਅੱਗੇ ਜਦੋਂ ਕੋਈ ਪ੍ਰਾਣੀ ਗੁਰਬਾਣੀ ਕੀਰਤਨ ਸੁਣਦਾ ਪੁਲ਼ ਰਾਹੀਂ ਸੱਚਖੰਡ ਵੱਲ ਜਾਂਦਾ ਹੈ ਸਮਝੋ ਕਿ ਇਸ ਪੁਲ਼ 'ਤੇ ਇੱਕ ਇੱਕ ਕਦਮ ਤੁਰਦਾ ਹੋਇਆ ਸੌ-ਸੌ ਪਾਪ ਕੱਟਦਾ ਜਾਂਦਾ ਹੈ।

** # ੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ੧੪੩੦੦੧। ਮੋ. ੯੮੧੫੧-੪੩੫੨੬*

**੧੦**. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਸੇਵਾ ਸਿਮਰਨ ਕਰਨ ਵਾਲੇ ਸਿੱਖ ਦਾ ਹਿਰਦਾ ਜਦੋਂ ਰੱਬੀ ਪਿਆਰ ਨਾਲ ਭਰ ਜਾਂਦਾ ਹੈ ਤਾਂ ਦੇਵਤੇ ਵੀ ਉਸ ਨੂੰ ਸਿਜਦਾ ਕਰਨ ਲੱਗ ਜਾਂਦੇ ਹਨ।

**੧੧.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਵਿਚ ਜੋ ਸਿੱਖ ਬਾਣੀ ਪੜ੍ਹਦਾ ਹੋਇਆ ਸੇਵਾ ਕਰਦਾ ਹੈ, ਐਸੇ ਸਿੱਖ ਦੇ ਘਰ ਦੀਆਂ ਬਰੂਹਾਂ 'ਤੇ ਰਿਜਕ ਸਦਾ ਹੱਥ ਜੋੜ ਕੇ ਖਲੋਤਾ ਰਹਿੰਦਾ ਹੈ।

**੧੨.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੱਜ ਤਕ ਜਿਸ ਪਾਪੀ ਨੇ ਵੀ ਮਿਟਾਉਣ ਦੀ ਕੋਸ਼ਿਸ਼ ਕੀਤੀ, ਉਹ ਪਾਪੀ ਇਸ ਫਾਨੀ ਸੰਸਾਰ ਵਿੱਚੋਂ ਸਦਾ-ਸਦਾ ਲਈ ਆਪ ਹੀ ਮਿਟ ਗਿਆ।

**੧੩.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਬੈਠ ਕੇ ਜੋ ਸਿੱਖ ਸ਼ਬਦ ਅਤੇ ਸੁਰਤ ਦੇ ਮੇਲ ਰਾਹੀਂ ਨਾਮ ਨਾਲ ਜੁੜਦਾ ਹੈ, ਐਸੇ ਸਿੱਖ ਦੇ ਹਿਰਦੇ ਅੰਦਰੋਂ ਪ੍ਰੇਮ ਦਇਆ ਅਤੇ ਨਿਮਰਤਾ ਦੇ ਝਰਨੇ ਵਗਣੇ ਸ਼ੁਰੂ ਹੋ ਜਾਂਦੇ ਹਨ।

**੧੪.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੇਵਾ ਸਿਮਰਨ ਕਰਨ ਵਾਲੇ ਸਿੱਖ ਦੀ ਗੁਰੂ ਜੀ ਪ੍ਰਸੰਨ ਹੋ ਕੇ ਐਸੀ ਝੋਲੀ ਭਰਦੇ ਹਨ, ਜਿਸ ਸਦਕਾ ਗੁਰੂ ਜੀ ਉਸ ਨੂੰ ਹੋਰਨਾਂ ਦੀਆਂ ਝੋਲੀਆਂ ਭਰਨ ਦੇ ਵੀ ਯੋਗ ਬਣਾ ਦਿੰਦੇ ਹਨ।

**੧੫.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਇਸ ਗੱਲ ਦੀ ਪੱਕੀ ਗਵਾਹੀ ਭਰਦੇ ਹਨ ਕਿ ਇਹ ਮਹਾਨ ਅਸਥਾਨ ਚਹੁੰ ਵਰਣਾਂ ਅਤੇ ਸਭ ਧਰਮਾਂ ਦਾ ਸਾਂਝਾ ਹੈ।

**੧੬.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੋਭਾ ਪੱਥਰਾਂ ਜਾਂ ਸੋਨੇ ਕਰਕੇ ਨਹੀਂ, ਇਸਦੀ ਮਹਾਨ ਸੋਭਾ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਕੇ ਹੈ।

**੧੭.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਮ੍ਰਿਤ ਸਰੋਵਰ ਵਿਚ ਸਤਿਗੁਰੂ ਜੀ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਨਾਮ ਦੀ ਐਸੀ ਔਸ਼ਧੀ ਪਾਈ ਹੈ, ਜਿਸ ਸਦਕਾ ਰਜਨੀ ਦੇ ਕੋਹੜੀ ਪਤੀ ਵਰਗੇ ਅਨੇਕਾਂ ਹੀ ਰੋਗੀਆਂ ਦੇ ਰੋਗ ਕੱਟੇ ਗਏ ਅਤੇ ਅੱਜ ਵੀ ਕੱਟੇ ਜਾ ਰਹੇ ਹਨ।

**੧੮.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਬਹੁਤ ਹੀ ਸੂਖਸ਼ਮ ਰੂਹਾਂ ਅਤੇ ਸੂਖਸ਼ਮ ਮੱਤ ਵਾਲੇ ਸਿੱਖ ਗੁਰਬਾਣੀ ਨਾਲ ਜੁੜੇ ਹੋਏ ਬੈਠੇ ਹੁੰਦੇ ਹਨ, ਜਿਹੜਾ ਮਨੁੱਖ ਦੁਨਿਆਵੀ ਗੱਲਾਂ ਕਰਕੇ ਉਨ੍ਹਾਂ ਦੀ ਸੁਰਤ ਤੋੜ ਦਿੰਦਾ ਹੈ, ਉਸ ਨੂੰ ਮਹਾਂ ਦੁੱਖ ਪ੍ਰਾਪਤ ਹੁੰਦਾ ਹੈ।

**੧੯.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਬ ਦੇ ਹੱਥ 'ਤੇ ਖੜੀ ਹੈ, ਜੁਗਾਂ ਜੁਗੰਤਰਾਂ ਤਕ ਵੀ ਇਸ ਦੀ ਨੀਂਹ ਨੂੰ ਕੋਈ ਹਿਲਾ ਨਹੀਂ ਸਕਦਾ।

**੨੦.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਗੁਰੂ ਜੀ ਦੇ ਹੁਕਮ ਨੂੰ ਮੰਨਣਾ ਹੀ,

ਸੱਚਖੰਡ ਦੇ ਦਰਸ਼ਨ ਕਰਨੇ ਹੁੰਦੇ ਹਨ। ਹੁਕਮ ਨਾ ਮੰਨਣ ਵਾਲੇ ਮਨੁੱਖ ਦੀ ਝੋਲੀ ਸਦਾ ਸੱਖਣੀ ਹੀ ਰਹਿੰਦੀ ਹੈ।

**੨੧.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਿਸੇ ਵਿਅਕਤੀ ਦੇ ਬੈਠਣ ਦੀ ਕੋਈ ਪੱਕੀ ਜਗ੍ਹਾ ਨਹੀਂ, ਜੋ ਆਪਣੀ ਪੱਕੀ ਜਗ੍ਹਾ ਬਣਾ ਬੈਠਦਾ ਹੈ, ਗੁਰੂ ਜੀ ਉਸ ਵੱਲ ਪਿੱਠ ਕਰ ਲੈਂਦੇ ਹਨ।

**੨੨.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਆਈ ਸੰਗਤ, ਸਤਿਗੁਰੂ ਜੀ ਦੇ ਪ੍ਰਾਹੁਣੇ ਹਨ, ਇਨ੍ਹਾਂ ਦਾ ਸਤਿਕਾਰ ਕਰਨਾ, ਸਤਿਗੁਰੂ ਜੀ ਦਾ ਸਤਿਕਾਰ ਕਰਨਾ ਹੁੰਦਾ ਹੈ।

**੨੩.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਗੁਰਬਾਣੀ ਦਾ ਹੋਣ ਵਾਲਾ ਕੀਰਤਨ, ਕਿਸੇ ਇੱਕ ਦੇਸ਼, ਫਿਰਕੇ ਜਾਂ ਜਾਤੀ ਲਈ ਨਹੀਂ। ਇਸ ਨੂੰ ਜੋ ਵੀ ਸੁਣੇਗਾ, ਮਹਾਂ ਸੁਖ ਪ੍ਰਾਪਤ ਕਰੇਗਾ।

**੨੪.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਦੀ ਜਿੰਦ ਅਤੇ ਜਾਨ ਹੈ, ਸਮੇਂ-ਸਮੇਂ 'ਤੇ ਬਾਬਾ ਦੀਪ ਸਿੰਘ ਜੀ, ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਸੁੱਖਾ ਸਿੰਘ ਜੀ, ਬਾਬਾ ਮਹਿਤਾਬ ਸਿੰਘ ਜੀ, ਸੰਤ ਜਰਨੈਲ ਸਿੰਘ ਖਾਲਸਾ ਅਤੇ ਹੋਰ ਅਨੇਕ ਯੋਧਿਆਂ ਨੇ ਇਸ ਦੀ ਆਨ ਅਤੇ ਸ਼ਾਨ ਬਦਲੇ ਆਪਣੀਆਂ ਜਾਨਾਂ ਤਕ ਵੀ ਕੁਰਬਾਨ ਕਰ ਦਿੱਤੀਆਂ।

**੨੫.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਤਾ ਹੋਇਆ ਪਾਪ, ਮਨੁੱਖ ਦੀ ਰੂਹ ਨੂੰ ਭੂੰਡਾਂ ਵਾਂਗੂੰ ਜਨਮਾਂ-ਜਨਮਾਂ ਤਕ ਚਿੰਬੜਿਆ ਰਹਿੰਦਾ ਹੈ।

**੨੬.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੋਹਣੇ ਸੋਹਣੇ ਚੰਦੋਏ, ਰੁਮਾਲੇ ਆਦਿ ਚਾੜ੍ਹਨੇ ਬਹੁਤ ਹੀ ਮੁਬਾਰਕ ਹੈ, ਪਰ ਮਹਾਨ ਸਤਿਗੁਰੂ ਜੀ ਦੀ ਵੱਡੀ ਪ੍ਰਸੰਨਤਾ ਤਾਂ ਹੁਕਮ ਮੰਨਣ ਵਾਲੇ ਸਿੱਖ ਨੂੰ ਹੀ ਮਿਲਦੀ ਹੈ।

**੨੭.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਹਰਿ ਕੀ ਪਉੜੀ 'ਤੇ ਅੰਮ੍ਰਿਤ ਜਲ ਦਾ ਚੂਲਾ ਲੈਣਾ, ਇਸ ਗੱਲ ਦਾ ਪ੍ਰਤੀਕ ਹੈ ਕਿ ਇਸ ਘਰ ਵਿਚ ਊਚ ਨੀਚ, ਜਾਤ ਪਾਤ ਜਾਂ ਭੇਦ ਭਾਵ ਦੀ ਕੋਈ ਜਗ੍ਹਾ ਨਹੀਂ ਇੱਥੇ ਤਾਂ "*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ*" ਦਾ ਹੀ ਸੰਦੇਸ਼ ਮਿਲਦਾ ਹੈ।

**੨੮.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਬਾਦਸ਼ਾਹ ਆਵੇ ਜਾਂ ਫਕੀਰ, ਰੱਬੀ ਉਪਦੇਸ਼ ਸਭ ਨੂੰ ਇੱਕੋ ਹੀ ਮਿਲਦਾ ਹੈ।

**੨੯.** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਸਾਰੇ ਖੰਡਾਂ-ਬ੍ਰਹਿਮੰਡਾਂ ਵਿਚ ਗੁਰੂ ਦੇ ਸ਼ਬਦ ਰੂਪੀ ਸੂਰਜ ਦਾ ਹੀ ਚਾਨਣ ਹੋ ਰਿਹਾ ਹੈ, ਜਿਹੜਾ ਸਿੱਖ ਇੱਥੇ ਸ਼ਬਦ ਰੂਪੀ ਸੂਰਜ ਵਿਚ ਆਪਣੀ ਕਿਰਨ ਰੂਪੀ ਸੁਰਤ ਜੋੜ ਬੈਠਦਾ ਹੈ, ਉਸਦੇ ਹਿਰਦੇ ਅੰਦਰ ਹਜ਼ਾਰਾਂ ਸੂਰਜਾਂ ਤੋਂ ਵੀ ਕਿਤੇ ਵੱਧ ਗਿਆਨ ਦਾ ਚਾਨਣ ਹੋ ਜਾਂਦਾ ਹੈ।

*ਕਵਿਤਾ:*

# ਬੇਨਜ਼ੀਰ ਨਾਨਕ

*-ਸ. ਮਾਨ ਸਿੰਘ 'ਲਾਂਬਾ' ਮਸਕੀਨ**

*ਲੰਮਾ ਪਿਆ ਤੱਕਿਆ ਪੁਰਸ਼ ਹਾਜੀਆਂ ਨੇ,*
*ਜਦੋਂ ਆਏ ਨਮਾਜ਼ ਗੁਜ਼ਾਰ ਕੇ ਤੇ।*
*ਸੁੱਤਾ ਪਿਆ ਸੀ ਨੀਂਦ ਵਿਚ ਮਸਤ ਹੋਕੇ,*
*ਲੱਤਾਂ ਮੱਕੇ ਦੇ ਵੱਲ ਪਸਾਰ ਕੇ ਤੇ।*
*ਪੈਰ ਕਰੀ ਦਰਗਾਹ ਵੱਲ ਪਿਆ ਕਿਹੜਾ,*
*ਖ਼ੌਫ ਅੱਲਾ ਦਾ ਦਿਲੋਂ ਵਿਸਾਰ ਕੇ ਤੇ।*
*ਪਕੜ ਲੱਤਾਂ ਦੇ ਤਾਈਂ ਘੁਮਾਣ ਲੱਗੇ,*
*ਮੱਕਾ ਨਾਲ ਫ਼ਿਰਦਾ ਚੱਕਰ ਮਾਰ ਕੇ ਤੇ।*
*ਡਿੱਗੇ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ,*
*ਧੁਰੋਂ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ,*
*ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ,*
*ਗੁਰੂ ਬਣ ਆਇਆ ਬੇਨਜ਼ੀਰ ਨਾਨਕ।*
*ਪਕੜ ਦੁਖੀ ਮਜ਼ਲੂਮ ਬੇਦੋਸ਼ ਹਿੰਦੂ,*
*ਬਾਬਰ ਜਬਰ ਦਾ ਆਣ ਐਲਾਨ ਕੀਤਾ*
*ਬੁੱਢੇ ਤੀਵੀਆਂ ਮਰਦ ਸਭ ਜੇਲ੍ਹ ਪਾ ਕੇ,*
*ਲੁੱਟ ਘਰਾਂ ਨੂੰ ਆਣ ਵੈਰਾਨ ਕੀਤਾ।*
*ਹਾਹਾਕਾਰ ਸੁਣ ਦੁਖੀਆਂ ਦੀ ਗੁਰੂ ਨਾਨਕ,*
*ਆਪ ਜੇਲ੍ਹ ਅੰਦਰ ਡੇਰਾ ਆਣ ਕੀਤਾ।*
*ਕਿਹਾ ਸਤਿ ਕਰਤਾਰ ਤਾਂ ਚੱਲੀ ਚੱਕੀ,*
*ਡਾਹਢਾ ਬਾਬਰ ਦੇ ਤਾਈਂ ਹੈਰਾਨ ਕੀਤਾ।*
*ਢੱਠਾ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ,*
*ਧੁਰੋਂ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ।*
*ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ,*
*ਗੁਰੂ ਬਣ ਆਇਆ ਬੇਨਜ਼ੀਰ ਨਾਨਕ।*
*ਮੱਕਾ, ਕਾਹਬਾ, ਬਗ਼ਦਾਦ ਨੂੰ ਤਾਰ ਬਾਬੇ,*
*ਕੀਤਾ ਮਿਸਰ ਦਾ ਸ਼ਾਹ ਅਸੀਰ [੧] ਨਾਨਕ।*
*ਗੰਜ ਖੋਲ੍ਹ ਗਰੀਬਾਂ ਨੂੰ ਵੰਡ ਦਿੱਤੇ,*
*ਜਦੋਂ ਸੱਚ ਦੀ ਕੀਤੀ ਤਕਰੀਰ ਨਾਨਕ।*
*ਵਲੀ ਰੋਹੜਿਆ ਗੁੱਸੇ ਵਿਚ ਜਦੋਂ ਪਰਬਤ,*
*ਪੰਜਾ ਅੱਗੇ ਕਰ ਦਿੱਤਾ ਬਲਬੀਰ ਨਾਨਕ।*
*ਪਰਬਤ ਮੋਮ ਹੋਇਆ ਪੰਜੇ ਨਾਲ ਲੱਗ ਕੇ,*
*ਬਣੀ ਪੰਜੇ ਦੀ ਪਿਆਰੀ ਤਸਵੀਰ ਨਾਨਕ।*
*ਡਿੱਠਾ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ,*
*ਧੁਰੋਂ ਅੱਲ੍ਹਾ ਦਾ ਆਇਆ ਸਫੀਰ ਨਾਨਕ।*
*ਮੁਸਲਮਾਨ, ਹਿੰਦੂ, ਸਿੱਖਾਂ ਸਾਰਿਆਂ ਦਾ,*
*ਗੁਰੂ ਬਣ ਆਇਆ ਬੇਨਜ਼ੀਰ ਨਾਨਕ।*
*ਕੱਤਕ ਪੁੰਨਿਆ ਦੀ ਆਈ ਰਾਤ ਸੋਹਣੀ,*
*ਚਾਨਣ ਸਾਰੇ ਹੀ ਜ਼ਿਮੀਂ ਆਸਮਾਨ ਹੋਇਆ।*
*ਠੰਡੀ ਪੌਣ ਦੇ ਝੌਕਿਆਂ ਨਾਲ ਮੇਰੀ,*
*ਖੁੱਲ੍ਹੀ ਅੱਖ ਮੈਂ ਵੇਖ ਹੈਰਾਨ ਹੋਇਆ।*
*ਵਰਖਾ ਫ਼ੁੱਲਾਂ ਦੀ ਹੋ ਰਹੀ ਅਰਸ਼ ਵਿੱਚੋਂ,*
*ਨਾਦ ਵੱਜਿਆ ਇਹ ਐਲਾਨ ਹੋਇਆ।*
*ਭਾਰਤ ਵਰਸ਼ [੨] 'ਤੇ ਦੁਖੀਆਂ ਦੇ ਤਾਰਨੇ ਨੂੰ,*
*ਰੱਬ ਆਪ ਅਵਤਾਰ [੩] ਹੈ ਆਨ ਹੋਇਆ।*
*ਸੋਹਣਾ ਦਰਸ 'ਮਸਕੀਨ' ਦਾ ਚਲੋ ਕਰੀਏ,*
*ਪਿਆਰਾ ਅੱਲ੍ਹਾ ਦਾ ਆਇਆ ਸਫੀਰ ਨਾਨਕ।*
*ਮੁਸਲਮਾਨ ਹਿੰਦੂ ਸਿੱਖਾਂ ਸਰਿਆਂ ਦਾ,*
*ਗੁਰੂ ਬਣ ਆਇਆ ਬੇਨਜ਼ੀਰ ਨਾਨਕ।*

੧ ਵੱਡਾ, ਬੁਲੰਦ, ਸ੍ਰੇਸ਼ਟ
੨ ਜਗਤ ਜਲੰਦੇ ਨੂੰ ਤਾਰਨ ਲਈ
੩ ਪ੍ਰਕਾਸ਼

* *ਗੁਰਪੁਰਵਾਸੀ*

*ਕਵਿਤਾ:*

# ਸ੍ਰੀ ਗੁਰੂ ਨਾਨਕ ਦੇਵ ਜੀ

*-ਬੀਬੀ ਪਰਮਜੀਤ ਕੌਰ**

**ਪਹਿਲੋਂ ਦੇ ਹਾਲਾਤ:**

*ਹੇ ਨਾਨਕ! ਜਦ ਹਰ ਪਾਸੇ,*
*ਨੇਕੀ ਦਾ ਮੂੰਹ ਕੁਮਲਾਇਆ ਸੀ।*
*ਜਦ ਜ਼ੁਲਮ ਨੇ ਚਿੱਟੇ ਦਿਨ ਨੂੰ ਵੀ,*
*ਮੱਸਿਆ ਦੀ ਰਾਤ ਬਣਾਇਆ ਸੀ।*
*ਜਦ ਧਰਮ ਦੀਆਂ ਬੁਨਿਆਦਾਂ ਨੂੰ,*
*ਪਾਪਾਂ ਨੇ ਜੜ੍ਹੋਂ ਹਲਾਇਆ ਸੀ।*
*ਜਦ ਬੇਇਨਸਾਫੀ ਰਾਜਿਆਂ ਨੇ,*
*ਪਰਜਾ ਦਾ ਸਾਹ ਸੁਕਾਇਆ ਸੀ।*
*ਉਸ ਵੇਲੇ ਤੂੰ ਪ੍ਰਕਾਸ਼ ਧਾਰ,*
*ਇੱਕ ਨੂਰ ਦਾ ਮੀਂਹ ਵਰਸਾ ਦਿੱਤਾ।*
*ਸਭ ਕੰਡੇ ਫੁੱਟ ਦੇ ਪੁੱਟ ਕੇ ਤੇ,*
*ਇੱਕ ਬੂਟਾ ਪਿਆਰ ਦਾ ਲਾ ਦਿੱਤਾ।*

**ਅੱਜ ਦੇ ਹਾਲਾਤ:**

*ਹੁਣ ਜ਼ੁਲਮ ਓਦੋਂ ਤੋਂ ਘੱਟ ਨਹੀਂ,*
*ਦਿਨ ਦੀਵੀਂ ਪੈਂਦੇ ਧਾੜੇ ਨੇ।*
*ਹੁਣ ਵੀ ਬਦੀ ਦੇ ਪੈਰਾਂ ਥੱਲੇ,*
*ਰੁਲਦੇ ਤਰਲੇ ਹਾੜੇ ਨੇ।*
*ਹੁਣ ਵੀ ਮਜ਼ਹਬਾਂ ਦੇ ਨਾਵਾਂ 'ਤੇ,*
*ਵੈਰ ਲੜਾਈਆਂ ਸਾੜੇ ਨੇ।*
*ਤੇ ਚੌਧਰ ਦੇ ਪਰਛਾਵੇਂ ਥੱਲੇ,*
*ਪੈਂਦੇ ਨਿੱਤ ਪੁਆੜੇ ਨੇ।*
*ਮੈਂ ਕਿਹੜੀ-ਕਿਹੜੀ ਗੱਲ ਦੱਸਾਂ,*
*ਕੋਈ ਵਾ ਅਜੇਹੀ ਵੱਗੀ ਏ?*
*ਹਰ ਥਾਂ 'ਤੇ ਧੋਖੇਬਾਜ਼ੀ ਏ,*
*ਖੁਦਗਰਜ਼ੀ ਲੁੱਟ ਤੇ ਠੱਗੀ ਏ।*
*ਕੀ ਸਿੱਧਾਂ ਵਰਗਿਆਂ ਸਿੱਧਾਂ ਦੇ,*
*ਅੱਜ ਬਣੇ ਪਖੰਡ ਦੇ ਅੱਡੇ ਨਹੀਂ?*
*ਕੀ ਸੱਜਣ ਵਰਗਿਆਂ ਸੱਜਣਾਂ ਨੇ,*
*ਅੱਜ ਝੂਠ ਦੇ ਝੰਡੇ ਗੱਡੇ ਨਹੀਂ?*
*ਕੀ ਕੌਡੇ ਆਦਮ ਖੋਰਾਂ ਨੇ,*
*ਅਰਮਾਨ ਦਿਲਾਂ ਦੇ ਕੱਢੇ ਨਹੀਂ?*
*ਕੀ ਤਾਕਤਵਰਾਂ ਦੀ ਵੱਢੀ ਨੇ,*
*ਅੱਜ ਹੱਥ ਇਨਸਾਫ ਦੇ ਵੱਢੇ ਨਹੀ?*
*ਆਖਰ ਤਾਂ ਇਸ ਰਾਤ ਪਿੱਛੋਂ,*
*ਹੋਣੀ ਪਰਭਾਤ ਜ਼ਰੂਰੀ ਏ।*
*ਪਰ ਹਾਲੀ ਮੈਨੂੰ ਦਿਸਦਾ ਏ,*
*ਕਿ ਹੋਈ ਕਸਰ ਨਾ ਪੂਰੀ ਏ।*
*ਹੇ ਜ਼ਾਹਰ ਪੀਰ! ਹੇ ਜਗਤ ਗੁਰੂ!!*
*ਤੂੰ ਫਿਰਿਐਂ ਕੁੱਲ ਅਸਥਾਨਾਂ ਵਿਚ।*
*ਪਾਤਾਲਾਂ ਵਿਚ ਅਕਾਸ਼ਾਂ ਵਿਚ,*
*ਤੂੰ ਘਰਾਂ ਵਿਚ ਸਮਸਾਨਾਂ ਵਿਚ।*
*ਤੂੰ ਮੱਕੇ ਦੀਆਂ ਅਜਾਨਾਂ ਵਿਚ,*
*ਤੇ ਕਾਂਸ਼ੀ ਦਿਆਂ ਵਿਦਵਾਨਾਂ ਵਿਚ।*
*ਤੂੰ ਰਹਿਬਰ ਬਣ ਕੇ ਦੁਨੀਆਂ ਨੂੰ,*
*ਜ਼ਿੰਦਗੀ ਦਾ ਰਾਹ ਵਿਖਾਇਆ ਸੀ।*
*ਤੂੰ ਇੱਕੋ ਮਾਲਾ ਵਿਚ ਪ੍ਰੋਅ,*
*ਸ਼ਾਂਤੀ ਤੇ ਅਮਨ ਸਿਖਾਇਆ ਸੀ।*

** ਗੁਰਪੁਰਵਾਸੀ, ਸੁਪਤਨੀ ਮੋਹਨ ਸਿੰਘ ਉਰਲਾਣਾ, ਮਕਾਨ ਨੰ. ਐਲ-੬/੯੦੫, ਗਲੀ ਨੰ. ੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ: ੯੭੭੯੬-੦੮੦੫੦*

**ਤਰਲਾ-ਹਾੜ੍ਹਾ:**

*ਅੱਜ ਵੀ ਤੇਰੀ ਲੋੜ ਹੈ ਬਾਬਾ!*
*ਜੱਗ ਦੀ ਤਪਸ ਮਿਟਾ ਦੇ ਤੂੰ।*
*ਸਾਕੀ ਬਣ ਕੇ ਦੁਨੀਆਂ ਨੂੰ,*
*ਫਿਰ ਨਾਮ ਦਾ ਜ਼ਾਮ ਪਿਲਾ ਦੇ ਤੂੰ।*
*ਇਸ ਢੱਠੀ ਹੋਈ ਮਨੁੱਖਤਾ ਨੂੰ,*
*ਇੱਕ ਵਾਰੀ ਫੇਰ ਉਠਾ ਦੇ ਤੂੰ।*
*ਮੁੜ ਜ਼ਿੰਦਗੀ ਦੇ ਮੂੰਹ ਉੱਤੋਂ,*
*ਘੁੰਡ ਮੌਤ ਦਾ ਲਾਹ ਦੇ ਤੂੰ।*
*ਏਕ ਨੂਰ 'ਤੇ ਸਭ ਜੱਗ ਉਪਜਿਆ,*
*ਗੀਤ ਐਸਾ ਫਿਰ ਗਾ ਦਾਤਾ।*
*ਮਜ਼ਹਬਾਂ ਦਾ ਝਗੜਾ ਮੁੱਕ ਜਾਵੇ,*
*ਏਕੇ ਦਾ ਸਬਕ ਸਿਖਾ ਦਾਤਾ।*

*ਬਾਲ ਕਵਿਤਾ*

# ਚੰਗੀਆਂ ਕਿਤਾਬਾਂ

*ਸ. ਹਰਪ੍ਰੀਤ ਸਿੰਘ ਪੱਤੋ**

*ਬੱਚਿਓ, ਕਿਤਾਬਾਂ ਨਾਲ ਕਰੋ ਪਿਆਰ,*
*ਇਹਨਾਂ ਵਿਚ ਹੈ ਜੀਵਨ ਸਾਰ।*
*ਵਿਦਵਾਨਾਂ ਨੂੰ ਜਦ ਤੁਸੀਂ ਪੜ੍ਹੋਗੇ,*
*ਜ਼ਿੰਦਗੀ ਦਾ ਸੰਘਰਸ਼ ਲੜ੍ਹੋਗੇ।*
*ਚੰਗੀਆਂ ਕਿਤਾਬਾਂ ਸਾਡੀਆਂ ਮਿੱਤਰ,*
*ਜਾਣਕਾਰੀ ਵਿਚ ਹੁੰਦੀ ਇਕੱਤਰ।*
*ਆਪਣੇ ਘਰ ਲਾਇਬ੍ਰੇਰੀ ਬਣਾਓ,*
*ਵਧੀਆ ਵਧੀਆ ਕਿਤਾਬਾਂ ਲਿਆਓ।*
*ਛੁਪਿਆ ਹੈ ਵਿਚ ਅਨਮੋਲ ਖ਼ਜ਼ਾਨਾ,*
*ਪੜ੍ਹਿਆਂ ਲਿਖਿਆਂ ਦਾ ਬੱਚਿਓ ਜ਼ਮਾਨਾ।*
*ਮਨ ਇਕਾਗਰ ਜਦ ਤੁਸੀਂ ਕਰੋਗੇ,*
*ਇੱਕ ਵੱਖਰੇ ਰਸ ਨਾਲ ਫੇਰ ਭਰੋਗੇ।*
*ਬੱਚਿਓ ਪੜ੍ਹੋ ਕਿਤਾਬਾਂ ਤੇ ਬਣੋ ਸਿਆਣੇ,*
*ਪੱਤੋ, ਵਧੀਆ ਮਿਲਣ ਟਿਕਾਣੇ।*

** ਪਿੰਡ ਪੱਤੋ ਹੀਰਾ ਸਿੰਘ, ਜ਼ਿਲ੍ਹਾ ਮੋਗਾ-੧੪੨੦੦੧। ਮੋ: ੯੪੬੫੮੨੧੪੧੭*

*ਕਵਿਤਾ:*

# ਉਸਤਤਿ ਕਰਿ ਕਰਿ ਜੀਵਾ

*-ਡਾ. ਸਰਬਜੀਤ ਕੌਰ ਸੰਧਾਵਾਲੀਆ**

**ਪਾਤਸ਼ਾਹੀ ਪਹਿਲੀ**

*ਧੰਨ ਧੰਨ ਸਤਿਗੁਰ ਨਾਨਕ ਦੇਵ ਜੀਉ*
*ਨਿਰੰਕਾਰ ਵੀ ਸਤਿਕਰਤਾਰ ਵੀ ਹੋ।*
*ਮਿਹਰਵਾਨ ਦਇਆਲ ਕਰੁਣਮਈ ਦਾਤੇ*
*ਤੁਸੀ ਪਾਪੀਆਂ ਨੂੰ ਬਖ਼ਸ਼ਣਹਾਰ ਵੀ ਹੋ।*
*ਮਹਾਂਜੋਤ ਵੀ ਹੋ ਮਹਾਂਨੂਰ ਵੀ ਹੋ*
*ਰਾਗ ਨਾਦ ਤੇ ਕਾਵਿ ਸ਼ਿੰਗਾਰ ਵੀ ਹੋ।*
*ਸਾਰੇ ਵਿਸ਼ਵ ਦੀ ਆਪ ਹੀ ਆਤਮਾ ਹੋ*
*ਭਉਜਲ ਜਗਤ ਵਿੱਚੋਂ ਤਾਰਨਹਾਰ ਵੀ ਹੋ।*
*ਤਪਦੇ ਹਿਰਦਿਆਂ ਨੂੰ ਤੁਸੀਂ ਠਾਰ ਦੇਂਦੇ।*
*ਨਾਮ ਬਾਣੀ ਦੀ ਮਿੱਠੀ ਫੁਹਾਰ ਵੀ ਹੋ।*
*ਲੱਖਾਂ ਵਾਰ ਡੰਡਉਤ ਪਰਵਾਨ ਕਰਨਾ*
*ਆਪ ਨੀਵੇਂ ਗ਼ਰੀਬਾਂ ਦੇ ਯਾਰ ਵੀ ਹੋ।*

**ਪਾਤਸ਼ਾਹੀ ਦੂਜੀ**

*ਮਹਾਂਚੰਦ੍ਰਮਾ ਹੋ ਜਿਸਦੀ ਚਾਨਣੀ ਵਿਚ*
*ਜਿੰਦਾਂ ਢੱਠੀਆਂ ਉੱਠ ਕੇ ਚੱਲਦੀਆਂ ਨੇ।*
*ਤੁਸੀਂ ਨੂਰ ਹੋ ਜਿਸਦੇ ਪ੍ਰਕਾਸ਼ ਦੀਆਂ*
*ਜੋਤਾਂ ਦੋਹਾਂ ਜਹਾਨਾਂ ਵਿਚ ਬਲਦੀਆਂ ਨੇ।*
*ਪਰਮਸੱਚ ਹੈ ਜਿਸਨੂੰ ਅਰਾਧੀਏ ਤਾਂ*
*ਸਾਡੀਆਂ ਔਕੜਾਂ ਮੁਸ਼ਕਲਾਂ ਟਲਦੀਆਂ ਨੇ*
*ਤੁਹਾਡੇ ਲਾਏ ਪ੍ਰੀਤ ਦੇ ਬਾਗ਼ ਅੰਦਰ*
*ਕੋਇਲਾਂ, ਬੁਲਬੁਲਾਂ, ਸੰਗਤਾਂ ਪਲਦੀਆਂ ਨੇ।*
*ਦਿੱਤਾ ਮਾਣ ਜੋ ਗੁਰਮੁਖੀ ਅੱਖਰਾਂ ਨੂੰ*
*ਦੇਖ ਸੁਰਤੀਆਂ ਅਦਬ ਵਿਚ ਢਲਦੀਆਂ ਨੇ।*
*ਬੀਬੀ ਅਮਰੋ ਜੀ ਵਰਗੀਆਂ ਧਰਮ ਧੀਆਂ*
*ਤੁਹਾਡੇ ਪ੍ਰੇਮ ਸੁਨੇਹੜੇ ਘੱਲਦੀਆਂ ਨੇ।*

**ਪਾਤਸ਼ਾਹੀ ਤੀਜੀ**

*ਤੂੰ ਹੈਂ ਪਾਤਸ਼ਾਹ ਮਾਣ ਨਿਮਾਣਿਆਂ ਦਾ*
*ਮੇਰੇ ਸ਼ਬਦ ਦੇ ਦਾਇਰੇ ਤੋਂ ਪਾਰ ਹੈਂ ਤੂੰ।*
*ਸ਼ਾਨਾਂ ਵਾਲਿਆ ਸਾਹਿਬਾ ਮੇਰਿਆ ਵੇ*
*ਅੰਦਰ ਬਾਹਰ ਹੈਂ ਤੂੰ ਹਰ ਥਾਂ ਜ਼ਾਹਰ ਹੈਂ ਤੂੰ।*
*ਪ੍ਰੇਮੇ ਵਰਗਿਆਂ ਦੇ ਕੋਹੜ ਦੂਰ ਕਰਦਾ*
*ਵੱਡੀਆਂ ਬਖਸ਼ਿਸ਼ਾਂ ਵਿਚ ਵੀ ਮਾਹਰ ਹੈਂ ਤੂੰ।*
*ਸਤੀ ਪ੍ਰਥਾ ਤੇ ਪਰਦੇ ਦੀ ਰਸਮ ਤੋੜੀ*
*ਭੈੜੇ ਰੀਤੀ ਰਿਵਾਜਾਂ ਲਈ ਨਾਹਰ ਹੈਂ ਤੂੰ।*
*ਸੇਵਾ ਸਿਮਰਨ ਤੇ ਘਾਲ ਕਮਾਈ ਐਸੀ*
*ਸਾਡੀ ਬੁੱਧੀ ਦੀ ਪਕੜ ਤੋਂ ਬਾਹਰ ਹੈਂ ਤੂੰ।*

**ਪਾਤਸ਼ਾਹੀ ਚੌਥੀ**

*ਸੱਚੇ ਪਾਤਸ਼ਾਹ ਸੋਢੀ ਸੁਲਤਾਨ ਮੇਰੇ*
*ਕਰਾਂ ਕਿਸ ਤਰ੍ਹਾਂ ਉਪਮਾ ਕਮਾਲ ਤੇਰੀ।*
*ਅੱਖਰ ਕੋਈ ਵੀ ਤੇਰੇ ਨਾ ਮੇਚ ਆਵੇ*
*ਐਸੀ ਹਸਤੀ ਹੈ ਬੇਮਿਸਾਲ ਤੇਰੀ।*
*ਸੇਵਾ ਨਿਮ੍ਰਤਾ ਦੇ ਪਾਏ ਪੂਰਨੇ ਜੋ*
*ਕੈਸੀ ਘਾਲਣਾ ਬਾਕਮਾਲ ਤੇਰੀ।*
*ਅੰਮ੍ਰਿਤਸਰ ਦਾ ਨਗਰ ਵਸਾਉਣ ਵਾਲੇ*
*ਝੱਲੀ ਜਾਏ ਨਾ ਸਾਹਿਬਾ ਝਾਲ ਤੇਰੀ।*
*ਸੇਵਾ, ਨਾਮ, ਵੈਰਾਗ ਦੇ ਪੁੰਜ ਸਾਹਿਬ*
*ਮਹਿਮਾ ਕਿਸ ਤਰ੍ਹਾਂ ਕਰਾਂ ਵਿਸ਼ਾਲ ਤੇਰੀ।*

**ਪਾਤਸ਼ਾਹੀ ਪੰਜਵੀਂ**

*ਜਦੋਂ ਤੇਰੀ ਸ਼ਹਾਦਤ ਦੀ ਗੱਲ ਕਰੀਏ*
*ਬੋਲ ਸਾਡੀ ਜ਼ਬਾਨੋ ਨਹੀਂ ਕਹੇ ਜਾਂਦੇ।*
*ਗ਼ਲਾ ਰੁਕ ਜਾਂਦਾ, ਸੀਸ ਝੁਕ ਜਾਂਦਾ*

**ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬੁਲੰਦਪੁਰੀ ਸਾਹਿਬ, ਤਹਿ: ਨਕੋਦਰ-੧੪੪੦੪੧; (ਜਲੰਧਰ) ਮੋ. +੯੧੯੮੧੪੭੧੬੩੬੭*

*ਹੰਝੂ ਵਾਂਗ ਪਰਨਾਲਿਆਂ ਵਹੀ ਜਾਂਦੇ।*
*ਬੋਹਿਥ ਬਾਣੀ ਦੇ ਤੇ ਸਾਗਰ ਸ਼ਾਂਤੀ ਦੇ*
*ਤੱਤੀ ਤਵੀ ਤੇ ਦੇਗ ਵਿਚ ਬਹੀ ਜਾਂਦੇ।*
*ਮਾਲਕ ਹੋ ਕੇ ਸਾਰੀਆਂ ਤਾਕਤਾਂ ਦੇ*
*ਫਿਰ ਵੀ ਅੰਤਾਂ ਦੇ ਜਬਰ ਹਨ ਸਹੀ ਜਾਂਦੇ।*
*ਆਪ ਜਰ ਕੇ ਕਹਿਰ ਦੇ ਸਾਕਿਆਂ ਨੂੰ*
*ਮੁੱਖੋਂ ਮਿੱਠੜੇ ਬੋਲ ਹੀ ਕਹੀ ਜਾਂਦੇ।*
*ਕਰ ਕੇ ਯਾਦ ਉਪਕਾਰ ਹਰ ਪਲ ਸਾਹਿਬ*
*ਅਸੀਂ ਤੇਰਿਆਂ ਚਰਨਾਂ ’ਤੇ ਢਹੀ ਜਾਂਦੇ।*

**ਪਾਤਸ਼ਾਹੀ ਛੇਵੀਂ**

*ਲਖਤੇ-ਜਿਗਰ ਉਹ ਪੰਜਵੇਂ ਪਾਤਸ਼ਾਹ ਦੇ*
*ਮਹਾਂਨੂਰ ਸੀ ਧਾਰ ਸਰੀਰ ਆਏ।*
*ਲੈ ਕੇ ਰੂਪ ਅਨੂਪ ਤੇ ਚੰਦ ਚਿਹਰਾ*
*ਛੇਵੇਂ ਪਾਤਸ਼ਾਹ ਪੀਰਾਂ ਦੇ ਪੀਰ ਆਏ।*
*ਧਰਮ, ਸ਼ਾਨ, ਦਲੇਰੀ ਤੇ ਅਣਖ ਵਾਲੇ*
*ਸੱਚੇ ਪਾਤਸ਼ਾਹ ਮੀਰਾਂ ਦੇ ਮੀਰ ਆਏ।*
*ਤਰਸਵਾਨ ਹਮਦਰਦ ਬਲਵਾਨ ਜੋਧੇ*
*ਬਣ ਕੇ ਜਗਤ ਦੇ ਸੀ ਆਲਮਗੀਰ ਆਏ।*
*ਬੈਠੇ ਸ਼ਹਿਨਸ਼ਾਹ ਤਖ਼ਤ ਅਕਾਲ ਉੱਤੇ*
*ਬਣ ਕੇ ਬੇਬਸਾਂ ਦੇ ਦਾਮਨਗੀਰ ਆਏ।*
*ਚਾਰੇ ਧਰਮ ਦੇ ਯੁੱਧ ਸਨ ਫ਼ਤਿਹ ਕੀਤੇ*
*ਮਹਾਂਬਲੀ ਤੇਜੱਸਵੀ ਬੀਰ ਆਏ।*

**ਪਾਤਸ਼ਾਹੀ ਸੱਤਵੀਂ**

*ਸੱਤਵੇਂ ਪਾਤਸ਼ਾਹ ਨੈਣਾਂ ਦੇ ਨੂਰ ਸਾਹਿਬ*
*ਆ ਕੇ ਜਗਤ ਨੂੰ ਆਪ ਰੁਸ਼ਨਾ ਗਏ ਹੋ।*
*ਧੁਰ ਕੀ ਬਾਣੀ ਦਾ ਕਿਵੇਂ ਸਤਿਕਾਰ ਕਰਨਾ*
*ਸਾਨੂੰ ਸੁੱਚੀਆਂ ਰੀਤਾਂ ਸਮਝਾ ਗਏ ਹੋ।*
*ਸੁੰਦਰ ਬਾਗ਼ ਬਗੀਚੇ ਤਿਆਰ ਕਰਕੇ*
*ਬੂਟੇ ਔਸ਼ਧੀਜਨਕ ਲਗਵਾ ਗਏ ਹੋ।*
*ਪਸ਼ੂ ਪੰਛੀਆਂ ਉਤੇ ਵੀ ਦਇਆ ਕਰ ਕੇ*
*ਹਸਪਤਾਲ ਤੇ ਰੱਖਾਂ ਬਣਵਾ ਗਏ ਹੋ।*
*ਕਾਦਰ ਕੁਦਰਤ ਨੂੰ ਸਦਾ ਪਿਆਰ ਕਰਨਾ*
*ਫੁੱਲਾਂ ਵਾਂਗ ਮੁਸਕਾਉਣਾ ਸਿਖਾ ਗਏ ਹੋ।*
*ਲੱਖਾਂ ਵਾਰ ਡੰਡਉਤ ਪ੍ਰਣਾਮ ਸਾਡੇ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਪਾਤਸ਼ਾਹੀ ਅੱਠਵੀ**

*ਛੋਟੀ ਉਮਰ ਦੇ ਵੱਡੇ ਦਾਤਾਰ ਸਾਹਿਬ*
*ਧੰਨ ਧੰਨ ਪਿਤਾ ਤੇ ਆਪ ਦੀ ਮਾਂ ਧੰਨ ਹੈ।*
*ਤੁਹਾਡੇ ਰਾਹਾਂ ਦੀ ਧੰਨਤਾਯੋਗ ਧੂੜੀ*
*ਤੁਹਾਡੇ ਪਿਆਰ ਦੀ ਠੰਢੜੀ ਛਾਂ ਧੰਨ ਹੈ।*
*ਜਿੱਥੇ ਜਿੱਥੇ ਤੁਸੀਂ ਪਾਵਨ ਚਰਨ ਪਾਏ*
*ਉਹ ਸ਼ਹਿਰ, ਉਹ ਨਗਰ, ਗਿਰਾਂ ਧੰਨ ਹੈ।*
*ਬਾਲਾ ਪ੍ਰੀਤਮ ਜੀ ਤੁਹਾਡੇ ਉਪਕਾਰ ਵੱਡੇ*
*ਤੁਹਾਡੀ ਯਾਦ ਧੰਨ ਹੈ ਤੁਹਾਡਾ ਨਾਂ ਧੰਨ ਹੈ।*
*ਸੋਹਣਾ ਮੁਖੜਾ ਦੁੱਖੜੇ ਹਰਨ ਵਾਲਾ*
*ਅੱਠਵਾਂ ਪਾਤਸ਼ਾਹ ਸਾਹਿਬ ਕਿਰਾਂ ਧੰਨ ਹੈ*
*ਪਰਉਪਕਾਰ ਲਈ ਆਪਾ ਕੁਰਬਾਨ ਕੀਤਾ*
*ਤੁਹਾਡਾ ਚਾਨਣਾ ਤੁਹਾਡੀ ਸ਼ਮ੍ਹਾਂ ਧੰਨ ਹੈ।*

**ਪਾਤਸ਼ਾਹੀ ਨੌਵੀਂ**

*ਹਾਹਾਕਾਰ ਸੁਣ ਦੁਖੀ ਇਨਸਾਨੀਅਤ ਦੀ*
*ਨੌਵੇਂ ਪਾਤਸ਼ਾਹ ਦਰਦ ਵੰਡਾਉਣ ਆਏ।*
*ਆਪਣੀ ਅਮਰ ਸ਼ਹਾਦਤ ਦਾ ਤੇਲ ਪਾ ਕੇ*
*ਬੁੱਝੇ ਦੀਵਿਆਂ ਤਾਈਂ ਜਗਾਉਣ ਆਏ।*
*ਦੂਰ ਕਰਨ ਲਈ ਜ਼ੁਲਮੀ ਹਨੇਰਿਆਂ ਨੂੰ*
*ਸੱਚੇ ਪਾਤਸ਼ਾਹ ਰੂਹਾਂ ਰੁਸ਼ਨਾਉਣ ਆਏ।*
*ਆਪਣੇ ਤਰਸ ਤੇ ਕਰੁਣਾਂ ਦੇ ਮਾਰ ਛਿੱਟੇ*
*ਮਾਰੂਥਲਾਂ ਵਿਚ ਫੁੱਲ ਖਿੜਾਉਣ ਆਏ।*
*ਬੇਸ਼ਕੀਮਤੀ ਜਿੰਦ ਕੁਰਬਾਨ ਕਰ ਕੇ*
*ਸਾਡੇ ਸਾਹਾਂ ਵਿਚ ਜ਼ਿੰਦਗੀ ਪਾਉਣ ਆਏ।*
*ਤੁਹਾਡੇ ਕਰਮ ਦਾ ਮੁੱਲ ਨਾ ਤਾਰ ਸਕਦੇ*
*ਸਾਡੇ ਰਾਹਾਂ ਵਿਚ ਫੁੱਲ ਖਿੜਾਉਣ ਆਏ।*

**ਪਾਤਸ਼ਾਹੀ ਦਸਵੀਂ**

*ਜਿਹੋ ਜਿਹਾ ਤੂੰ ਸਾਨੂੰ ਪਿਆਰ ਕੀਤਾ*
*ਕਿੱਥੋਂ ਲੱਭਣੀਆਂ ਇਹ ਦਿਲਦਾਰੀਆਂ ਨੇ।*
*ਆਪਣੇ ਲਾਲਾਂ ਤੋਂ ਵੱਧ ਅਜ਼ੀਜ਼ ਕੀਤਾ*
*ਸਾਡੇ ਲਈ ਤਕਲੀਫਾਂ ਸਹਾਰੀਆਂ ਨੇ।*
*ਬਣ ਕੇ ਤਾਣ ਤੇ ਮਾਣ ਮਜ਼ਲੂਮ ਦਾ ਤੂੰ*
*ਭਰੀਆਂ ਬੇਬਸਾਂ ਵਿਚ ਤੂੰ ਖ਼ੁਦਦਾਰੀਆਂ ਨੇ।*
*ਸੜਦੀ ਜ਼ੁਲਮ ਦੀ ਭੱਠੀ ਬੁਝਾਉਣ ਖ਼ਾਤਰ*
*ਲੱਖਾਂ ਝੱਲੀਆਂ ਪੀੜਾਂ ਦੁਸ਼ਵਾਰੀਆਂ ਨੇ।*
*ਤੇਰੇ ਕੌਤਕਾਂ ਦੀ ਕੀ ਕੋਈ ਬਾਤ ਪਾਵੇ*
*ਤੇਰੀਆਂ ਰਹਿਮਤਾਂ ਬਰਕਤਾਂ ਭਾਰੀਆਂ ਨੇ।*
*ਚੜ੍ਹਦੀ ਕਲਾ ਤੇ ਉੱਚੀ ਪਰਵਾਜ਼ ਦੇ ਕੇ*
*ਸਾਨੂੰ ਬਖ਼ਸ਼ੀਆਂ ਅਰਸ਼ੀਆਂ ਤਾਰੀਆਂ ਨੇ।*
*ਚਿੜੀਆਂ ਬਾਜਾਂ ਤੇ ਕੀਤੀਆਂ ਭਾਰੀਆਂ ਨੇ।*
*ਮੁਰਦਾ ਦਿਲਾਂ ਨੂੰ ਜ਼ਿੰਦਗੀ ਦੇਣ ਵਾਲੇ*
*ਤੇਰੀਆਂ ਸਾਰੀਆਂ ਗੱਲਾਂ ਨਿਆਰੀਆਂ ਨੇ।*

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

*ਮਹਾਂਗਿਆਨ ਦੇ ਆਪ ਜੀ ਮਹਾਂਸਾਗਰ*
*ਮਹਾਂਕਾਵਿ ਤੇ ਮਹਾਂਸੰਗੀਤ ਵੀ ਹੋ।*
*ਮਹਾਂਰਾਗ ਤੇ ਮਹਾਂਅਨੁਰਾਗ ਵੀ ਹੋ*
*ਰੱਬੀ ਉਸਤਤੀ ਦਾ ਲੰਮਾ ਗੀਤ ਵੀ ਹੋ।*
*ਦਸੇ ਗੁਰੂ ਸਾਹਿਬਾਨ ਦੀ ਆਤਮਾ ਹੋ*
*ਨਿਰਮਲ ਬਾਣੀ ਦੇ ਚਸ਼ਮੇ ਸੀਤ ਵੀ ਹੋ।*
*ਆਪ ਸਾਰਿਆਂ ਦੇ ਸਾਂਝੇ ਰਹਿਨੁਮਾ ਹੋ*
*ਆਪ ਸਾਰੇ ਸੰਸਾਰ ਦੇ ਮੀਤ ਵੀ ਹੋ।*
*ਸਾਰੇ ਜਗਤ ਵਿਚ ਆਪ ਪ੍ਰਕਾਸ਼ ਹੋਏ*
*ਆਪ ਨੂਰ ਹੀ ਨੂਰ ਮਹਾਂਪ੍ਰੀਤ ਵੀ ਹੋ।*
*ਨਾਮ ਬਾਣੀ ਦਾ ਆਪ ਜਹਾਜ਼ ਦਾਤਾ*
*ਸੱਚੇ ਸ਼ਹਿਨਸ਼ਾਹ ਹੋ ਨਿਰਮਲ ਰੀਤ ਵੀ ਹੋ।*

**ਅਕਾਲ ਪੁਰਖ ਜੀਓ**

*ਓਅੰਕਾਰ ਅਪਾਰ ਕਰਤਾਰ ਮੇਰਾ*
*ਦਿਲਾਂ ਸਾਰਿਆਂ ਦੇ ਅੰਦਰ ਵੱਸਦਾ ਏ।*
*ਕਿਧਰੇ ਪੰਛੀਆਂ ਅੰਦਰ ਪਰਵਾਜ਼ ਭਰਦਾ*
*ਕਿਧਰੇ ਫੁੱਲ ਕਲੀਆਂ ਅੰਦਰ ਹੱਸਦਾ ਏ।*
*ਸਾਰੇ ਦੇਸ਼ ਤੇ ਧਰਤੀਆਂ ਉਹਦੀਆਂ ਨੇ*
*ਜ਼ੱਰੇ ਜ਼ੱਰੇ ਅੰਦਰ ਓਹੀ ਵੱਸਦਾ ਏ।*
*ਉਹਦਾ ਭੇਤ ਨਾ ਕੋਈ ਵੀ ਜਾਣ ਸਕਿਆ*
*ਪਰ ਉਹ ਚੋਣਵੇਂ ਮੁਖਾਂ 'ਚੋਂ ਦਿੱਸਦਾ ਏ।*
*ਉਹਦੇ ਅਗਮ ਅਥਾਹ ਰਹੱਸ ਡੂੰਘੇ*
*ਸਾਡੀਆਂ ਧੜਕਣਾਂ ਵਿਚ ਉਹ ਵੱਸਦਾ ਏ।*
*ਉਹਦੀ ਉਸਤਤੀ ਹੀ ਸਾਡੀ ਜ਼ਿੰਦਗੀ ਏ*
*ਸਾਨੂੰ ਚਾਅ ਬੱਸ ਉਹਦੇ ਹੀ ਜਸ ਦਾ ਏ।*

**ਗੁਰਦੁਆਰਾ ਗੁਰੂ ਕਾ ਬਾਗ ਵਿਖੇ ਅੰਮ੍ਰਿਤ-ਸੰਚਾਰ**

ਭਾਈ ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰੂ ਕਾ ਬਾਗ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੭ ਅਗਸਤ, ੨੦੨੩ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ ੩੪ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।

**ਖ਼ਬਰਨਾਮਾ**

## ਸਿੱਖ ਕਤਲੇਆਮ ਨਾਲ ਸੰਬੰਧਿਤ ਇਕ ਮਾਮਲੇ ’ਚ ਸੱਜਣ ਕੁਮਾਰ ਤੇ ਹੋਰਾਂ ਨੂੰ ਬਰੀ ਕਰਨਾ ਦੁਖਦਾਈ

## -ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੦ ਸਤੰਬਰ- ੧੯੮੪ ਦੇ ਦਿੱਲੀ ਸਿੱਖ ਕਤਲੇਆਮ ਦੌਰਾਨ ਸੁਲਤਾਨਪੁਰੀ ਇਲਾਕੇ ਦੀ ਘਟਨਾ ਨਾਲ ਸੰਬੰਧਿਤ ਮਾਮਲੇ ਵਿਚ ਸੱਜਣ ਕੁਮਾਰ ਸਮੇਤ ਹੋਰ ਦੋਸ਼ੀਆਂ ਨੂੰ ਬਰੀ ਕਰਨ ਨਾਲ ੩੯ ਸਾਲਾਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਪੀੜਤਾਂ ਨੂੰ ਗਹਿਰੀ ਮਾਨਸਿਕ ਸੱਟ ਵੱਜੀ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਨਾਲ ਦੋਸ਼ੀ ਰਿਹਾਅ ਹੋ ਰਹੇ ਹਨ। ਉਨ੍ਹਾਂ ਆਖਿਆ ਕਿ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਸਿੱਖ ਵਿਰੋਧੀ ਕਰੂਰ ਕਾਰੇ ਦੇ ਸੱਚ ਨੂੰ ਅਦਾਲਤਾਂ ਸਾਹਮਣੇ ਪੇਸ਼ ਕਰਨ। ਪਰ ਸਰਕਾਰਾਂ ਸਹੀ ਤਰੀਕੇ ਨਾਲ ਪੱਖ ਰੱਖਣ ਵਿਚ ਨਾਕਾਮ ਸਾਬਤ ਹੋ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੱਜਣ ਕੁਮਾਰ ਦਿੱਲੀ ਸਿੱਖ ਕਤਲੇਆਮ ਦੇ ਕਈ ਮਾਮਲਿਆਂ ਵਿਚ ਦੋਸ਼ੀ ਹੈ ਅਤੇ ਮੌਜੂਦਾ ਸਮੇਂ ਵੀ ਜੇਲ੍ਹ ਅੰਦਰ ਸਜ਼ਾ ਕੱਟ ਰਿਹਾ ਹੈ। ਇਸ ਤੋਂ ਵੱਧ ਹੋਰ ਸਬੂਤ ਕੀ ਹੋ ਸਕਦਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਇਸ ਫੈਸਲੇ ਖਿਲਾਫ਼ ਉੱਚ ਅਦਾਲਤ ਵਿਚ ਹਰ ਤਰ੍ਹਾਂ ਦੀ ਕਾਨੂੰਨੀ ਵਾਸਤੇ ਪਿੱਛੇ ਨਹੀਂ ਹਟੇਗੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਠਤ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੀ ਹੋਈ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੨੫ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਠਤ ਕੀਤੇ ਗਏ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੀ ਇਕੱਤਰਤਾ ਡਿਜ਼ੀਟਲ ਮਾਧਿਅਮ ਰਾਹੀਂ ਹੋਈ, ਜਿਸ ਵਿਚ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਇਸ ਵਿਚ ਸ਼ਾਮਲ ਹੋਣ ਵਾਲਿਆਂ ਵਿਚ

ਭਾਈ ਮਹਿੰਦਰ ਸਿੰਘ, ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਯੂ.ਕੇ, ਬੀਬੀ ਇੰਦਰਜੀਤ ਕੌਰ ਸਿੱਖ ਧਰਮਾ ਇੰਟਰਨੈਸ਼ਨਲ ਅਮਰੀਕਾ, ਸ. ਗੁਰਮੀਤ ਸਿੰਘ ਰੰਧਾਵਾ ਯੂ.ਕੇ, ਡਾ. ਕਵਲਜੀਤ ਕੌਰ ਯੂ.ਕੇ. ਸ. ਰਾਜਬੀਰ ਸਿੰਘ ਕੈਨੇਡਾ, ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਭਾਈ ਗੁਰਬਖ਼ਸ਼ ਸਿੰਘ ਗੁਲਸ਼ਨ ਯੂ.ਕੇ. ਆਦਿ ਮੌਜੂਦ ਸਨ। ਇਕੱਤਰਤਾ ਦੌਰਾਨ ਸਿੱਖ ਧਰਮ ਦੇ ਵਿਸ਼ਵੀ ਸਰੋਕਾਰਾਂ ਨੂੰ ਉਭਾਰਿਆ ਗਿਆ ਅਤੇ ਵੱਖ-ਵੱਖ ਦੇਸ਼ਾਂ ਵਿਚ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਚਰਚਾ ਹੋਈ।

ਬੁਲਾਰਿਆਂ ਨੇ ਸਮੁੱਚੇ ਵਿਸ਼ਵ ਦੇ ਸਿੱਖਾਂ ਨੂੰ ਸੰਗਠਤ ਕਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਇਕੱਤਰਤਾ ਦੌਰਾਨ ਇਹ ਵਿਚਾਰ ਉਭਰਿਆ ਕਿ ਦੁਨੀਆ ਅੰਦਰ ਸਥਿਤ ਹਰ ਗੁਰਦੁਆਰਾ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਹੋਵੇ ਅਤੇ ਅੱਜ ਦੇ ਵਿਸ਼ਵੀ ਪ੍ਰਸੰਗ ਵਿਚ ਸਿੱਖਾਂ ਦੀਆਂ ਲੋੜਾਂ, ਸਮੱਸਿਆਵਾਂ ਅਤੇ ਕਾਰਜਾਂ ਲਈ ਇਕ ਏਜੰਡਾ ਤਿਆਰ ਕੀਤਾ ਜਾਵੇ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਇਤਿਹਾਸ ਨੂੰ ਛਾਪਣ ਅਤੇ ਅਤੀਤ ਵਿਚ ਲਏ ਗਏ ਫੈਸਲਿਆਂ, ਮਤਿਆਂ ਅਤੇ ਅਹਿਮ ਕੌਮੀ ਕੇਸਾਂ ਦੀ ਕਾਰਵਾਈ ਅਤੇ ਪੈਰਵਾਈ ਨੂੰ ਸੰਗਤ ਵਿਚ ਪ੍ਰਚਾਰਨ ਲਈ ਯਤਨ ਕਰਨ ਦੀ ਵੀ ਗੱਲ ਆਖੀ ਗਈ। ਇਸ ਦੇ ਨਾਲ ਹੀ ਸਿੱਖ ਰਹਿਤ ਮਰਯਾਦਾ ਨੂੰ ਹਰ ਗੁਰੂ-ਘਰ ਤਕ ਪ੍ਰਚਾਰਨ ਅਤੇ ਵਿਸ਼ਵ ਪੱਧਰ 'ਤੇ ਸਿੱਖ ਪਛਾਣ ਦੇ ਮਾਮਲੇ ਨੂੰ ਉਠਾਇਆ ਗਿਆ।

ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਰੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੁੱਲਵਾਨ ਸੁਝਾਅ ਲਾਗੂ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਆਏ ਸੁਝਾਵਾਂ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਅਤੇ ਮਤਿਆਂ ਨੂੰ ਛਾਪਣ ਦਾ ਕਾਰਜ ਪਹਿਲਾਂ ਤੋਂ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਸਿੱਖਾਂ ਦੇ ਵਿਸ਼ਵੀ ਮਾਮਲਿਆਂ ਨੂੰ ਲੈ ਕੇ ਗਠਤ ਕੀਤਾ ਗਿਆ ਹੈ, ਜਿਸ ਦੀਆਂ ਭਵਿੱਖ ਵਿਚ ਇਕੱਤਰਤਾਵਾਂ ਲਗਾਤਾਰ ਜਾਰੀ ਰੱਖੀਆਂ ਜਾਣਗੀਆਂ ਅਤੇ ਮਿਲੇ ਸੁਝਾਵਾਂ 'ਤੇ ਗੌਰ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਅਕਾਲੀ ਆਗੂ ਸ. ਗੁਲਜਾਰ ਸਿੰਘ ਰਣੀਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਹਰਜਾਪ ਸਿੰਘ ਸੁਲਤਾਨਵਿੰਡ, ਓਐਸਡੀ ਸ. ਸਤਬੀਰ ਸਿੰਘ ਧਾਮੀ, ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੇ ਕੋਆਰਡੀਨੇਟਰ ਸ. ਜਸਵਿੰਦਰ ਸਿੰਘ ਜੱਸੀ, ਮੀਤ ਸਕੱਤਰ ਸ. ਸ਼ਾਹਬਾਜ਼ ਸਿੰਘ ਆਦਿ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੰਘ ਸਭਾ ਲਹਿਰ ਦੇ ੧੫੦ ਸਾਲਾ ਸਥਾਪਨਾ ਦਿਹਾੜੇ ਮੌਕੇ

# ਵਿਸ਼ਾਲ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੧ ਅਕਤੂਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ੧੫੦ ਸਾਲਾ ਸਥਾਪਨਾ ਦਿਹਾੜਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਕ ਵਿਸ਼ਾਲ ਗੁਰਮਤਿ ਸਮਾਗਮ ਕਰ ਕੇ ਮਨਾਇਆ ਗਿਆ। ਇਸ ਸ਼ਤਾਬਦੀ ਸਮਾਗਮ ਮੌਕੇ ਵੱਡੀ ਗਿਣਤੀ 'ਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਯੋਗਦਾਨ ਦੀ ਰੌਸ਼ਨੀ 'ਚ ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਇਕਜੁਟਤਾ ਨਾਲ ਮੁਕਾਬਲਾ ਕਰਨ ਲਈ ਕਿਹਾ। ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਇਕ ਪ੍ਰਚੰਡ ਧਰਮ ਪ੍ਰਚਾਰ ਲਹਿਰ ਨੂੰ ਅੱਗੇ ਵਧਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ੧੫੦ ਸਾਲ ਪਹਿਲਾਂ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਤਤਕਾਲੀ ਚੁਣੌਤੀਆਂ ਵਿਰੁੱਧ ਸਿੱਖ ਕੌਮ ਅੰਦਰ ਚੇਤੰਨ ਦਸਤਕ ਦਿੱਤੀ ਸੀ, ਜਿਸ ਦਾ ਪ੍ਰਭਾਵ ਹਰ ਸਿੱਖ ਨੇ ਕਬੂਲਿਆ ਸੀ। ਉਨ੍ਹਾਂ ਆਖਿਆ ਕਿ ਅੱਜ ਵੀ ਕਈ ਚੁਣੌਤੀਆਂ ਕੌਮ ਦੇ ਸਾਹਮਣੇ ਹਨ, ਜਿਨ੍ਹਾਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨਾ ਪਵੇਗਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਤਤਕਾਲੀ ਹਾਲਾਤ ਵਾਂਗ ਮੌਜੂਦਾ ਸਮੇਂ ਵੀ ਈਸਾਈਅਤ ਦਾ ਭਰਮਜਾਲ ਧਰਮ ਪ੍ਰਚਾਰ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਹੈ। ਈਸਾਈ ਧਰਮ ਦੇ ਪ੍ਰਚਾਰ ਕੇਂਦਰ ਖੋਲ੍ਹਣ ਵਾਸਤੇ ਵੱਧ ਪੈਸੇ ਦਾ ਲਾਲਚ ਦੇ ਕੇ ਜ਼ਮੀਨਾਂ ਲੈਣ ਦੀਆਂ ਕਈ ਸ਼ਿਕਾਇਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰਾਂ ਨੂੰ ਸੁਚੇਤ ਹੋ ਕੇ ਇਸ ਵਰਤਾਰੇ 'ਤੇ ਰੋਕ ਲਗਾਉਣੀ ਪਵੇਗੀ, ਤਾਂ ਜੋ ਸਿੱਖ ਸੱਭਿਆਚਾਰ ਵਿਰੁੱਧ ਗਤੀਵਿਧੀਆਂ ਅੱਗੇ ਨਾ ਵਧਣ। ਅਜਿਹੇ ਹਾਲਾਤ ਦਾ ਮੁਕਾਬਲਾ ਕਰਨ ਲਈ ਸਿੱਖ ਸੰਸਥਾਵਾਂ ਦੇ ਨਾਲ-ਨਾਲ ਹਰ ਸਿੱਖ ਨੂੰ ਪ੍ਰਚਾਰਕ ਬਣ ਕੇ ਵਿਚਰਨਾ ਪਵੇਗਾ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਸਿੱਖ ਧਰਮ ਅਤੇ ਸਿੱਖ

ਸਿਧਾਂਤਾਂ ਦੀ ਪਹਿਰੇਦਾਰੀ ਕੀਤੀ ਅਤੇ ਸਿੱਖਾਂ ਨੂੰ ਆਪਣੇ ਕੌਮੀ ਫ਼ਰਜ਼ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਇਹ ਵਰਕੇ ਕੌਮ ਲਈ ਪ੍ਰੇਰਨਾ ਸਰੋਤ ਹਨ। ਧਰਮ ਦੇ ਵਿਸ਼ਵਾਸਾਂ ਪ੍ਰਤੀ ਦ੍ਰਿੜ੍ਹਤਾ ਹੀ ਕੌਮੀ ਚੁਣੌਤੀਆਂ ਵਿੱਚੋਂ ਬਾਹਰ ਕੱਢ ਸਕਦੀ ਹੈ। ਇਸ ਦੀ ਉਦਾਹਰਨ ਸਿੰਘ ਸਭਾ ਲਹਿਰ ਦਾ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਸਿੱਖੀ ਨੂੰ ਚੁਣੌਤੀਆਂ ਹਰ ਸਮੇਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖੀ ਦੇ ਮਨੁੱਖਤਾਵਾਦੀ ਸਿਧਾਂਤ ਹਾਕਮ ਸਰਕਾਰਾਂ ਨੂੰ ਰੜਕਦੇ ਰਹੇ ਹਨ। ਇਸੇ ਕਰਕੇ ਹੀ ਸਮੇਂ-ਸਮੇਂ ਕੌਮ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਤਿਹਾਸ ਸਾਨੂੰ ਇਹ ਪ੍ਰੇਰਨਾ ਦਿੰਦਾ ਹੈ ਕਿ ਚੁਣੌਤੀਆਂ ਦੇ ਹੱਲ ਇਕਜੁਟਤਾ ਨਾਲ ਹੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵੀ ਪੰਥ-ਵਿਰੋਧੀ ਸ਼ਕਤੀਆਂ ਸਿੱਖੀ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੇ ਮੁਕਾਬਲੇ ਲਈ ਚੇਤੰਨ ਅਤੇ ਬੌਧਿਕ ਤੌਰ 'ਤੇ ਤਿਆਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਨੌਜੁਆਨੀ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸੰਯੁਕਤ ਹੰਭਲੇ ਦੀ ਲੋੜ ਹੈ, ਤਾਂ ਜੋ ਕੌਮ ਦੇ ਬੇਹਤਰ ਭਵਿੱਖ ਲਈ ਸਿੱਖੀ ਨੂੰ ਪ੍ਰਣਾਈ ਹੋਈ ਪਨੀਰੀ ਪੈਦਾ ਹੋ ਸਕੇ। ਇਸ ਖੇਤਰ ਵਿਚ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਉਪਰਾਲੇ ਕਰ ਰਹੀ ਹੈ ਅਤੇ ਇਸ ਦੇ ਸਹਿਯੋਗ ਵਿਚ ਸਿੱਖ ਸੰਗਤ ਨੂੰ ਆਪਣੀ ਵੱਡੀ ਭੂਮਿਕਾ ਵਿਚ ਆਉਣਾ ਚਾਹੀਦਾ ਹੈ।

ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਕੌਮ ਦਾ ਇਤਿਹਾਸ ਭਵਿੱਖ ਦੀਆਂ ਤਰਜੀਹਾਂ ਨਿਰਧਾਰਤ ਕਰਨ ਲਈ ਸ਼ਕਤੀ ਸੋਮੇ ਦਾ ਕੰਮ ਕਰਦਾ ਹੈ। ਸਿੰਘ ਸਭਾ ਲਹਿਰ ਨੇ ਕੌਮ ਨੂੰ ਇਕ ਮਾਰਗ-ਦਰਸ਼ਨ ਦਿੱਤਾ ਹੈ, ਜਿਸ ਦੀ ਰੋਸ਼ਨੀ ਵਿਚ ਪੰਥਕ ਸੰਸਥਾਵਾਂ ਦੇ ਕਾਰਜਾਂ ਨੂੰ ਸਮਰਥਨ ਬੇਹੱਦ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਕੌਮ ਵਿਰੋਧੀ ਲੋਕ ਸਿੱਖ ਸੰਸਥਾਵਾਂ ਨੂੰ ਖੇਰੂੰ-ਖੇਰੂੰ ਕਰਨ ਲਈ ਪੱਬਾਂ ਭਾਰ ਹੋ ਰਹੇ ਹਨ, ਜਿਸ ਪ੍ਰਤੀ ਕੌਮ ਨੂੰ ਸੁਚੇਤ ਰਹਿਣਾ ਪਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਆਗੂ ਪ੍ਰੋ. ਸ਼ਾਮ ਸਿੰਘ ਚੰਡੀਗੜ੍ਹ ਨੇ ਵੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਪਹਿਰੇਦਾਰੀ ਲਈ ਪ੍ਰੇਰਣਾ ਕੀਤੀ।

ਸਮਾਗਮ ਮੌਕੇ ਧਾਰਮਿਕ ਪ੍ਰੀਖਿਆ ਵਿੱਚੋਂ ਅਵਲ ਰਹਿਣ ਵਾਲੇ ੧੫੫੨ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੩੨ ਲੱਖ ਰੁਪਏ ਦੀ ਰਾਸ਼ੀ ਵੀ ਵੰਡੀ ਗਈ। ਇਸ ਦੌਰਾਨ ਲੰਗਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਸੰਪ੍ਰਦਾ ਵੱਲੋਂ ਕੀਤੀ ਗਈ। ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਤਿਹਾਸ ਨੂੰ ਤਸਵੀਰਾਂ ਰਾਹੀਂ ਪੇਸ਼ ਕਰਦੀ ਚਿੱਤਰਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਰਹੀ।

ਇਸ ਮੌਕੇ ਸ਼੍ਰੋਮਣੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਬਾਬਾ ਭਗਤ ਸਿੰਘ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਸ. ਗੁਰਨਾਮ ਸਿੰਘ ਜੱਸਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਗੁਰਮੀਤ ਸਿੰਘ ਬੂਹ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਕੇਵਲ ਸਿੰਘ ਬਾਦਲ, ਸ. ਸਤਵਿੰਦਰ ਸਿੰਘ ਟੌਹੜਾ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਅਮਰੀਕ ਸਿੰਘ ਵਿਛੋਆ, ਸ. ਬਲਦੇਵ ਸਿੰਘ ਕਲਿਆਣ, ਜਥੇਦਾਰ ਗੁਰਲਾਲ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਰਜੀਤ ਸਿੰਘ ਰਾਏਪੁਰ, ਬੀਬੀ ਜੋਗਿੰਦਰ ਕੌਰ ਬਠਿੰਡਾ, ਬੀਬੀ ਜਸਬੀਰ ਕੌਰ ਜਫ਼ਰਵਾਲ, ਸ. ਸੁਖਮੀਤ ਸਿੰਘ ਕਾਦੀਆਂ, ਬੀਬੀ ਜੋਗਿੰਦਰ ਕੌਰ ਧਰਮਕੋਟ, ਸ. ਹਰਦਲਬੀਰ ਸਿੰਘ ਸ਼ਾਹ, ਸ. ਸੁਰਿੰਦਰ ਸਿੰਘ ਕਿਸ਼ਨਪੁਰਾ, ਸ. ਗੁਰਮਿੰਦਰ ਸਿੰਘ ਚਾਵਲਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਬਾਬਾ ਅਮਨਦੀਪ ਸਿੰਘ ਸੱਤੋਵਾਲੀ ਗਲੀ, ਬਾਬਾ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਬਾਬਾ ਹਰਦੇਵ ਸਿੰਘ ਝਾੜ ਸਾਹਿਬ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਪ੍ਰਗਟ ਸਿੰਘ ਮਜੀਠਾ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਨਰਿੰਦਰ ਸਿੰਘ ਦਿੱਲੀ ਵਾਲੇ, ਬਾਬਾ ਨਰਿੰਦਰ ਸਿੰਘ ਵੱਲਾ, ਬਾਬਾ ਜੋਗਾ ਸਿੰਘ ਤਰਨਾ ਦਲ ਵੱਲੋਂ ਬਾਬਾ ਗੁਰਵਿੰਦਰ ਸਿੰਘ, ਬਾਬਾ ਸੂਰਤਾ ਸਿੰਘ ਨਿਰਮਲੇ, ਬਾਬਾ ਸੁਖਵਿੰਦਰ ਸਿੰਘ ਸੁਲਤਾਨਵਿੰਡ, ਸਿੰਘ ਸਭਾਵਾਂ ਵੱਲੋਂ ਸ. ਹੰਸਪਾਲ ਸਿੰਘ ਹੰਸ ਬਟਾਲਾ, ਸ. ਸੁਖਦੇਵ ਸਿੰਘ ਸੰਧਾਵਾਲੀਆ, ਬੀਬੀ ਹਰਪ੍ਰੀਤ ਕੌਰ, ਬੀਬੀ ਸੁਰਿੰਦਰ ਕੌਰ, ਪ੍ਰਿੰਸੀਪਲ ਨਸੀਬ ਸਿੰਘ, ਪ੍ਰਿੰ: ਸਵਰਣ ਸਿੰਘ ਤੁਗਲਵਾਲਾ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਿਜੈ ਸਿੰਘ, ਸ. ਗੁਰਮੀਤ ਸਿੰਘ ਬੁੱਟਰ, ਪ੍ਰੋ. ਸੁਖਦੇਵ ਸਿੰਘ, ਸ. ਸ਼ਾਹਬਾਜ਼ ਸਿੰਘ,

ਸ. ਮਨਜੀਤ ਸਿੰਘ ਤਲਵੰਡੀ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਸ. ਰਾਜਿੰਦਰ ਸਿੰਘ ਰੂਬੀ ਸਮੇਤ ਭਰਵੀਂ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਆਸਾਮ ਦੀ ਜੇਲ੍ਹ 'ਚ ਨਜ਼ਰਬੰਦ ਸਿੱਖਾਂ ਦੇ ਪਰਿਵਾਰਾਂ ਅਤੇ ਵਕੀਲਾਂ ਨੂੰ ਮੁਲਾਕਾਤ ਤੋਂ ਰੋਕਣਾ ਮੰਦਭਾਗਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੪ ਅਕਤੂਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖਾਂ ਦੇ ਪਰਿਵਾਰਕ ਮੈਂਬਰਾਂ ਅਤੇ ਵਕੀਲਾਂ ਨੂੰ ਮੁਲਾਕਾਤ ਦੀ ਇਜਾਜ਼ਤ ਨਾ ਦੇਣ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਡਿਬਰੂਗੜ੍ਹ ਜੇਲ੍ਹ 'ਚ ਕੈਦ ਸਿੱਖਾਂ ਦੇ ਪਰਿਵਾਰਾਂ ਨੂੰ ਮਿਲਣ ਤੋਂ ਰੋਕਣਾ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਮੁਲਾਕਾਤ ਲਈ ਲੋੜੀਂਦੀ ਆਗਿਆ ਨਾ ਦੇ ਕੇ ਠੀਕ ਨਹੀਂ ਕੀਤਾ ਜਾ ਰਿਹਾ। ਮਨੁੱਖੀ ਅਧਿਕਾਰਾਂ ਤਹਿਤ ਹਰ ਕੈਦੀ ਨਾਲ ਉਸ ਦੇ ਪਰਿਵਾਰਕ ਮੈਂਬਰਾਂ ਅਤੇ ਕੇਸ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਦੀ ਮੁਲਾਕਾਤ ਦਾ ਹੱਕ ਦਬਾਇਆ ਨਹੀਂ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸਿੱਖਾਂ ਨੂੰ ਇਨਸਾਫ ਲੈਣ ਲਈ ਭੁੱਖ ਹੜਤਾਲ ਕਰਨੀ ਪੈ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਸੰਜੀਦਗੀ ਨਾਲ ਗੌਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ 'ਤੇ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਤੁਰੰਤ ਹਦਾਇਤ ਜਾਰੀ ਕਰੇ ਅਤੇ ਆਸਾਮ ਦੀ ਜੇਲ੍ਹ 'ਚ ਨਜ਼ਰਬੰਦ ਸਿੱਖਾਂ ਦੇ ਪਰਿਵਾਰਾਂ ਅਤੇ ਵਕੀਲਾਂ ਨੂੰ ਲੋੜੀਂਦੀ ਇਜਾਜ਼ਤ ਦੇਵੇ। ਉਨ੍ਹਾਂ ਜੇਲ੍ਹ 'ਚ ਬੰਦ ਸਿੱਖਾਂ ਨੂੰ ਸਿਹਤ ਸਹੂਲਤਾਂ ਯਕੀਨੀ ਬਣਾਉਣ ਲਈ ਵੀ ਪੰਜਾਬ ਸਰਕਾਰ ਨੂੰ ਆਖਿਆ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਰਫੋਂ ਪਹਿਲਾਂ ਤੋਂ ਹੀ ਕਾਨੂੰਨੀ ਸਹਿਯੋਗ ਦੇ ਰਹੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੂੰ ਲੋੜੀਂਦੀ ਕਾਰਵਾਈ ਲਈ ਕਿਹਾ ਗਿਆ ਹੈ, ਜੋ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਮਿਲਣਗੇ। ■


ਗੁ: ਸ੍ਰੀ ਮੰਜੀ ਸਾਹਿਬ
ਦੀਵਾਨ ਹਾਲ

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

November 2023

Dharam Parchar Committee, Shiromani Gurdwara Parbandhak Committee, Sri Amritsar Sahib

## ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ




Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-11-2023